ਮਾਸਿਕ

# ਸੀਸ ਗੰਜ

## SIS GANJ

Volume 58 September 2021 Issue 9 Rs. 5



ਗੁਰਦੁਆਰਾ ਦਰਬਾਰ ਸਾਹਿਬ, ਸ੍ਰੀ ਕਰਤਾਰਪੁਰ (ਪਾਕਿਸਤਾਨ)

## ਇਸ ਮਹੀਨੇ ਦਾ ਵਿਚਾਰ

**ਅਸੁਨਿ ਪ੍ਰੇਮ ਉਮਾਹੜਾ ਕਿਉ ਮਿਲੀਐ ਹਰਿ ਜਾਇ ॥**
**ਮਨਿ ਤਨਿ ਪਿਆਸ ਦਰਸਨ ਘਣੀ ਕੋਈ ਆਣਿ ਮਿਲਾਵੈ ਮਾਇ ॥**
**ਸੰਤ ਸਹਾਈ ਪ੍ਰੇਮ ਕੇ ਹਉ ਤਿਨ ਕੈ ਲਾਗਾ ਪਾਇ ॥**
**ਵਿਣੁ ਪ੍ਰਭ ਕਿਉ ਸੁਖੁ ਪਾਈਐ ਦੂਜੀ ਨਾਹੀ ਜਾਇ ॥**
**ਜਿੰਨ੍ਹੀ ਚਾਖਿਆ ਪ੍ਰੇਮ ਰਸੁ ਸੇ ਤ੍ਰਿਪਤਿ ਰਹੇ ਆਘਾਇ ॥**
**ਆਪੁ ਤਿਆਗਿ ਬਿਨਤੀ ਕਰਹਿ ਲੇਹੁ ਪ੍ਰਭੂ ਲੜਿ ਲਾਇ ॥**
**ਜੋ ਹਰਿ ਕੰਤਿ ਮਿਲਾਈਆ ਸਿ ਵਿਛੁੜਿ ਕਤਹਿ ਨ ਜਾਇ ॥**
**ਪ੍ਰਭ ਵਿਣੁ ਦੂਜਾ ਕੋ ਨਹੀ ਨਾਨਕ ਹਰਿ ਸਰਣਾਇ ॥**
**ਅਸੂ ਸੁਖੀ ਵਸੰਦੀਆ ਜਿਨਾ ਮਇਆ ਹਰਿ ਰਾਇ ॥੮॥**

{ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਅੰਗ ੧੩੫}

### : ਪਦ ਅਰਥ :

**ਅਸੁਨਿ**—ਅੱਸੂ ਵਿਚ । **ਉਮਾਹੜਾ**—ਉਛਾਲਾ । **ਜਾਇ**—ਜਾ ਕੇ । **ਕਿਉਂ**—ਕਿਵੇਂ? ਕਿਸੇ ਨ ਕਿਸੇ ਤਰ੍ਹਾਂ । **ਮਨਿ**—ਮਨ ਵਿਚ । **ਤਨਿ**—ਸਰੀਰ ਵਿਚ । **ਘਣੀ**—ਬਹੁਤ । **ਆਣਿ**—ਲਿਆ ਕੇ । **ਮਾਇ**—ਹੇ ਮਾਂ! **ਹਉ**—ਮੈਂ! **ਤਿਨ ਕੈ ਪਾਇ**—ਉਹਨਾਂ ਦੀ ਚਰਨੀਂ । **ਜਾਇ**—ਥਾਂ । **ਰਸੁ**—ਸੁਆਦ, ਆਨੰਦ । **ਰਹੇ ਆਘਾਇ**—ਰੱਜ ਗਏ, ਤ੍ਰਿਸ਼ਨਾ ਪੋਹ ਨਹੀਂ ਸਕਦੀ । **ਆਪੁ**—ਆਪਾ-ਭਾਵ । **ਲੜਿ**—ਲੜ ਵਿਚ, ਪੱਲੇ । **ਕੰਤਿ**—ਕੰਤ ਨੇ । **ਕਤਹਿ**—ਕਿਸੇ ਹੋਰ ਥਾਂ । **ਮਇਆ**—ਮਿਹਰ ।

### : ਅਰਥ :

ਹੇ ਮਾਂ! (ਭਾਦਰੋਂ ਦੇ ਘੁੰਮੇ ਤੇ ਤ੍ਰਾਟਕੇ ਲੰਘਣ ਪਿੱਛੋਂ) ਅੱਸੂ (ਦੀ ਮਿੱਠੀ ਮਿੱਠੀ ਰੁੱਤ) ਵਿਚ (ਮੇਰੇ ਅੰਦਰ ਪ੍ਰਭੂ-ਪਤੀ ਦੇ) ਪਿਆਰ ਦਾ ਉਛਾਲਾ ਆ ਰਿਹਾ ਹੈ (ਮਨ ਤੜਫਦਾ ਹੈ ਕਿ) ਕਿਸੇ ਨਾ ਕਿਸੇ ਤਰ੍ਹਾਂ ਚੱਲ ਕੇ ਪ੍ਰਭੂ-ਪਤੀ ਨੂੰ ਮਿਲਾਂ । ਮੇਰੇ ਮਨ ਵਿਚ ਮੇਰੇ ਤਨ ਵਿਚ ਪ੍ਰਭੂ ਦੇ ਦਰਸਨ ਦੀ ਬੜੀ ਪਿਆਸ ਲੱਗੀ ਹੋਈ ਹੈ (ਚਿੱਤ ਲੋਚਦਾ ਹੈ ਕਿ) ਕੋਈ (ਉਸ ਪਤੀ ਨੂੰ) ਲਿਆ ਕੇ ਮੇਲ ਕਰਾ ਦੇਵੇ । (ਇਹ ਸੁਣ ਕੇ ਕਿ) ਸੰਤ ਜਨ ਪ੍ਰੇਮ ਵਧਾਣ ਵਿਚ ਸਹੈਤਾ ਕਰਿਆ ਕਰਦੇ ਹਨ, ਮੈਂ ਉਹਨਾਂ ਦੀ ਚਰਨੀਂ ਲੱਗੀ ਹਾਂ । (ਹੇ ਮਾਂ!) ਪ੍ਰਭੂ ਤੋਂ ਬਿਨਾ ਸੁਖ ਆਨੰਦ ਨਹੀਂ ਮਿਲ ਸਕਦਾ (ਕਿਉਂਕਿ ਸੁਖ-ਆਨੰਦ ਦੀ) ਹੋਰ ਕੋਈ ਥਾਂ ਹੀ ਨਹੀਂ ।

ਜਿਨ੍ਹਾਂ (ਵਡ-ਭਾਗੀਆਂ) ਨੇ ਪ੍ਰਭੂ-ਪਿਆਰ ਦਾ ਸੁਆਦ (ਇਕ ਵਾਰੀ) ਚੱਖ ਲਿਆ ਹੈ (ਉਹਨਾਂ ਨੂੰ ਮਾਇਆ ਦੇ ਸੁਆਦ ਭੁੱਲ ਜਾਂਦੇ ਹਨ, ਮਾਇਆ ਵੱਲੋਂ) ਉਹ ਰੱਜ ਜਾਂਦੇ ਹਨ, ਆਪਾ ਭਾਵ ਛੱਡ ਕੇ ਉਹ ਸਦਾ ਅਰਦਾਸਾਂ ਕਰਦੇ ਰਹਿੰਦੇ ਹਨ—ਹੇ ਪ੍ਰਭੂ! ਸਾਨੂੰ ਆਪਣੇ ਲੜ ਲਾਈ ਰੱਖ ।

ਜਿਸ ਜੀਵ-ਇਸਤ੍ਰੀ ਨੂੰ ਪ੍ਰਭੂ ਖਸਮ ਨੇ ਆਪਣੇ ਨਾਲ ਮਿਲਾ ਲਿਆ ਹੈ, ਉਹ (ਉਸ ਮਿਲਾਪ ਵਿਚੋਂ) ਵਿੱਛੜ ਕੇ ਹੋਰ ਕਿਸੇ ਥਾਂ ਨਹੀਂ ਜਾਂਦੀ, (ਕਿਉਂਕਿ) ਹੇ ਨਾਨਕ (ਉਸ ਨੂੰ ਨਿਸਚਾ ਆ ਜਾਂਦਾ ਹੈ ਕਿ ਸਦੀਵੀ ਸੁਖ ਵਾਸਤੇ) ਪ੍ਰਭੂ ਦੀ ਸਰਨ ਤੋਂ ਬਿਨਾ ਹੋਰ ਕੋਈ ਥਾਂ ਨਹੀਂ ਹੈ । ਉਹ ਸਦਾ ਪ੍ਰਭੂ ਦੀ ਸਰਨ ਪਈ ਰਹਿੰਦੀ ਹੈ ।


ਅੱਸੂ (ਦੀ ਮਿੱਠੀ ਮਿੱਠੀ ਰੁੱਤ) ਵਿਚ ਉਹ ਜੀਵ-ਇਸਤ੍ਰੀਆਂ ਸੁਖ ਵਿਚ ਵੱਸਦੀਆਂ ਹਨ, ਜਿਨ੍ਹਾਂ ਉੱਤੇ ਪਰਮਾਤਮਾ ਦੀ ਕਿਰਪਾ ਹੁੰਦੀ ਹੈ ।੮।

ਟੀਕਾਕਾਰ : ਭਾਈ ਸਾਹਿਬ ਸਿੰਘ ਜੀ

# ਸੀਸ ਗੰਜ

ਜਿਲਦ 58, ਨੰਬਰ 9

ਸਤੰਬਰ 2021 ਭਾਦੋਂ / ਅੱਸੂ 2078



**ਐਡੀਟੋਰੀਅਲ ਬੋਰਡ :**

**ਸ. ਮਨਜਿੰਦਰ ਸਿੰਘ ਸਿਰਸਾ**
**ਸ. ਹਰਮੀਤ ਸਿੰਘ ਕਾਲਕਾ**
**ਸ. ਹਰਵਿੰਦਰ ਸਿੰਘ ਕੇ.ਪੀ.**

**ਮੁੱਖ ਸੰਪਾਦਕ :**

**ਸ. ਮਨਜਿੰਦਰ ਸਿੰਘ ਸਿਰਸਾ**

**ਸੰਪਾਦਕ :**

**ਸ. ਪਰਮਜੀਤ ਸਿੰਘ ਰਾਣਾ**

**ਸਹਿ-ਸੰਪਾਦਕ :**

**ਸ. ਜਤਿੰਦਰਪਾਲ ਸਿੰਘ ਨਰੂਲਾ**
**ਡਾ. ਮਨਪ੍ਰੀਤ ਸਿੰਘ**

**ਪ੍ਰਿੰਟਰ ਤੇ ਪਬਲੀਸ਼ਰ**

**ਸ. ਧਰਮਿੰਦਰ ਸਿੰਘ ਜਨਰਲ ਮੈਨੇਜਰ**

'ਸੀਸ ਗੰਜ' ਮਾਸਕ ਵਿੱਚ ਪ੍ਰਕਾਸ਼ਤ ਲੇਖਾਂ ਵਿੱਚ ਪ੍ਰਗਟ ਕੀਤੇ ਗਏ ਵਿਚਾਰਾਂ ਅਤੇ ਖੋਜਾਂ ਨਾਲ ਸੰਪਾਦਕ ਅਤੇ ਐਡੀਟੋਰੀਅਲ ਬੋਰਡ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ। ਇਹ ਵਿਚਾਰ ਉਨ੍ਹਾਂ ਦੇ ਨਿੱਜੀ ਹਨ।
ਸਭ ਵਾਦ-ਵਿਵਾਦ ਦਿੱਲੀ ਕੋਰਟ ਵਿੱਚ ਹੀ ਨਿਪਟਾਏ ਜਾਣਗੇ।



Printer and Publisher Dharminder Singh – General Manager for Delhi Sikh Gurdwara Management Committee composed and printed at Gurupdesh Printers, Guru Granth Sahib Bhawan, Gurdwara Rakab Ganj Sahib and published from office, Guru Gobind Singh Bhawan, Gurdwara Rakab Ganj Sahib, New Delhi – 110001.



Email : dsgmcdelhi@gmail.com
Website : www.dsgmc.in
Phone : 23712580-81-82
23737328-29
Extn. : 104



Total Pages : 1 to 64 (With Cover)


## ਸੀਸ ਗੰਜ ਦੇ ਇਸ ਅੰਕ 'ਚ


4 ਸੰਪਾਦਕੀ — ਸ. ਮਨਜਿੰਦਰ ਸਿੰਘ ਸਿਰਸਾ

5 ਜੋਤਿ ਓਹਾ ਜੁਗਤਿ ਸਾਇ..... — ਡਾ. ਮਨਪ੍ਰੀਤ ਸਿੰਘ



6 ਗੁਰੂ ਨਾਨਕ ਬਾਣੀ ਮਨੁੱਖੀ ਗੌਰਵ..... — ਡਾ. ਕਿਰਨਦੀਪ ਕੌਰ



13 .....ਭਾਈ ਮਰਦਾਨਾ ਜੀ — ਡਾਕਟਰ ਰਜਿੰਦਰ ਸਿੰਘ ਜੌਲੀ



23 ਗੁਰੂ ਨਾਨਕ ਬਾਣੀ ਦੇ ਨੈਤਿਕ..... — ਡਾ. ਜਸਬੀਰ ਸਿੰਘ ਸਾਬਰ




30 ਗੁਰੂ ਨਾਨਕ ਬਾਣੀ..... — ਸ. ਵਿਕਰਮਜੀਤ ਸਿੰਘ 'ਤਿਹਾੜਾ'



34 .....ਪੰਜਾਬ ਵਿੱਚ ਯਾਤਵਾਰਾਂ — ਕਰਨਲ ਡਾਕਟਰ ਦਲਵਿੰਦਰ ਸਿੰਘ ਗਰੇਵਾਲ



37 ਸ੍ਰੀ ਗੁਰੂ ਰਾਮਦਾਸ ਜੀ — ਸ੍ਰ. ਬਿਕਰਮਜੀਤ ਸਿੰਘ



41 ਬਾਣੀ ਗੁਰੂ ਗੁਰੂ ਹੈ ਬਾਣੀ — ਡਾਕਟਰ ਜਸਪਾਲ ਸਿੰਘ



49 ਗੁਰ ਅਰਜਨ ਵਿਟਹੁ ਕੁਰਬਾਣੀ॥ — ਡਾ. ਕੁਲਦੀਪ ਸਿੰਘ 'ਧੀਰ'

54 ਆਪੀਨੈ੍ ਆਪੁ ਸਾਜਿਓ..... — ਡਾ. ਕੁਲਵਿੰਦਰ ਸਿੰਘ

56 ਚਿੱਠਾ ਆਮਦਨ ਖਰਚ — ਅਕਾਊਂਟਸ ਵਿਭਾਗ

60 ਸਿੱਖ ਇਤਿਹਾਸ ਘਟਨਾਵਾਂ — ਧਰਮ ਪ੍ਰਚਾਰ ਕਮੇਟੀ



ਸੰਪਾਦਕੀ

# ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸਰਬ ਸਾਂਝੀਵਾਲਤਾ ਦੇ ਪ੍ਰਤੀਕ

ਸੰਸਾਰ ਭਰ ਵਿੱਚ ਜਿਤਨੇ ਵੀ ਧਰਮ ਪ੍ਰਚਲਤ ਹਨ, ਉਨ੍ਹਾਂ ਸਾਰਿਆਂ ਦੇ ਆਪੋ-ਆਪਣੇ ਗ੍ਰੰਥ ਹਨ, ਜੋ ਸਬੰਧਤ ਧਰਮ ਦੇ ਪੈਰੋਕਾਰਾਂ ਦਾ ਮਾਰਗ ਦਰਸ਼ਨ ਕਰਨ ਵਿੱਚ ਮੁਖ ਭੂਮਿਕਾ ਨਿਭਾਉਂਦੇ ਹਨ। ਇਨ੍ਹਾਂ ਸਾਰੇ ਧਰਮ ਗ੍ਰੰਥਾਂ ਵਿੱਚੋਂ ਕੋਈ ਇਕ ਵੀ ਅਜਿਹਾ ਧਰਮ ਗ੍ਰੰਥ ਨਹੀਂ, ਜੋ ਮਨੁੱਖਤਾ ਲਈ ਸਮੁੱਚੇ ਰੂਪ ਵਿੱਚ ਮਾਰਗ ਦਰਸ਼ਨ ਦੇ ਰੂਪ ਵਿੱਚ ਸਵੀਕਾਰ ਕੀਤਾ ਜਾ ਸਕਦਾ ਹੋਵੇ, ਜਾਂ ਉਨ੍ਹਾਂ ਰਾਹੀਂ ਕੀਤਾ ਗਿਆ ਮਾਰਗ ਦਰਸ਼ਨ ਕਿਸੇ ਦੂਸਰੇ ਧਰਮ ਦੇ ਪੈਰੋਕਾਰ ਸਵੀਕਾਰ ਕਰ ਸਕਣ ਜਾਂ ਅਪਨਾ ਸਕਣ। ਇਸ ਕਾਰਣ ਉਹ ਸਾਰੇ ਗ੍ਰੰਥ ਹੀ ਆਪੋ-ਆਪਣੇ ਧਰਮ ਦੇ ਪੈਰੋਕਾਰਾਂ ਤਕ ਹੀ ਸੀਮਤ ਹੋ ਕੇ ਰਹਿ ਗਏ ਹਨ। ਜਦਕਿ ਦਸਾਂ ਗੁਰੂ ਸਾਹਿਬਾਂ ਦੇ ਜੋਤਿ ਸਰੂਪ ਵਜੋਂ ਸਥਾਪਤ ਧਰਮ ਗ੍ਰੰਥ, ਸ੍ਰੀ ਗੁਰੂ ਗ੍ਰੰਥ ਸਾਹਿਬ ਇੱਕੋ ਇਕ ਅਜਿਹਾ ਧਰਮ ਗ੍ਰੰਥ ਹੈ ਜੋ ਸਮੁੱਚੀ ਮਨੁੱਖ ਜਾਤੀ ਵੱਲੋਂ ਸਵੀਕਾਰ ਕੀਤਾ ਅਤੇ ਉਸ ਰਾਹੀਂ ਕੀਤੇ ਗਏ ਹੋਏ ਮਾਰਗ ਦਰਸ਼ਨ ਨੂੰ ਅਪਨਾਇਆ ਜਾ ਸਕਦਾ ਹੈ।

ਇਸ ਦਾ ਕਾਰਣ ਇਹ ਹੈ ਕਿ ਇਸ (ਸ੍ਰੀ ਗੁਰੂ ਗ੍ਰੰਥ ਸਾਹਿਬ) ਵਿੱਚ ਦਰਜ ਬਾਣੀ ਸਰਬ-ਸਾਂਝੀਵਾਲਤਾ, ਸਦਭਾਵਨਾ, ਬਰਾਬਰਤਾ ਅਤੇ ਪਿਆਰ ਦਾ ਸੰਦੇਸ਼ ਦੇਣ ਵਾਲੀ ਸਰਬ-ਕਾਲੀ ਹੈ, ਜੋ ਸਮੁੱਚੀ ਮਨੁੱਖਤਾ ਨੂੰ ਇੱਕ ਚੰਗਾ ਜੀਵਨ ਜੀਣ ਦੀ ਸੇਧ ਦੇਣ ਦੇ ਸਮਰੱਥ ਹੈ। ਇਤਨਾ ਹੀ ਨਹੀਂ, ਇਸ ਸਰਬ ਸਾਂਝੇ ਧਰਮ ਗ੍ਰੰਥ ਵਿੱਚ ਸਿੱਖ ਗੁਰੂ ਸਾਹਿਬਾਨ ਦੇ ਨਾਲ ਹੀ ਵੱਖ-ਵੱਖ ਧਰਮਾਂ, ਫਿਰਕਿਆਂ ਅਤੇ ਜਾਤੀਆਂ ਨਾਲ ਸਬੰਧਤ ਭਗਤਾਂ, ਪੀਰਾਂ, ਫਕੀਰਾਂ ਅਤੇ ਗੁਰੂ ਘਰ ਦੇ ਸੇਵਕ ਭਟਾਂ ਆਦਿ ਦੀ ਬਾਣੀ ਦਰਜ ਕਰ ਸਾਰਿਆਂ ਨੂੰ ਬਿਨਾਂ ਕਿਸੇ ਭੇਦ-ਭਾਵ ਦੇ ਬਰਾਬਰ ਬਿਠਾਇਆ ਗਿਆ ਹੈ। ਜਦੋਂ ਕੋਈ ਸਿੱਖ, ਗੁਰੂ ਘਰ ਦਾ ਸ਼ਰਧਾਲੂ, ਗੁਰੂ ਨਾਨਕ ਨਾਮ ਲੇਵਾ ਜਾਂ ਕੋਈ ਹੋਰ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਾਹਮਣੇ ਸ਼ਰਧਾ, ਪਿਆਰ ਅਤੇ ਸਤਿਕਾਰ ਨਾਲ ਸਿਰ ਝੁਕਾਂਦਾ ਹੈ ਤਾਂ ਉਹ ਸਾਰਿਆਂ ਨੂੰ ਇੱਕੋ ਜਿਹਾ ਸਨਮਾਨ ਤੇ ਸਤਿਕਾਰ ਦਿੰਦਾ ਹੈ। ਉਸ ਦੇ ਦਿਲ ਵਿਚ ਕਿਸੇ ਪ੍ਰਤੀ ਕੋਈ ਵੈਰ-ਵਿਰੋਧ ਜਾਂ ਦੁਈ-ਦਵੈਤ ਦੀ ਭਾਵਨਾ ਨਹੀਂ ਹੁੰਦੀ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਬਾਣੀ ਰਾਹੀਂ ਸਮੁੱਚੀ ਮਨੁਖਤਾ ਨੂੰ ਸਾਂਝਾ ਸੰਦੇਸ਼ ਦਿੱਤਾ ਗਿਆ ਹੈ ਕਿ ਸੰਸਾਰ ਵਿੱਚ ਆਇਆ ਕੋਈ ਵੀ ਮਨੁੱਖ ਜਾਤੀ, ਫਿਰਕੇ ਜਾਂ ਧਰਮ ਕਾਰਣ ਉੱਚਾ-ਨੀਵਾਂ ਜਾਂ ਵੱਡਾ-ਛੋਟਾ ਨਹੀਂ। ਸਭ ਬਰਾਬਰ ਹਨ :

**ਅਵਲਿ ਅਲਹ ਨੂਰੁ ਉਪਾਇਆ ਕੁਦਰਤਿ ਕੇ ਸਭ ਬੰਦੇ ॥**
**ਏਕ ਨੂਰ ਤੇ ਸਭੁ ਜਗੁ ਉਪਜਿਆ ਕਉਨ ਭਲੇ ਕੋ ਮੰਦੇ ॥**

ਅਕਾਲ ਪੁਰਖ ਦੇ ਦਰਬਾਰ ਵਿਚ ਨਾ ਤਾਂ ਕੋਈ ਜਨਮ ਕਰਕੇ, ਨਾ ਜਾਤ ਵਿਸ਼ੇਸ਼ ਨਾਲ ਸਬੰਧਤ ਹੋਣ ਕਾਰਣ ਪਛਾਣਿਆਂ ਜਾਂਦਾ ਹੈ, ਉੱਥੇ ਤਾਂ ਕਰਮਾਂ ਦੇ ਅਧਾਰ ’ਤੇ ਹੀ ਪਛਾਣ ਹੁੰਦੀ ਹੈ :

**ਸਾ ਜਾਤਿ ਸਾ ਪਤਿ ਹੈ ਜੇਹੇ ਕਰਮ ਕਮਾਇ ॥**

ਹੋਰ :

**ਫਕੜ ਜਾਤੀ ਫਕੜੁ ਨਾਉ॥ ਸਭਨਾ ਜੀਆ ਇਕਾ ਛਾਉ ॥**

ਗੁਰਬਾਣੀ ਅਨੁਸਾਰ ਅਕਾਲ ਪੁਰਖ ਦੇ ਦਰ ’ਤੇ ਇਸ ਅਧਾਰ ਤੇ ਨਿਪਟਾਰਾ ਨਹੀਂ ਹੁੰਦਾ ਕਿ ਕੋਈ ਵਿਅਕਤੀ ਕਿਸੇ ਵਿਸ਼ੇਸ਼ ਜਾਤੀ, ਵਰਣ ਜਾਂ ਫਿਰਕੇ ਨਾਲ ਸਬੰਧਤ ਹੈ ਜਾਂ ਉਸਦਾ ਜਨਮ ਕਿਸੇ ਉੱਚ ਜਾਂ ਨੀਵੀਂ ਜਾਤੀ ਵਿੱਚ ਹੋਇਆ ਹੈ। ਉਸ ਦੇ ਦਰ ’ਤੇ ਹਰ ਫੈਸਲਾ ਅਮਲਾਂ ਦੇ ਅਧਾਰ ’ਤੇ ਹੀ ਹੁੰਦਾ ਹੈ। ਜੋ ਵਿਅਕਤੀ ਮਨੁੱਖਾ ਜੀਵਨ ਧਾਰ ਸੰਸਾਰ ਵਿਚ ਆਉਂਦੇ ਹਨ, ਪਰ ਪ੍ਰਭੂ ਭਗਤੀ ਤੋਂ ਵਾਂਝਿਆਂ ਰਹਿੰਦੇ ਹਨ, ਪ੍ਰਭੂ ਭਾਉਂਦੇ ਕੰਮ ਨਹੀਂ ਕਰਦੇ, ਉਹ ਪ੍ਰਭੂਦੀ ਦਰਗਾਹ ਵਿੱਚ ਪ੍ਰਵਾਨ ਨਹੀਂ ਹੁੰਦੇ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਪ੍ਰੇਰਨਾ ਕਰਦੀ ਹੈ ਕਿ ਸੰਸਾਰ ਵਿਚ ਆਏ ਮਨੁੱਖ ਨੂੰ ਚਾਹੀਦਾ ਹੈ ਕਿ ਉਹ ਸੰਸਾਰ ਨੂੰ ਸੁੰਦਰ ਬਣਾਉਣ ਪ੍ਰਤੀ ਆਪਣੀ ਜਿਮੇਂਦਾਰੀ ਨਿਭਾਏ ਅਤੇ ਇਸ ਨਿਸਚੇ ਨਾਲ ਸੰਸਾਰ ਵਿਚ ਵਿਚਰੇ ਕਿ ਸੰਸਾਰ ਵਿਚ ਆਇਆ ਕੋਈ ਵੀ ਜੀਵ ਨਾ ਤਾਂ ਉਸਦਾ ਦੁਸ਼ਮਣ ਹੈ ਅਤੇ ਨਾ ਹੀ ਬਿਗਾਨਾ, ਸਾਰੇ ਉਸ ਦੇ ਆਪਣੇ ਹੀ ਹਨ :

**ਨਾ ਕੋ ਬੈਰੀ ਨਹੀ ਬਿਗਾਨਾ ਸਗਲ ਸੰਗਿ ਹਮ ਕਉ ਬਨਿ ਆਈ ॥**

ਗੁਰਬਾਣੀ ਹੀ ਪ੍ਰੇਰਨਾ ਕਰਦੀ ਹੈ ਕਿ ਮਨੁੱਖ ਦਸਾਂ ਨਹੁੰਆਂ ਦੀ ਕਿਰਤ ਕਰੇ ਅਤੇ ਕੀਤੀ ਕਮਾਈ ਦੇ ਇੱਕ ਹਿੱਸੇ ਨੂੰ ਲੋੜਵੰਦਾਂ ਨਾਲ ਵੰਡ ਕੇ ਆਪਣੀਆਂ ਲੋੜਾਂ ਪੂਰੀਆਂ ਕਰੇ। ਕਿਰਤ ਕਰਨਾ, ਵੰਡ ਛਕਣਾ, ਨਾਮ ਜਪਣਾ, ਗਰੀਬ ਮਜ਼ਲੂਮ ਦੀ ਰੱਖਿਆ ਕਰਨ ਦੇ ਨਾਲ ਹੀ ਪੰਜ ਵੱਡੇ ਦੁਸ਼ਮਣਾਂ-ਕਾਮ, ਕ੍ਰੋਧ, ਲੋਭ, ਮੋਹ ਅਤੇ ਹੰਕਾਰ ਪੁਰ ਜਿੱਤ ਪ੍ਰਾਪਤ ਕਰ ਸੰਜਮ ਵਿਚ ਰਹਿਣ ਵਜੋਂ ਸਿੱਖੀ ਵਿਚ ਸਥਾਪਤ ਮੁਢਲੇ ਆਦਰਸ਼ ਸਮੁੱਚੀ ਮਨੁੱਖਤਾ ਲਈ ਸੁਚੱਜਾ ਜੀਵਨ ਜੀਣ ਲਈ ਮਾਰਗ ਦਰਸ਼ਨ ਕਰਨ ਵਿਚ ਸਹਾਇਕ ਹੋ ਸਕਦੇ ਹਨ। ਗੁਰਬਾਣੀ ਵਿੱਚ ਬਾਰ-ਬਾਰ ਇਸ ਗੱਲ ’ਤੇ ਜ਼ੋਰ ਦਿੱਤਾ ਗਿਆ ਹੈ ਕਿ ਕਾਮ, ਕ੍ਰੋਧ ਦੇ ਨਾਲ ਲੋਭ, ਮੋਹ ਅਤੇ ਹੰਕਾਰ ਦਾ ਜਦੋਂ ਮੇਲ ਹੋ ਜਾਂਦਾ ਹੈ ਤਾਂ ਵੈਰ-ਵਿਰੋਧ ਦੀ ਭਾਵਨਾ ਉਜਾਗਰ ਹੋ ਮਨੁੱਖਾ ਸਰੀਰ ਤੇ ਮਨ ਦੀ ਸ਼ਾਂਤੀ ਭੰਗ ਕਰ ਦਿੰਦੀ ਹੈ। ਇਹੀ ਕਾਰਣ ਹੈ ਕਿ ਗੁਰਬਾਣੀ ਇਨ੍ਹਾਂ ਨੂੰ ਮਨੁੱਖ ਦਾ ਸਭ ਤੋਂ ਵੱਡਾ ਦੁਸ਼ਮਣ ਕਰਾਰ ਦੇ ਇਨ੍ਹਾਂ ਤੋਂ ਬਚਣ ਦੀ ਤਾਕੀਦ ਕਰਦੀ ਹੈ।

**ਕਾਮੁ ਕ੍ਰੋਧੁ ਕਾਇਆ ਕਉ ਗਾਲੈ॥ ਜਿਉ ਕੰਚਨ ਸੋਹਾਗਾ ਢਾਲੈ ॥**

ਇਸ ਤਰ੍ਹਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਸਮੁੱਚੀ ਮਨੁੱਖਤਾ ਲਈ ਇੱਕ ਚੰਗਾ ਜੀਵਨ ਜੀਣ ਲਈ ਆਦਰਸ਼ ਮਾਰਗ ਦਰਸ਼ਨ ਦੀ ਭੂਮਿਕਾ ਨਿਭਾਉਂਦੀ ਹੈ। ਲੋੜ ਹੈ ਤਾਂ ਇਸ ਨੂੰ ਪੜ੍ਹਨ ਦੇ ਨਾਲ ਹੀ ਵਿਚਾਰਨ, ਸਮਝਣ ਅਤੇ ਜੀਵਨ ਵਿੱਚ ਅਪਨਾਉਣ ਦੀ।

ਮਨਜਿੰਦਰ ਸਿੰਘ ਸਿਰਸਾ
ਪ੍ਰਧਾਨ, ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ

# ਜੋਤਿ ਓਹਾ ਜੁਗਤਿ ਸਾਇ
# ਸਹਿ ਕਾਇਆ ਫੇਰਿ ਪਲਟੀਐ ॥



ਸ੍ਰੀ ਗੁਰੂ ਨਾਨਕ ਦੇਵ ਜੀ ਦੀ ਆਮਦ ਅਕਾਲ ਪੁਰਖ ਵਾਹਿਗੁਰੂ ਜੀ ਵੱਲੋਂ ਇਸ ਧਰਤੀ ਦੀ ਤਪਦੀ ਲੋਕਾਈ ਨੂੰ ਠਾਰਨ ਲਈ ਸੀ। ਜੋ ਆਪ 'ਪ੍ਰਤਖ ਹਰਿ' ਦੇ ਰੂਪ ਵਿੱਚ ਇਸ ਧਰਤੀ 'ਤੇ ਪ੍ਰਕਾਸ਼ਮਾਨ ਹੋਈ ਸੀ। ਜਿਸ ਰਾਹੀਂ ਇਸ ਧਰਤੀ ਉੱਤੇ ਪਸਰੇ ਧਾਰਮਿਕ, ਸਮਾਜਿਕ, ਰਾਜਨੈਤਿਕ ਅੰਧਕਾਰ ਨੂੰ ਦੂਰ ਕਰਕੇ ਇੱਕ ਸੰਪੂਰਨ ਮਨੁੱਖ ਦੀ ਸਿਰਜਨਾ ਕਰਨ ਦਾ ਹੁਕਮ ਅਕਾਲ ਪੁਰਖ ਵੱਲੋਂ ਸੀ।

ਸ੍ਰੀ ਗੁਰੂ ਨਾਨਕ ਦੇਵ ਜੀ ਸੱਚ-ਧਰਮ ਦਾ ਪ੍ਰਚਾਰ ਕਰਦੇ ਹੋਏ ਕਰਤਾਪੁਰ ਵਿਖੇ ਆਪਣੇ ਸਰੀਰ ਚੋਲੇ ਨੂੰ ਸੰਕੋਚਨ ਤੋਂ ਪਹਿਲਾ ਭਾਈ ਲਹਿਣੇ ਵਿੱਚ ਆਪਣੀ ਜੋਤਿ ਟਿਕਾ 1539 ਈਸਵੀ ਨੂੰ ਸੱਚਖੰਡ ਪਿਆਨਾ ਕਰ ਗਏ। ਸ੍ਰੀ ਗੁਰੂ ਨਾਨਕ ਸਾਹਿਬ ਜੀ ਨੇ ਇਹ ਵੀ ਫੁਰਮਾਇਆ ਕਿ ਮੇਰੇ ਵਿੱਚ ਅਤੇ ਗੁਰੂ ਅੰਗਦ ਜੀ ਵਿੱਚ ਕੋਈ ਅੰਤਰ ਨਾ ਸਮਝਣਾ।

**ਲਹਣੇ ਦੀ ਫੇਰਾਈਐ ਨਾਲਕਾ ਦੋਹੀ ਖਟੀਐ ॥**
**ਜੋਤਿ ਓਹਾ ਜੁਗਤਿ ਸਾਇ ਸਹਿ ਕਾਇਆ ਫੇਰਿ ਪਲਟੀਐ ॥**

ਸ੍ਰੀ ਗੁਰੂ ਨਾਨਕ ਸਾਹਿਬ ਜੀ ਦਾ ਆਪਣੇ ਵੱਲੋਂ ਇਹ ਕਾਰਜ ਕਰਨਾ 'ਪ੍ਰਤਖ ਹਰਿ' ਹੋਣ ਦਾ ਪ੍ਰਗਟਾਵਾ ਸੀ। ਜੋ ਇਹ ਸਪੱਸ਼ਟ ਕਰਦਾ ਹੈ ਕਿ ਮਨੁੱਖਾ ਦੇਹੀ ਤਾਂ ਆਣ-ਜਾਣ, ਜਨਮ-ਮਰਨ ਵਿੱਚ ਹੈ ਪਰ ਪਾਰਬ੍ਰਹਮ ਪ੍ਰਮੇਸ਼ਰ ਦੀ ਜੋਤਿ ਸਦਾ ਜਾਗਤ ਰਹਿਣ ਵਾਲੀ ਹੈ, ਜੋ ਦਸਾਂ ਸਰੀਰਕ ਜਾਮਿਆਂ ਤੋਂ ਹੁੰਦੇ ਹੋਏ ਜਾਗਤ ਜੋਤ ਕੁੱਲ ਮਨੁੱਖਤਾ ਦੇ ਰਹਿਬਰ ਸ਼ਬਦ ਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਰੂਪ ਵਿੱਚ ਪ੍ਰਗਟ ਹੈ।

ਸ੍ਰੀ ਗੁਰੂ ਨਾਨਕ ਸਾਹਿਬ ਦੀ ਉਪਮਾ ਭਟ ਕੀਰਤ ਜੀ ਕਰਦੇ ਹੋਏ ਬਾਣੀ ਵਿੱਚ ਬਚਨ ਕਰਦੇ ਹਨ ਕਿ ਸ੍ਰੀ ਗੁਰੂ ਨਾਨਕ ਜੀ ਮਾਇਆ ਦੀ ਕਾਲਖ ਤੋਂ ਨਿਰਲੇਪ ਆਪ ਨਿਰੰਜਨ ਰੂਪ, ਭਗਤੀ ਅਤੇ ਪ੍ਰੇਮ ਦੇ ਸੋਮੇ ਹਨ ਜੋ ਇਸ ਧਰਤੀ 'ਤੇ ਪ੍ਰੇਮਾ ਭਗਤੀ ਦੀ ਲਿਵ ਦ੍ਰਿੜ੍ਹ ਕਰਾਉਣ ਲਈ ਆਏ ਹਨ ਅਤੇ ਗੁਰੂ ਨਾਨਕ ਸਾਹਿਬ ਜੀ ਤੋਂ ਹੀ ਗੁਰੂ ਅੰਗਦ ਸਾਹਿਬ ਪ੍ਰਗਟ ਹੋਏ ਜੋ ਕਿ ਗੁਰੂ ਨਾਨਕ ਸਾਹਿਬ ਦੇ ਅੰਗ-ਸੰਗ ਹੀ ਹਨ। ਗੁਰੂ ਅੰਗਦ ਸਾਹਿਬ ਜੀ ਨੇ ਸ਼ਬਦ ਅਤੇ ਸੁਰਤ ਦੀ ਵਰਖਾ ਧੁਰ ਕੀ ਬਾਣੀ ਰਾਹੀਂ ਕੁੱਲ ਜਗਤ ਵਿੱਚ ਕੀਤੀ।

**ਨਾਨਕਿ ਨਾਮੁ ਨਿਰੰਜਨ ਜਾਨੵਉ ਕੀਨੀ ਭਗਤਿ ਪ੍ਰੇਮ ਲਿਵ ਲਾਈ ॥**
**ਤਾ ਤੇ ਅੰਗਦੁ ਅੰਗ ਸੰਗਿ ਭਯੋ ਸਾਇਰੁ ਤਿਨਿ ਸਬਦ ਸੁਰਤਿ ਕੀ ਨੀਵ ਰਖਾਈ ॥**

ਸ੍ਰੀ ਗੁਰੂ ਨਾਨਕ ਸਾਹਿਬ 'ਪ੍ਰਤਖ ਹਰਿ' ਹੀ ਪ੍ਰਗਟ ਹੋਏ ਜੋ ਅੱਜ ਸ੍ਰੀ ਗੁਰੂ ਗੰਥ ਸਾਹਿਬ ਜੀ ਦੇ ਸ਼ਬਦ ਰੂਪ ਪ੍ਰਕਾਸ਼ਮਾਨ ਹਨ। ਜੋ ਕਿ 'ਆਦਿ ਸਚੁ ਜੁਗਾਦਿ ਸਚੁ ਹੈ ਭੀ ਸਚੁ ਨਾਨਕ ਹੋਸੀ ਭੀ ਸਚੁ' ਦਾ ਲਖਾਇਕ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਦਰਜ਼ ਸੂਹੀ ਰਾਗ ਵਿੱਚ ਗੁਰੂ ਰਾਮਦਾਸ ਜੀ ਸਤਿਗੁਰ ਜੀ ਦੀ ਸਰਬ ਵਿਆਪਤਾ ਲਈ ਉਚਾਰਦੇ ਹਨ :

**ਜਨ ਕਉ ਸਤਿਗੁਰਿ ਥਾਪਿਆ ਤਿਨ ਮੇਟਿ ਨ ਸਕੈ ਕੋਇ ॥**
**ਓਨਾ ਅੰਦਰਿ ਨਾਮ ਨਿਧਾਨੁ ਹੈ ਨਾਮੋ ਪਰਗਟੁ ਹੋਇ ॥**

ਸਤਿਗੁਰੂ ਜੀ ਦੀ ਹੋਂਦ ਪਰਮੇਸ਼ਰ ਵੱਲੋਂ ਥਾਪੀ ਗਈ ਹੈ, ਜਿਸ ਨੂੰ ਕੋਈ ਵੀ ਮਿਟਾ ਨਹੀਂ ਸਕਦਾ।

ਡਾ. ਮਨਪ੍ਰੀਤ ਸਿੰਘ
ਸਹਿ-ਸੰਪਾਦਕ ਸੀਸ ਗੰਜ ਮੈਗਜ਼ੀਨ



# ਗੁਰੂ ਨਾਨਕ ਬਾਣੀ ਮਨੁੱਖੀ ਗੌਰਵ ਨੂੰ ਉੱਚਾ ਚੁੱਕਣ ਦਾ ਪ੍ਰੇਰਣਾ ਸਰੋਤ

ਅੱਜ ਦੇ ਇਸ ਦੌਰ ਵਿਚ ਵਿਸ਼ਵੀਕਰਨ ਦੇ ਪ੍ਰਭਾਵ ਹੇਠ ਸਮੁੱਚਾ ਸੰਸਾਰ ਇਕ ਪਿੰਡ ਵਾਂਗ ਬਣ ਗਿਆ ਹੈ। ਆਧੁਨਿਕ ਸਾਧਨਾ ਦੀ ਵਰਤੋਂ ਕਾਰਨ ਮਨੁੱਖ ਦੀ ਪਹੁੰਚ ਬਹੁਤ ਵਿਸ਼ਾਲ ਹੋ ਗਈ ਹੈ। ਪਰ ਨਿਰਾਸ਼ਾ ਦੀ ਗਲ ਇਹ ਹੈ ਕਿ ਮਨੁੱਖੀ ਪਹੁੰਚ ਦੀ ਵਿਸ਼ਾਲਤਾ ਦੇ ਨਾਲ ਮਨੁੱਖੀ ਸੰਬੰਧਾਂ ਅਤੇ ਮਨੁੱਖੀ ਚਰਿੱਤਰ ਵਿਚ ਨੈਤਿਕ ਪੱਖੋਂ ਗਿਰਾਵਟ ਆ ਚੁਕੀ ਹੈ। ਅਜੋਕਾ ਮਨੁੱਖ ਆਪਣੇ ਨੈਤਿਕ ਫਰਜਾਂ, ਸਮਾਜ ਪ੍ਰਤੀ ਆਪਣੀਆਂ ਜਿੰਮੇਦਾਰੀਆਂ ਨੂੰ ਛੱਡ ਕੇ ਪੈਸੇ ਦੀ ਦੌੜ ਵਿਚ ਪੈ ਗਿਆ ਹੈ। ਇਸ ਪਦਾਰਥਵਾਦੀ ਸਮਾਜ ਵਿਚ ਮਨੁੱਖੀ ਰਿਸ਼ਤੇ ਨਾਤਿਆਂ ਅਤੇ ਕੀਮਤੀ ਮੁਲਾਂ ਦੀ ਥਾਂ ਦੁਨਿਆਵੀ ਸੁਖ ਚੈਨ ਨੇ ਲੈ ਲਈ ਹੈ। ਮਾਇਆ ਨੇ ਸਮੁੱਚੇ ਜਗਤ ਨੂੰ ਆਪਣੇ ਕਲਾਵੇ ਵਿਚ ਲੈ ਲਿਆ ਹੈ ਤੇ ਮਨੁੱਖ ਚੇਤਨ ਤੇ ਅਚੇਤਨ ਦੋਨੋ ਹੀ ਤਰਾਂ ਆਪਣੇ ਨਿਜੀ ਸਵਾਰਥਾਂ ਦੀ ਪੂਰਤੀ ਵਿਚ ਲਗਿਆ ਹੋਇਆ ਹੈ। ਅਜਿਹੇ ਵਿਸ਼ਵੀਕਰਨ ਦੇ ਦੌਰ ਵਿਚ ਲੋੜ ਹੈ ਗੁਰੂ ਨਾਨਕ ਦੇਵ ਜੀ ਦੁਆਰਾ ਦਰਸਾਏ ਮਾਰਗ ਤੇ ਚਲਣ ਦੀ ਤਾਂਕਿ ਮਨੁੱਖੀ ਗੌਰਵ ਨੂੰ ਮੁੜ ਸੁਰਜੀਤ ਕੀਤਾ ਜਾ ਸਕੇ ਅਤੇ ਨੈਤਿਕ ਕਦਰਾਂ ਕੀਮਤਾਂ ਨੂੰ ਬਚਾਇਆ ਜਾ ਸਕੇ।

ਭਾਰਤੀ ਵਿਚਾਰਧਾਰਾ ਵਿੱਚ ਸ਼ੁਰੂ ਤੋਂ ਹੀ ਅਜਿਹੇ ਆਦਰਸ਼ਾਂ ਦੀ ਵਧੇਰੇ ਪਰਧਾਨਤਾ ਰਹੀ ਹੈ ਜਿਸ ਵਿੱਚ ਨਿਰੋਲ ਆਤਮਕ ਜਾਂ ਅੰਤਰੀਵ ਜੀਵਨ ਤੇ ਤਾਂ ਬਹੁਤ ਜ਼ੋਰ ਦਿੱਤਾ ਗਿਆ ਹੈ ਪਰ ਸਮਾਜਿਕ ਵਿਕਾਸ ਤੇ ਰਾਜ ਪ੍ਰਬੰਧ ਸੰਗਠਿਤ ਕਰਨ ਵੱਲ ਬਿਲਕੁਲ ਬੇਪਰਵਾਹੀ ਵਰਤੀ ਗਈ ਹੈ ਜਾਂ ਇਹ ਸਮਾਜ ਦੇ ਇਕ ਨਵੇਕਲੇ ਵਰਗ ਦੀ ਜ਼ਿਮੇਵਾਰੀ ਸਮਝਿਆ ਗਿਆ ਹੈ। ਇਸ ਉਪਰਾਮਤਾ ਦੇ ਚਾਲੇ ਨੇ ਸਦੀਆਂ ਬਾਅਦ ਸਾਡੀ ਜੀਵਨਤਾਣੀ ਨੂੰ ਇੰਨਾਂ ਉਲਝਾਇਆ ਕਿ ਅਸੀਂ ਜੀਵਨ ਸੰਗਰਾਮ ਜੂਝਣ ਦੇ ਯੋਗ ਹੀ ਨਾ ਰਹੇ ਤੇ ਇਉਂ ਹਿੰਦੁਸਤਾਨੀ ਸਭਿਅਤਾ ਸਮਾਜਿਕ ਗੁਣਾਂ ਤੋਂ ਸੱਖਣੀ ਹੋ, ਨਿਰੀਪੁਰੀ ਅੰਤਰਮੁਖੀ ਅਤੇ ਵਿਅਕਤੀਵਾਦੀ ਬਣ ਕੇ ਨਿਰਜਿੰਦ ਹੋ ਗਈ। ਵਿਦੇਸ਼ਾਂ ਤੋਂ ਆ ਮੁੱਠੀ ਭਰ ਜਥੇਬੰਦ ਲੋਕਾਂ ਨੇ ਧਾਵੇ ਬੋਲ ਕੇ ਕ੍ਰੋੜਾਂ ਲੋਕਾਂ ਨੂੰ ਬੇ ਝਿਜੱਕ ਹੋ ਕੇ ਲੁਟਿਆ ਮਾਰਿਆ, ਦੇਸ਼ ਦੀ ਦੌਲਤ ਤੇ ਇੱਜ਼ਤ ਲੁੱਟੀ ਗਈ ਤੇ ਰਹਿੰਦਾ ਖੂੰਹਦਾ ਸਨਮਾਨ ਮਿਟਾ ਕੇ ਵਿਦੇਸ਼ੀਆਂ ਨੇ ਇਸ ਤੇ ਆਣ ਕਾਠੀ ਪਾਈ। ਭਾਰਤ ਦੇ ਨੀਵੀਂ ਜਾਤੀ (ਸ਼ੂਦਰਾਂ) ਦੇ ਲੋਕਾਂ ਨੇ ਆਪਣਾ ਸਨਮਾਨ ਤੇ ਗੌਰਵ ਬਿਲਕੁਲ ਹੀ ਖੋ ਦਿੱਤਾ ਸੀ। ਹਰੀ ਰਾਮ ਗੁਪਤਾ ਲਿਖਦੇ ਹਨ ਕਿ ਉਲੇਮਾਵਾਂ ਦੁਆਰਾ, ਮੁਸਲਿਮ ਰਾਜਿਆ

ਉਪਰ ਕੁਫ਼ਰ ਲਾਗੂ ਕਰਨ ਅਤੇ ਹਿੰਦੂਆਂ ਨੂੰ ਅਪਮਾਨਿਤ ਕਰਨ ਲਈ ਜ਼ੋਰ ਲਾਇਆ ਜਾ ਰਿਹਾ ਸੀ।[1]

ਸ਼ੇਰ ਸਿੰਘ ਲਿਖਦੇ ਹਨ,"ਸਦੀਆਂ ਦੇ ਹਮਲਿਆਂ, ਪਰਾਈਆਂ ਹਕੂਮਤਾਂ ਦੇ ਹੱਥੋਂ ਹਫੜਾ-ਦਫੜੀਆਂ ਨੇਂ ਲੋਕਾਂ ਦੇ ਦਿਲਾਂ ਨੂੰ ਮੁਰਦਾ ਕਰ ਦਿੱਤਾ ਸੀ ਤੇ ਖੜ੍ਹੇ ਪਾਣੀ ਦੇ ਸੜ ਜਾਣ ਵਾਂਗੂੰ ਜਨਤਾ ਦਾ ਇਖਲਾਕ ਹੱਦ ਦਰਜੇ ਤਕ ਨੀਵਾਂ ਗਿਰ ਚੁੱਕਾ ਸੀ।"[2]

ਭਗਤ ਲਕਸ਼ਮਣ ਸਿੰਘ ਲਿਖਦੇ ਹਨ,"ਮਨੁੱਖ ਜਿਸ ਤਰ੍ਹਾਂ ਦੀਆਂ ਪਰਿਸਥੀਆਂ ਵਿੱਚ ਰਹਿੰਦੇ ਹਨ ਉਹ ਉਹਨਾਂ ਦੇ ਆਦੀ ਹੋ ਜਾਂਦੇ ਹਨ ਅਤੇ ਸ਼ਰਮ ਤੇ ਆਦਰ ਦੀਆਂ ਸਾਰੀਆਂ ਭਾਵਨਾਵਾਂ ਨੂੰ ਗਵਾ ਬੈਠਦੇ ਹਨ ਜਾਂ ਫਿਰ ਬਇੱਜ਼ਤੀ ਤੇ ਨਾ ਇਨਸਾਫੀ ਨੂੰ ਬੜੇ ਹੀ ਸਬਰ ਤੇ ਆਸਾਨੀ ਨਾਲ ਸਹਿਣ ਕਰ ਲੈਂਦੇ ਹਨ।"[3]

ਦੌਲਤ ਰਾਏ ਲਿਖਦੇ ਹਨ,"ਹਿੰਦੁਸਤਾਨ ਦੇ ਲੋਕਾਂ ਵਿੱਚੋਂ ਦੇਸ਼ ਭਗਤੀ ਤੇ ਕੌਮ ਪ੍ਰਸਤੀ ਦਾ ਜਜ਼ਬਾ ਖੰਭ ਲਾ ਕੇ ਉੱਡ ਚੁੱਕਾ ਸੀ। ਵਿਦੇਸ਼ੀ ਹਮਲਾਵਰਾਂ ਅਗੇ ਅੜਕੇ ਖਲੋਣ ਦਾ ਸਾਹਸ ਖਤਮ ਹੋ ਚੁੱਕਾ ਸੀ, ਆਪਣੇ ਧਰਮ ਤੇ ਧਰਮ ਸਥਾਨਾਂ ਦੀ ਰੱਖਿਆ ਦਾ ਬਲ ਮਿਟ ਚੁੱਕਾ ਸੀ ਅਤੇ ਧੀਆਂ ਭੈਣਾਂ ਦੀ ਇੱਜ਼ਤ ਦੀ ਰਾਖੀ ਕਰਨ ਦੀ ਹਿੰਮਤ ਖਤਮ ਹੋ ਚੁੱਕੀ ਸੀ।"[4]

ਜੇਕਰ ਗੁਰੂ ਨਾਨਕ ਦੇਵ ਜੀ ਤੋਂ ਪਹਿਲਾਂ ਦੇ ਸਮਾਜ ਉੱਪਰ ਝਾਤ ਮਾਰੀ ਜਾਵੇ ਤਾਂ ਇਹ ਦੇਖਣ ਨੂੰ ਮਿਲਦਾ ਹੈ ਕਿ ਪੰਜਾਬ ਮੁੱਢ ਕਦੀਮਾਂ ਤੋਂ ਬਾਹਰੀ ਹਮਲਾਵਰਾਂ ਦੀ ਯੁਧ ਭੂਮੀ ਬਣਿਆ ਚਲਿਆ ਆ ਰਿਹਾ ਹੈ, ਜੇ ਡੂੰਘਾਈ ਨਾਲ ਇਸ ਤੱਥ ਉਪਰ ਨਜ਼ਰ ਮਾਰੀ ਜਾਵੇ ਤਾਂ ਪੰਜਾਬ ਵਿੱਚ ਨਿਗਰਿਟੋ, ਆਸਟ੍ਰਿਕ, ਦਰਾਵੜ ਆਦਿ ਜਾਤੀਆਂ ਸੰਘਰਸ਼ ਵਿੱਚ ਰੁਝੀਆਂ ਦਿਖਾਈ ਦਿੰਦੀਆਂ ਹਨ। ਅਬਦਾਲੀ, ਗਜਨਵੀ, ਬਲਬਨ, ਅਲਾਉਦੀਨ ਆਦਿ ਨੇ ਪੰਜਾਬ ਵਿੱਚ ਖੂਬ ਲੁੱਟ ਖਸੁੱਟ ਕੀਤੀ। ਭਾਰਤ ਵਿੱਚ ਸਭ ਤੋਂ ਪਹਿਲਾਂ ਗਜਨਵੀ ਨੇ ਮੁਸਲਿਮ ਰਾਜ ਸਥਾਪਿਤ ਕੀਤਾ, ਇਥੇ ਖੂਬ ਦੌਲਤ ਤੇ ਇੱਜ਼ਤ ਲੁੱਟੀ ਗਈ ਤੇ ਲੋਧੀ ਸ਼ਾਸਨ ਦੇ ਸਮੇਂ ਤਾਂ ਮੁਸਲਿਮ ਅਤਿਆਚਾਰਾਂ ਦੀ ਕੋਈ ਹੱਦ ਹੀ ਨਾ ਰਹੀ, ਲੋਕਾਂ ਨੂੰ ਜਬਰਨ ਮੁਸਲਮਾਨ ਬਣਾਇਆ ਜਾਣ ਲਗਾ, ਔਰਤਾਂ ਦੀ ਇੱਜ਼ਤ ਲੁੱਟੀ ਗਈ।

ਆਪ ਜੀ ਦੇ ਆਗਮਨ ਸਮੇਂ ਅਨੈਤਿਕਤਾ ਤੇ ਆਚਰਣਹੀਣਤਾ ਦਾ ਬੋਲਬਾਲਾ ਸੀ। ਵਹਿਮ ਭਰਮ, ਫੋਕਟ ਕਰਮ, ਖਦੀ, ਬਖੀਲੀ ਤਕਬਰੀ ਦੀ ਖਿਚੋਤਾਣ ਸਮਾਜ ਨੂੰ ਬੇਪੱਤੀ ਵੱਲ ਲਿਜਾ ਰਹੀ ਸੀ। ਐਸ਼, ਇਸ਼ਰਤ, ਕਾਮਾਰਥੀ ਤੇ ਸੁਆਰਥੀ ਰੁਚੀਆਂ ਨੇ ਲੋਕਾਂ ਦਾ ਇਖਲਾਕ ਹੱਦ ਤੋਂ ਜ਼ਿਆਦਾ ਗਿਰਾ ਦਿੱਤਾ ਸੀ। ਬ੍ਰਾਹਮਣ, ਮੁੱਲਾਂ ਤੇ ਜੋਗੀ ਭਗਵੇਂ ਕੱਪੜੇ ਪਾ ਕੇ ਦੇਸ਼-ਵਿਦੇਸ਼ ਵਿੱਚ ਮੰਗਦੇ ਫਿਰਦੇ ਸਨ ਤੇ ਵਿਅਰਥ ਦੇ ਵਿਖਾਵਿਆਂ ਕਾਰਨ ਆਪਣੀ ਇੱਜ਼ਤ ਗਵਾ ਰਹੇ ਸਨ। ਗੁਰਬਾਣੀ ਦਾ ਫਰਮਾਨ ਹੈ ਕਿ ਫੋਕੇ ਕਰਮਕਾਂਡਾਂ ਤੇ ਵਹਿਮਾਂ ਭਰਮਾਂ ਦੇ ਕਾਰਨ ਹੀ ਸਮਾਜ ਭਰਿਸ਼ਟ ਹੋ ਰਿਹਾ ਹੈ :

**ਕਾਲੁ ਨਾਹੀ ਜੋਗੁ ਨਾਹੀ ਨਾਹੀ ਸਤ ਕਾ ਢਬੁ॥**
**ਥਾਨਸਟ ਜਗ ਭਰਿਸਟ ਹੋਏ ਡੂਬਤਾ ਇਵ ਜਗੁ॥**[5]

ਵਾਹਿਗੁਰੂ ਨੂੰ ਛੱਡ ਆਤਮਕ ਫਲ ਦੀ ਪ੍ਰਾਪਤੀ ਕਰਨ ਲਈ ਜੀਵ ਵਿਅਰਥ ਦੇ ਕਰਮਕਾਂਡ ਕਰਦਾ ਹੈ, ਅਠਾਹਠਾਂ ਤੀਰਥਾਂ ਤੇ ਇਸਨਾਨ ਕਰਨ ਦੇ ਭਰਮ ਵਿੱਚ ਫਸਿਆ ਹੋਇਆ ਹੈ, ਮਨ ਨੂੰ ਦੁੱਖ ਪਹੁੰਚਾਉਂਦਾ ਹੈ। ਇੰਝ ਪਾਪਾਂ ਦੀ ਮੈਲ ਨਹੀਂ ਉਤਰਦੀ ਤੇ ਅੰਤ ਉਹ ਖੁਆਰ ਹੁੰਦਾ ਹੈ:

**ਅਠਸਠਿ ਤੀਰਥ ਭਰਮਿ ਵਿਗੂਚਹਿ**
**ਕਿਉ ਮਲੁ ਧੋਪੈ ਪਾਪੈ॥**[6]

ਗੁਰਬਾਣੀ ਵਿੱਚ ਕਲਜੁਗੀ ਦਸ਼ਾ ਬਾਰੇ ਆਉਂਦਾ ਹੈ ਕਿ ਹਰ ਪਾਸੇ ਕੂੜ ਦਾ ਹੀ ਪਾਸਾਰ ਹੈ। ਕਲਜੁਗ ਦਾ ਸਮਾ ਛੁਰੀ ਦੇ ਵਾਂਗ ਹੈ, ਜਿਸ ਵਿੱਚ ਰਾਜੇ ਕਸਾਈ ਹਨ। ਇਸ ਸਮੇਂ ਧਰਮ, ਸ਼ਰਮ ਤੇ ਸੱਚ ਦਾ ਕਿਤੇ ਨਾਮੋ ਨਿਸ਼ਾਨ ਵੀ ਨਹੀਂ। ਸ੍ਰਿਸ਼ਟੀ ਹਉਮੈ ਦੇ ਕਾਰਨ ਦੁਖੀ ਹੋ ਰਹੀ ਹੈ। ਕਿਸ ਤਰ੍ਹਾਂ ਇੰਨਾਂ ਮੋਹ-ਮਾਇਆ ਤੇ ਹਉਮੈ ਦੇ ਬੰਧਨਾਂ ਤੋਂ ਛੁਟਕਾਰਾ ਮਿਲੇ :

**ਕਲਿ ਕਾਤੀ ਰਾਜੇ ਕਾਸਾਈ**
**ਧਰਮੁ ਪੰਖ ਕਰਿ ਉਡਰਿਆ॥**
**ਕੂੜੁ ਅਮਾਵਸ ਸਚੁ ਚੰਦ੍ਰਮਾ**
**ਦੀਸੈ ਨਾਹੀ ਕਹ ਚੜਿਆ॥**
**ਹਉ ਭਾਲਿ ਵਿਕੁੰਨੀ ਹੋਈ॥**
**ਆਧੇਰੈ ਰਾਹੁ ਨ ਕੋਇ॥**
**ਵਿਚਿ ਹਉਮੈ ਕਰਿ ਦੁਖੁ ਰੋਈ॥**
**ਕਹੁ ਨਾਨਕ ਕਿਨਿ ਬਿਧਿ ਗਤਿ ਹੋਈ॥**[7]

ਪਰਜਾ ਤੋਂ ਲੈ ਕੇ ਰਾਜ ਤਕ ਕੂੜ, ਹਉਮੈ, ਵੈਰ, ਦੁਬਿਧਾ, ਤੇ ਪਤਿਹੀਣਤਾ ਦਾ ਪਾਸਾਰਾ ਸੀ। ਕੂੜ ਅਮਾਵਸ ਦੀ ਇਸ ਸਥਿਤੀ ਵਿੱਚ ਪਹਿਲੀ ਸ਼ਖਸੀਅਤ ਗੁਰੂ ਨਾਨਕ ਦੇਵ ਜੀ ਦੀ ਸੀ ਜਿਹੜੀ ਜੀਵਨ ਦੇ ਹਰ ਪੱਖ ਤੋਂ ਚੰਗੇਰਾ ਰੂਪ ਵੀ ਸੀ, ਉੱਚੀ ਅਤੇ ਸੁੱਚੀ ਵੀ ਸੀ, ਸਮਾਜਿਕ ਅਤੇ ਰਾਜਨੀਤਿਕ ਦ੍ਰਿਸ਼ਟੀ ਤੋਂ ਜਾਗਰਤ ਵੀ ਸੀ, ਪਤਿ ਤੇ ਸਵੈਮਾਣ ਸੇਤੀ ਜਿਉ ਕੇ ਆਪਣੇ ਅਧਿਕਾਰਾਂ ਨੂੰ ਸਥਾਪਿਤ ਵੀ ਕਰ ਰਹੀ ਸੀ।

ਪੰਦਰਵੀਂ ਸਦੀ ਦੌਰਾਨ ਧਾਰਮਿਕ, ਰਾਜਨੀਤਿਕ ਅਤੇ ਸਮਾਜਿਕ ਖੇਤਰ ਵਿਚ ਸਾਹਮਣੇ ਆਏ ਨਿਘਾਰ ਨੂੰ ਰੋਕਣ ਲਈ ਗੁਰੂ ਨਾਨਕ ਦੇਵ ਜੀ ਦਾ ਧਰਤੀ ਤੇ ਆਗਮਨ ਇਕ ਨਵੇਂ ਸੂਰਜ ਦੀ ਤਰਾਂ ਹੈ। ਆਪ ਨੇ ਇਕ ਨਵੀਂ ਰੌਸ਼ਨੀ ਤੇ ਨਵੀਂ ਅਗਵਾਈ ਦੇ ਕੇ ਸਿੱਖ ਧਰਮ ਦੀ ਬੁਨਿਆਦ ਰਖੀ ਅਤੇ ਦੇਸ਼-ਵਾਸੀਆਂ ਦੀ ਸੁੱਤੀ ਹੋਈ ਅਣਖ ਨੂੰ ਹਲੂਣਿਆ। ਭਾਈ ਗੁਰਦਾਸ ਕਹਿੰਦੇ ਹਨ ਕਿ ਗੁਰੂ ਨਾਨਕ ਦੇਵ ਜੀ ਦੇ ਆਗਮਨ ਨਾਲ ਅਗਿਆਨ ਰੂਪੀ ਹਨੇਰਾ ਦੂਰ ਹੋ

ਗਿਆ ਅਤੇ ਚਾਰੇ ਪਾਸੇ ਗਿਆਨ ਦਾ ਚਾਨਣ ਹੋ ਗਿਆ:


**ਸਤਿਗੁਰ ਨਾਨਕ ਪ੍ਰਗਟਿਆ**
**ਮਿਟੀ ਧੁੰਧ ਜਗ ਚਾਨਣ ਹੋਆ॥**
**ਜਿਉਂ ਕਰ ਸੂਰਜ ਨਿਕਲਿਆ**
**ਤਾਰੇ ਛਪਿ ਅੰਧੇਰ ਪਲੋਆ॥**[8]

ਉਸ ਸਮੇਂ ਜ਼ਾਲਮ ਲੋਕਾਂ ਦੀ ਪਤਿ ਨੂੰ ਪੈਰਾਂ ਹੇਠ ਰੋਲ ਰਹੇ ਸਨ ਤੇ ਲੋਕ ਇਹ ਸਭ ਕੁਝ ਖਾਮੋਸ਼ੀ ਨਾਲ ਸਹਾਰੀ ਜਾ ਰਹੇ ਸਨ। ਗੁਰੂ ਸਾਹਿਬ ਨੇ ਮਹਿਸੂਸ ਕੀਤਾ ਕਿ ਲੋਕਾਂ ਦੀ ਅਣਖ ਨੂੰ ਖੋਰਾ ਲਗ ਚੁੱਕਾ ਹੈ। ਮਨੁੱਖਤਾ ਦੀ ਸੁੱਤੀ ਹੋਈ ਅਣਖ ਨੂੰ ਜਗਾਉਣ ਲਈ ਗੁਰੂ ਜੀ ਨੇ ਗੈਰਤ ਭਰੀ ਆਵਾਜ਼ ਬੁਲੰਦ ਕੀਤੀ। ਉਸ ਸਮੇਂ ਦੀ ਰਾਜਨੀਤਿਕ ਹਾਲਤ ਬਾਰੇ ਗੁਰਬਾਣੀ ਵਿੱਚ ਆਉਂਦਾ ਹੈ :

**ਲਬੁ ਪਾਪੁ ਦੁਇ ਰਾਜਾ ਮਹਤਾ ਕੂੜੁ ਹੋਆ ਸਿਕਦਾਰੁ॥**
**ਕਾਮੁ ਨੇਬੁ ਸਦਿ ਪੁਛੀਐ ਬਹਿ ਬਹਿ ਕਰੇ ਬੀਚਾਰੁ॥**
**ਅੰਧੀ ਰਯਤਿ ਗਿਆਨ ਵਿਹੂਣੀ ਭਾਹਿ ਭਰੇ ਮੁਰਦਾਰੁ॥**[9]

ਬਾਬਰ ਦੁਆਰਾ ਸੈਦਪੁਰ ਉੱਪਰ ਕੀਤੇ ਹਮਲੇ ਦੁਆਰਾ ਕੀਤੀ ਤਬਾਹੀ ਦਾ ਜ਼ਿਕਰ ਗੁਰੂ ਗ੍ਰੰਥ ਸਾਹਿਬ ਵਿੱਚ ਆਉਂਦਾ ਹੈ। ਇਸ ਕਸਬੇ ਵਿੱਚ ਵਧੇਰੇ ਕਰਕੇ ਵਪਾਰੀ ਤੇ ਜ਼ਿਮੀਂਦਾਰ ਤਬਕੇ ਦੀ ਹਿੰਦੂ-ਵਸੋਂ ਰਹਿੰਦੀ ਸੀ। ਉਹਨਾਂ ਨੇ ਆਪਣੀ ਦੌਲਤ ਅਤੇ ਇਸਤਰੀਆਂ ਨੂੰ ਮੁਗਲਾਂ ਹੱਥੋਂ ਬਚਾਣ ਖਾਤਰ, ਉਹਨਾਂ ਨਾਲ ਜੰਮ ਕੇ ਮੁਕਾਬਲਾ ਕੀਤਾ। ਬਾਬਰ ਨੇ ਕੱਟਾ-ਵੱਢੀ ਦਾ ਹੁਕਮ ਦੇ ਦਿੱਤਾ। ਜਿੰਨੀਆਂ ਵੀ ਜਵਾਨ ਕੁੜੀਆਂ ਮੁਗਲਾਂ ਦੇ ਹੱਥ ਲਗੀਆਂ ਸਭ ਨੂੰ ਬੰਦੀ ਬਣਾ ਲਿਆ ਗਿਆ। ਚੰਗੀ ਤਰ੍ਹਾ ਲੁੱਟ ਖਸੁੱਟ ਮਗਰੋਂ ਕਸਬੇ ਨੂੰ ਅੱਗ ਲਾ ਦਿੱਤੀ ਗਈ। ਗੁਰੂ ਜੀ ਨੇ ਇਸ ਤਬਾਹੀ ਤੇ ਪਰਮਾਤਮਾ ਪ੍ਰਤੀ ਸਖਤ ਗਿਲਾ ਕੀਤਾ :

**ਖੁਰਾਸਾਨ ਖਸਮਾਨਾ ਕੀਆ ਹਿੰਦੁਸਤਾਨੁ ਡਰਾਇਆ॥**
**ਆਪੈ ਦੋਸੁ ਨ ਦੇਈ ਕਰਤਾ ਜਮੁ ਕਰਿ ਮੁਗਲੁ ਚੜਾਇਆ॥**
**ਏਤੀ ਮਾਰ ਪਈ ਕਰਲਾਣੈ ਤੈਂ ਕੀ ਦਰਦੁ ਨ ਆਇਆ॥**
**ਕਰਤਾ ਤੂੰ ਸਭਨਾ ਕਾ ਸੋਈ॥**
**ਜੇ ਸਕਤਾ ਸਕਤੇ ਕਉ ਮਾਰੇ**
**ਤਾ ਮਨਿ ਰੋਸੁ ਨ ਹੋਈ॥ ਰਹਾਉ॥**



**ਸਕਤਾ ਸੀਹੁ ਮਾਰੇ ਪੈ ਵਗੈ ਖਸਮੈ ਸਾ ਪੁਰਸਾਈ॥**
**ਰਤਨ ਵਿਗਾੜਿ ਵਿਗੋਏ ਕੁੱਤੀ ਮੁਇਆ ਸਾਰ ਨ ਕਾਈ।**
**ਆਪੇ ਜੋੜਿ ਵਿਛੋੜੇ ਆਪੇ ਵੇਖੁ ਤੇਰੀ ਵਡਿਆਈ॥**[10]

ਗੁਰੂ ਸਾਹਿਬ ਲਿਖਦੇ ਹਨ ਕਿ ਇਹ ਸਾਰਾ ਕਸੂਰ ਇਕੱਲੇ ਹਮਲਾਵਰਾਂ ਦਾ ਨਹੀਂ ਬਲਕਿ ਹਮਲੇ ਦੇ ਸ਼ਿਕਾਰ ਲੋਕਾਂ ਦਾ ਵੀ ਹੈ ਕਿਉਂਕਿ ਇਹ ਲੋਕ ਪਰਮਾਤਮਾ ਨੂੰ ਭੁੱਲ ਕੇ ਦੁਨਿਆਵੀ ਕਾਰਾਂ ਵਿਹਾਰਾਂ ਵਿੱਚ ਖਚਿਤ ਹੋ ਚੁੱਕੇ ਸਨ। ਧਨ ਪ੍ਰਤੀ ਸਪਸ਼ਟ ਹੈ ਕਿ ਧਨ ਪਾਪ ਨਾਲ ਪੈਦਾ ਹੁੰਦਾ ਹੈ, ਪਾਪ ਸਦਾਚਾਰ ਨੂੰ ਕਮਜੋਰ ਕਰ ਦਿੰਦਾ ਹੈ। ਜਦੋਂ ਭਾਰਤੀਆਂ ਹੱਥੋਂ ਚੰਗਿਆਈ ਖੁਸ ਗਈ ਤਾਂ ਸੁਭਾਵਕ ਸੀ ਕਿ ਭਾਰਤ ਤੇ ਭਾਰਤੀ ਪਤਿਹੀਣ ਜੀਵਨ ਵਾਲੇ ਹੋ ਗਏ। ਅਕਾਲ ਪੁਰਖ ਨੇ ਇਹਨਾਂ ਦੀ ਮਤ ਟਿਕਾਣੇ ਲਿਆਉਣ ਲਈ ਹੀ ਇਨ੍ਹਾਂ ਉਪਰ ਅਤਿਆਚਾਰਾਂ ਦੀ ਘੜੀ ਲਿਆਂਦੀ :

**ਜਿਸ ਨੋ ਆਪਿ ਖੁਆਏ ਕਰਤਾ ਖੁਸਿ ਲਏ ਚੰਗਿਆਈ॥**[11]

ਗੁਰੂ ਨਾਨਕ ਦੇਵ ਜੀ ਦਾ ਸਮਕਾਲੀ ਮਾਨਵ ਜੀਵਨ ਦੇ ਸਰਵ ਖੇਤਰਾਂ ਵਿੱਚ ਗਿਰਾਵਟ ਅਤੇ ਗੁਲਾਮੀ ਦਾ ਸ਼ਿਕਾਰ ਸੀ, ਨਾ ਉਸ ਕੋਲ ਸੱਚ ਸੀ, ਨਾ ਪਤਿ ਸੀ, ਨਾ ਪ੍ਰੇਮ ਸੀ, ਨਾ ਗੈਰਤ ਸੀ ਅਤੇ ਨਾ ਹੀ ਆਜ਼ਾਦੀ ਸੀ। ਪਤਿ ਤੇ ਗੈਰਤਹੀਣਤਾ ਕਾਰਨ ਭਾਰਤੀ ਮਾਨਵ ਇੰਨਾ ਨਿਤਾਣਾ ਤੇ ਨਿਮਾਣਾ ਹੋ ਕੇ ਜਿਉਂ ਰਿਹਾ ਸੀ ਕਿ ਆਪਣੇ ਮਾਨਵ ਹੱਕਾਂ ਅਧਿਕਾਰਾਂ ਨੂੰ ਸੁਪਨੇ ਵਿੱਚ ਸੋਚਣਾ ਵੀ ਉਸਦੀ ਸਮਰਥਾ ਤੋਂ ਬਾਹਰ ਸੀ। ਗੁਰੂ ਜੀ ਨੇ ਅਜਿਹੇ ਰਸਹੀਣ, ਪਤਿਹੀਣ ਤੇ ਗੈਰਤਹੀਣ ਨੂੰ ਪਾਖੰਡ ਤਿਆਗਣ ਲਈ ਕਿਹਾ। ਗੁਰਬਾਣੀ ਦਾ ਫਰਮਾਨ ਹੈ ਕਿ ਇਹ ਸਭ ਲੋਕ ਦਿਖਾਵੇ ਤੇ ਕਰਮਕਾਂਡ ਵਿਅਰਥ ਹਨ, ਉਹ ਬ੍ਰਾਹਮਣ ਹੀ ਗਤਿ ਤੇ ਪਤਿ ਪ੍ਰਾਪਤ ਕਰਦੇ ਹਨ ਜੋ ਜਪੁ, ਤਪੁ, ਤੇ ਸੰਜਮ ਵਰਗੇ ਸਦਾਚਾਰਕ ਗੁਣਾਂ ਨੂੰ ਧਾਰਨ ਕਰਦੇ ਹਨ :

**ਸੋ ਬ੍ਰਹਮਣੁ ਜੋ ਬਿੰਦੈ ਬ੍ਰਹਮੁ॥**
**ਜਪੁ ਤਪੁ ਸੰਜਮੁ ਕਮਾਵੈ ਕਰਮੁ॥**
**ਸੀਲ ਸੰਤੋਖ ਕਾ ਰਖੈ ਧਰਮੁ ॥**
**ਬੰਧਨ ਤੋੜੈ ਹੋਵੈ ਮੁਕਤੁ ॥**
**ਸੋਈ ਬ੍ਰਹਮਣੁ ਪੂਜਣ ਜੁਗਤੁ॥**[12]

ਜਦੋਂ ਦੌਲਤ ਖਾਂ ਲੋਧੀ ਦੇ ਸਾਹਮਣੇ ਗੁਰੂ ਨਾਨਕ ਦੇਵ ਜੀ ਦਾ ਤਕਰਾਰ ਹੋਇਆ ਤਾਂ ਆਪ ਨੇ ਉਹਨਾਂ ਨੂੰ ਵੀ ਸਦਾਚਾਰਕ ਗੁਣ ਧਾਰਨ ਕਰਨ ਲਈ ਕਿਹਾ। ਸਦਾਚਾਰਕ ਗੁਣਾਂ ਦਾ ਧਾਰਨੀ ਵਿਅਕਤੀ ਹੀ ਪਰਮਾਤਮਾ ਨੂੰ ਚੰਗਾ ਲਗਦਾ ਹੈ ਤੇ ਪਰਮਾਤਮਾ ਉਸਦੀ ਲਾਜ ਰੱਖਦਾ ਹੈ :

**ਮਿਹਰ ਮਸੀਤਿ ਸਿਦਕੁ ਮੁਸਲਾ ਹਕੁ ਹਲਾਲੁ ਕੁਰਾਣੁ॥**
**ਸਰਮ ਸੁੰਨਤਿ ਸੀਲੁ ਰੋਜਾ ਹੋਹੁ ਮੁਸਲਮਾਣੁ॥**
**ਕਰਣੀ ਕਾਬਾ ਸਚੁ ਪੀਰੁ ਕਲਮਾ ਕਰਮ ਨਿਵਾਜ॥**
**ਤਸਬੀ ਸਾ ਤਿਸੁ ਭਾਵਸੀ ਨਾਨਕ ਰਖੈ ਲਾਜ॥**[13]

ਸਿੱਖ ਧਰਮ ਦੇ ਪਵਿੱਤਰ ਅਸੂਲ ਸਦਾਚਾਰੀ ਜੀਵਨ ਜਿਉਣ ਲਈ ਸਹਾਈ ਹੁੰਦੇ ਹਨ। ਪ੍ਰਭੂ ਦੀ ਯਾਦ ਵਿੱਚ ਮਨ ਨੂੰ ਲੀਨ ਕਰਨਾ ਹੀ ਪਤਿਤ ਤੋਂ ਪੁਨੀਤ ਹੋਣ ਦਾ ਸਾਧਨ ਗੁਰੂ ਨਾਨਕ ਦੇਵ ਜੀ ਨੇ ਦਰਸਾਇਆ ਹੈ :

**ਭਰੀਐ ਹਥੁ ਪੈਰੁ ਤਨੁ ਦੇਹ॥**
**ਪਾਣੀ ਧੋਤੈ ਉਤਰਸੁ ਖੇਹ॥**
**ਮੂਤ ਪਲੀਤੀ ਕਪੜੁ ਹੋਇ॥**
**ਦੇ ਸਾਬੂਣੁ ਲਈਐ ਓਹੁ ਧੋਇ॥**
**ਭਰੀਐ ਮਤਿ ਪਾਪਾ ਕੈ ਸੰਗਿ॥**
**ਓਹੁ ਧੋਪੈ ਨਾਵੈ ਕੈ ਰੰਗਿ॥**[14]

ਸਦਾਚਾਰਕ ਗੁਣਾਂ ਤੋਂ ਸੱਖਣਾ ਮਨੁੱਖ ਸਿੰਮਲ ਦੇ ਰੁੱਖ ਵਾਂਗ ਹੁੰਦਾ ਹੈ। ਸਿੰਮਲ ਦਾ ਰੁੱਖ ਵੇਖਣ ਨੂੰ ਬੜਾ ਸੋਹਣਾ ਤੇ ਉੱਚਾ ਹੁੰਦਾ ਹੈ ਪਰ ਨਾ ਤਾਂ ਉਸ ਦੀ ਛਾਂ ਹੁੰਦੀ ਹੈ ਤੇ ਨਾ ਹੀ ਪੰਛੀ ਉਸ ਉੱਤੇ ਆ ਕੇ ਬੈਠਦੇ ਹਨ। ਗੁਰਬਾਣੀ ਦਾ ਮੁੱਖ ਉਦੇਸ਼ ਮਨੁੱਖ ਨੂੰ ਪ੍ਰਭੂ ਵਿੱਚ ਅਭੇਦ ਕਰਨਾ ਹੈ। ਗੁਣਾਂ ਨੂੰ ਗ੍ਰਹਿਣ ਕਰਨ ਨਾਲ ਹੀ ਅਭੇਦਤਾ ਹਾਸਿਲ ਹੋ ਸਕਦੀ ਹੈ :

**ਬਾਬਾ ਮੈ ਕੁਚੀਲੁ ਕਾਚਉ ਮਤਿਹੀਨ॥**
**ਨਾਮ ਬਿਨਾ ਕੋ ਕਛੁ ਨਹੀ ਗੁਰਿ ਪੂਰੈ ਪੂਰੀ ਮਤਿ ਕੀਨ॥**
**ਅਵਗਣਿ ਸੁਭਰ ਗੁਣ ਨਹੀ ਬਿਨੁ ਗੁਣ ਕਿਉ ਘਰਿ ਜਾਉ॥**
**ਸਹਜਿ ਸਬਦਿ ਸੁਖੁ ਊਪਜੈ ਬਿਨੁ ਭਾਗਾ ਧਨੁ ਨਾਹਿ॥**
**ਜਿਨ ਕੈ ਨਾਮੁ ਨ ਮਨਿ ਵਸੈ ਸੇ ਬਾਧੇ ਦੂਖ ਸਹਾਹਿ॥**[15]

ਸ਼ੇਰ ਸਿੰਘ ਆਪਣੀ ਪੁਸਤਕ ਵਿੱਚ ਫਰਾਂਸੀਸੀ ਨੇਤਾ ਰਿਸ਼ੀ ਦਾ ਕਥਨ ਦਿੰਦੇ ਹਨ,"ਬੰਦੇ ਆਪਣੇ ਆਪ ਨੂੰ ਮਨੁੱਖ ਕਹਿਲਾਉਣ ਦਾ ਹੱਕ ਵੀ ਗੁਆ ਰਹੇ ਸਨ। ਜਿਵੇਂ ਅੱਜ ਕਲ੍ਹ, ਤਿਵੇਂ ਉਦੋਂ ਵੀ, ਇਕ ਅਜਿਹੇ ਧਰਮ ਦੀ ਲੋੜ ਸੀ ਜਿਹੜਾ ਗਦਰ ਅਥਵਾ ਇਨਕਲਾਬ ਪੈਦਾ ਕਰ ਦੇਵੇ। ਅਜਿਹਾ ਧਰਮ ਜਿਹੜਾ ਵਰਤਮਾਨ ਹਾਲਾਤ ਤੋਂ ਅਸੰਤੁਸ਼ਟ ਹੋ ਕੇ ਜਾਬਰਾਂ ਨੂੰ ਤਖਤੇ ਉੱਤੋਂ ਚੁੱਕ ਕੇ ਥੱਲੇ ਮਾਰੇ ਤੇ ਆਜਿਜ਼ਾਂ ਤੇ ਸਾਬਰਾਂ ਨੂੰ ਤਖਤੇ ਤੋਂ ਚੁੱਕ ਕੇ ਤਖਤ ਤੇ ਬਿਠਾ ਦੇਵੇ। ਸਾਰੀ ਸਭਿਅਤਾ ਦੇ ਢਾਂਚੇ ਨੂੰ ਬਦਲ ਦੇਵੇ ਤੇ ਸਾਰੇ ਸਮਾਜ ਦੀ ਬਣਤਰ ਨੂੰ ਪੱਕੀ ਤਰ੍ਹਾ ਨਾਲ ਉਲਟਾ-ਪੁਲਟਾ ਦੇਵੇ। ਇਹ ਕਿਵੇਂ ਹੋ ਸਕਦਾ ਸੀ? ਲੋਕਾਂ ਦੀ ਮਾਨਸਿਕ ਅਵਸਥਾ ਨੂੰ ਬਦਲ ਕੇ, ਉਹਨਾਂ ਦੇ ਖਿਆਲ ਤੇ ਇਰਾਦਿਆਂ ਵਿੱਚ ਇਨਕਲਾਬ ਲਿਆ ਕੇ ਤਾਂ ਜੋ ਉਹ ਖਿਆਲ ਕਰਨ ਕਿ ਉਹ ਗੁਲਾਮ ਨਹੀ ਆਜ਼ਾਦ ਹਨ, ਗਿੱਦੜ ਨਹੀ ਸ਼ੇਰ ਹਨ। ਉਹ, ਉਹ ਚਿੜੀਆਂ ਨਹੀ, ਜਿਨ੍ਹਾਂ ਨੂੰ ਬਾਜ਼ ਖਾ ਜਾਂਦੇ ਹਨ ਸਗੋਂ ਉਹ ਐਸੀਆਂ ਚਿੜੀਆਂ ਹਨ, ਜਿਹੜੀਆਂ ਬਾਜ਼ਾਂ ਦਾ ਮੂੰਹ ਭੰਨਦੀਆਂ ਹਨ।"[16]

ਗੁਰੂ ਨਾਨਕ ਦੇਵ ਜੀ ਇਨ੍ਹਾਂ ਬੇ-ਅਣਖੀ ਲੋਕਾਂ ਵਿੱਚ ਨਵੀਂ ਰੂਹ ਫੂਕਣ ਵਿੱਚ ਸਫ਼ਲ ਹੋਏ। ਉਹਨਾਂ ਨੇ ਬੇ-ਗੈਰਤ ਲੋਕਾਂ ਨੂੰ ਅਣਖ ਨਾਲ ਜਿਉਣਾ ਸਿਖਾਇਆ। ਗੁਰੂ ਸਾਹਿਬਾਨ ਦੀ ਬਾਣੀ ਨੇ ਲੋਕਾਂ ਅੰਦਰ ਪਤਿ ਤੇ ਸਵੈਮਾਨ ਦੀ ਚੇਤਨਾ ਦਾ ਤੀਬਰ ਅਹਿਸਾਸ ਜਗਾਇਆ।

ਜੋਗਿੰਦਰ ਸਿੰਘ ਲਿਖਦੇ ਹਨ,'ਗੁਰੂ ਨਾਨਕ ਦੇਵ ਜੀ ਨੇਂ ਧਰਮ ਦਾ ਜੋ ਸੰਕਲਪ, ਸਰੂਪ, ਤੇ ਸਿਧਾਂਤ ਦਿੱਤਾ ਉਸਦਾ ਕੇਂਦਰ ਬਿੰਦੂ ਉਹਨਾਂ ਨੇਂ ਰੱਬ, ਪਤਿ, ਤੇ ਖੜਗ ਜ਼ੋਰ ਨੂੰ ਸਥਾਪਿਤ ਕੀਤਾ।'[17]

ਤ੍ਰਿਲੋਚਨ ਸਿੰਘ ਲਿਖਦੇ ਹਨ,"ਗੁਰੂ ਸਾਹਿਬਾਨ ਨੇ ਕੌਮੀ ਚੇਤਨਤਾ ਵਿੱਚ ਯਥਾਰਥ ਸੂਝ ਤੇ ਅਸਲੀਅਤ ਦਾ ਸਿਹਤਮੰਦ ਅਨੁਭਵ ਲਿਆ ਕੇ ਇਸ ਨੂੰ ਦ੍ਰਿੜ ਤੇ ਬਲਸ਼ੀਲ ਕੀਤਾ। ਮਨੁੱਖ ਦੀ ਸੁੱਤੀ ਹੋਈ ਅਣਖ ਨੂੰ ਜਗਾਇਆ। ਇਸ ਨਾਲ ਜਿਹੜੀ ਸਿੱਖ ਸਖਸ਼ੀਅਤ ਸਾਹਮਣੇ ਆਈ ਉਹ ਗੁਰੂ ਸੰਗਤ ਤੋਂ ਗੁਰੂ ਖਾਲਸਾ ਤਕ ਦਾ ਸਫਰ ਤਹਿ ਕਰਦੀ ਹੈ।"[18]

ਗੁਰੂ ਨਾਨਕ ਦੇਵ ਜੀ ਦੇ ਸਮੇਂ ਸਮਾਜ ਵਿੱਚ ਜਾਤਿ ਆਦਿ ਤੇ ਆਧਾਰਿਤ ਭੇਦ-ਭਾਵ ਜੋਰਾਂ ਤੇ ਸੀ। ਜਾਤਿ ਦੇ ਆਧਾਰ ਤੇ ਸਮਾਜ ਚਾਰ ਸ਼੍ਰੇਣੀਆਂ -ਬ੍ਰਾਹਮਣ, ਖੱਤਰੀ, ਵੈਸ਼ ਤੇ ਸ਼ੂਦਰ- ਵਿੱਚ ਵੰਡਿਆ ਹੋਇਆ ਸੀ। ਸ਼ੂਦਰਾਂ ਦੇ ਪ੍ਰਤੀ ਬਹੁਤ ਬੁਰਾ ਵਿਵਹਾਰ ਕੀਤਾ ਜਾਂਦਾ ਸੀ। ਉਹਨਾਂ ਦੀ ਸਮਾਜ ਵਿੱਚ ਕੋਈ ਇੱਜ਼ਤ ਨਹੀਂ ਸੀ ਬਲਕਿ ਉਹਨਾਂ ਨੂੰ ਹਰ ਥਾਂ ਬੇਪੱਤੀ ਦਾ ਸਾਹਮਣਾ ਕਰਨਾ ਪੈਂਦਾ ਸੀ। ਗੁਰੂ ਸਾਹਿਬਾਨ ਨੇ ਨੈਤਿਕ ਉਪਦੇਸ਼ਾਂ ਰਾਹੀਂ ਸਮੇਂ ਦੀ ਲੋੜ ਨੂੰ ਪੂਰਾ ਕਰਨ ਦਾ ਭਰਪੂਰ ਯਤਨ ਕੀਤਾ। ਉਹਨਾਂ ਨੇ ਜਾਤਿ, ਵਰਣ ਤੇ ਕੁਲ ਦੀ ਸ੍ਰੇਸ਼ਟਤਾ ਦੀ ਮਿੱਥ ਨੂੰ ਕਲਮ ਦੇ ਇਕੋ ਵਾਰ ਨਾਲ ਤੋੜ ਦਿੱਤਾ ਅਤੇ ਦੱਸਿਆ ਕਿ ਪਤਿ ਦੀ ਪ੍ਰਾਪਤੀ ਜਾਤਿ, ਕੁਲ ਦੇ ਆਧਾਰ ਤੇ ਨਹੀਂ ਹੁੰਦੀ ਬਲਕਿ ਕਰਮਾਂ ਦੇ ਆਧਾਰ ਤੇ ਹੁੰਦੀ ਹੈ। ਰੰਗ, ਜਾਤਿ, ਧਰਮ, ਨਸਲ, ਭਾਸ਼ਾ, ਕੌਮੀਅਤ, ਆਦਿ ਦੇ ਆਧਾਰ ਤੇ ਕੋਈ ਵੀ ਵੰਡ ਸਿੱਖ ਨੈਤਿਕਤਾ ਨਾ ਪ੍ਰਚਾਰਦੀ ਹੈ, ਨਾ ਪ੍ਰਵਾਨਦੀ ਹੈ। ਗੁਰਬਾਣੀ ਦਾ ਫਰਮਾਨ ਹੈ ਕਿ ਜਾਤਿ ਅਤੇ ਜਾਤੀ ਦਾ ਅਭਿਮਾਨ ਵਿਅਰਥ ਹੈ। ਸਾਰੇ ਜੀਵਾਂ ਦਾ ਇਕੋ ਹੀ ਆਸਰਾ ਹੈ ਤੇ ਸਭ ਅੰਦਰ ਉਸ ਇਕ ਦੀ ਹੀ ਜੋਤਿ ਵਿਦਮਾਨ ਹੈ। ਜੇ ਕੋਈ ਆਪਣੇ ਆਪ ਨੂੰ ਚੰਗਾ ਅਖਵਾਉਦਾ ਹੈ ਤਾਂ ਉਹ ਚੰਗਾ ਨਹੀ ਹੋ ਜਾਂਦਾ। ਚੰਗਾ ਕੋਈ ਤਦ ਹੋ ਕੇ ਦਿੱਸਦਾ ਹੈ ਜੇ ਉਸਦੀ ਇੱਜ਼ਤ ਲੇਖੇ ਵਿੱਚ ਕਬੂਲ ਪਵੇ :

**ਫਕੜ ਜਾਤੀ ਫਕੜੁ ਨਾਉ॥**
**ਸਭਨਾ ਜੀਆ ਇਕਾ ਛਾਉ॥**
**ਆਪਹੁ ਜੇ ਕੋ ਭਲਾ ਕਹਾਏ॥**
**ਨਾਨਕ ਤਾਪਰੁ ਜਾਪੈ ਜਾ ਪਤਿ ਲੇਖੈ ਪਾਇ॥**[19]

ਗੁਰੂ ਨਾਨਕ ਦੇਵ ਜੀ ਆਪਣੇ ਆਪ ਨੂੰ ਨੀਵੀਂ ਜਾਤ ਦਾ ਕਹਿ ਕੇ ਨਿਮਰਤਾ ਦਾ ਸਬੂਤ ਦਿੰਦੇ ਹਨ। ਪਰਮਾਤਮਾ ਦੀ ਬਖਸ਼ਿਸ਼ ਉੱਥੇ ਹੈ ਜਿੱਥੇ ਨਿਮਰਤਾ ਹਲੀਮੀ ਹੈ ਅਤੇ ਹਉਮੈ ਦਾ ਅਭਾਵ ਹੈ :

**ਨੀਚਾ ਅੰਦਰਿ ਨੀਚ ਜਾਤਿ ਨੀਚੀ ਹੂ ਅਤਿ ਨੀਚੁ॥**
**ਨਾਨਕੁ ਤਿਨ ਕੈ ਸੰਗਿ ਸਾਥਿ**
**ਵਡਿਆ ਸਿਉ ਕਿਆ ਰੀਸ॥**
**ਜਿਥੈ ਨੀਚ ਸਮਾਲੀਅਨਿ ਤਿਥੈ ਨਦਰਿ ਤੇਰੀ ਬਖਸੀਸ॥**[20]

ਮੱਧਕਾਲੀਨ ਸਮਾਜ ਵਿੱਚ ਇਸਤਰੀ ਨੂੰ ਸਤਿਕਾਰ ਅਤੇ ਬਰਾਬਰੀ ਦਾ ਦਰਜਾ ਹਾਸਲ ਨਹੀਂ ਸੀ। ਉਸ ਦਾ ਮਾਨ-ਸਨਮਾਨ ਉਸ ਦੇ ਆਪਣੇ ਪਰਿਵਾਰ ਵਿੱਚ ਵੀ ਖ਼ਤਮ ਹੋ ਗਿਆ ਸੀ। ਤਿਆਗੀ ਵੈਰਾਗੀ ਸੰਪਰਦਾਇ ਤਾਂ ਇਸਤਰੀ ਨੂੰ ਆਤਮਿਕ ਗਿਰਾਵਟ ਅਤੇ ਸਮਾਜਿਕ ਭੈੜਾਂ ਦਾ ਮੂਲ ਕਾਰਨ ਪ੍ਰਵਾਨ ਕਰਨ ਲਗ ਪਏ ਸਨ। ਇਸਤਰੀ ਮਾਇਆਵੀ ਬੰਧਨਾਂ ਦਾ ਮੂਲ ਕਾਰਨ ਪ੍ਰਵਾਨ ਕੀਤੀ ਜਾਂਦੀ ਸੀ। ਗੁਰੂ ਨਾਨਕ ਦੇਵ ਜੀ ਨੇ ਇਸਤਰੀ ਦੀ ਅਜੇਹੀ ਦਸ਼ਾ ਨੂੰ ਆਪਣੇ ਅਖੀਂ ਦੇਖਿਆ। ਆਪ ਨੇ ਇਸਤਰੀ ਦੇ ਮਾਨ-ਪ੍ਰਤਿਸ਼ਠਾ ਨੂੰ ਮੁੜ ਸੁਰਜੀਤ ਕਰਨ ਲਈ ਦੇਸ਼ ਵਾਸੀਆਂ ਨੂੰ ਵੰਗਾਰਿਆ :

**ਭੰਡਿ ਜੰਮੀਐ ਭੰਡਿ ਨਿੰਮੀਐ ਭੰਡਿ ਮੰਗਣੁ ਵੀਆਹੁ॥**
**ਭੰਡਹੁ ਹੋਵੈ ਦੋਸਤੀ ਭੰਡਹੁ ਚਲੈ ਰਾਹੁ॥**
**ਭੰਡੁ ਮੁਆ ਭੰਡੁ ਭਾਲੀਐ ਭੰਡਿ ਹੋਵੈ ਬੰਧਾਨੁ॥**
**ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ॥**[21]

ਗੁਰੂ ਨਾਨਕ ਦੇਵ ਜੀ ਨੇ ਬਚਪਨ ਤੋਂ ਹੀ ਅਜਿਹੀ ਸਥਿਤੀ ਦਾ ਵਿਰੋਧ ਕੀਤਾ ਜਿਸ ਵਿੱਚ ਮਨੁੱਖ ਦਾ ਕੋਈ ਮਾਨ-ਸਨਮਾਨ ਨਹੀਂ ਸੀ। ਆਪ ਨੇ ਹਮੇਸ਼ਾ ਹੀ ਸਦਾਚਾਰਕ ਗੁਣ ਗ੍ਰਹਿਣ ਵੱਲ ਪ੍ਰੇਰਿਤ ਕੀਤਾ। ਬਚਪਨ ਵਿੱਚ ਹੀ ਜਦ ਆਪ ਨੂੰ ਪਿਤਾ ਪਾਸੋਂ ਖੇਤੀ ਦੀ ਦੇਖ ਭਾਲ ਕਰਨ ਦਾ ਆਦੇਸ਼ ਹੋਇਆ ਤਾਂ ਆਪ ਨੇ ਕਿਹਾ :

**ਮਨੁ ਹਾਲੀ ਕਿਰਸਾਣੀ ਕਰਣੀ ਸਰਮੁ ਪਾਣੀ ਤਨੁ ਖੇਤੁ॥**
**ਨਾਮੁ ਬੀਜੁ ਸੰਤੋਖੁ ਸੁਹਾਗਾ ਰਖੁ ਗਰੀਬੀ ਵੇਸੁ॥**
**ਭਾਉ ਕਰਮ ਕਰਿ ਜੰਮਸੀ ਸੇ ਘਰ ਭਾਗਠ ਦੇਖੁ॥**[22]

ਜਦ ਨੌਂ ਸਾਲ ਦੀ ਉਮਰ ਵਿੱਚ ਪ੍ਰੋਹਿਤ ਨੇ ਆਪ ਦੇ ਗਲ ਜਨੇਊ ਪਾਉਣਾ ਚਾਹਿਆ ਤਾਂ ਆਪ ਨੇ ਇਸ ਜਨੇਊ ਨੂੰ ਪਹਿਨਣ ਤੋਂ ਇਨਕਾਰ ਕਰ ਦਿੱਤਾ ਤੇ ਅਸਲੀ ਜਨੇਊ (ਸਦਾਚਾਰਕ ਗੁਣਾਂ) ਨੂੰ ਧਾਰਨ ਕਰਨ ਦੀ ਮੰਗ ਕੀਤੀ :

**ਦਇਆ ਕਪਾਹ ਸੰਤੋਖੁ ਸੂਤੁ ਜਤੁ ਗੰਢੀ ਸਤੁ ਵਟੁ॥**
**ਏਹੁ ਜਨੇਊ ਜੀਅ ਕਾ ਹਈ ਤ ਪਾਡੇ ਘਤੁ॥**
**ਨਾ ਏਹੁ ਤੁਟੈ ਨ ਮਲੁ ਲਗੈ ਨਾ ਏਹੁ ਜਲੈ ਨ ਜਾਇ॥**
**ਧੰਨੁ ਸੁ ਮਾਣਸ ਨਾਨਕਾ ਜੋ ਗਲਿ ਚਲੇ ਪਾਇ॥**[23]

ਗੁਰੂ ਜੀ ਨੇ ਸੰਸਾਰਕ ਸੂਤਕ ਦਾ ਖੰਡਨ ਕਰਦੇ ਹੋਏ ਕਿਹਾ ਕਿ ਇਸ ਤੋਂ ਮਨੁੱਖ ਨੂੰ ਬਚਣਾ ਚਾਹੀਦਾ ਹੈ ਤੇ ਸ਼ੁਭ ਗੁਣਾਂ ਦੇ ਸੂਤਕ ਨੂੰ ਧਾਰਨ ਕਰਨਾ ਚਾਹੀਦਾ ਹੈ :

**ਮਨ ਕਾ ਸੂਤਕੁ ਲੋਭੁ ਹੈ ਜਿਹਵਾ ਸੂਤਕੁ ਕੂੜੁ॥**
**ਅਖੀ ਸੂਤਕੁ ਵੇਖਣਾ ਪਰ ਤ੍ਰਿਅ ਪਰ ਧਨ ਰੂਪੁ॥**
**ਕੰਨੀ ਸੂਤਕੁ ਕੰਨਿ ਪੈ ਲਾਇਤਬਾਰੀ ਖਾਹਿ॥**
**ਨਾਨਕ ਹੰਸਾ ਆਦਮੀ ਬਧੇ ਜਮ ਪੁਰਿ ਜਾਹਿ॥**[24]

ਮਨੁੱਖ ਨੂੰ ਪ੍ਰਭੂ ਦੇ ਨਾਮ ਰੂਪ ਧਾਗਾ ਧਾਰਨ ਕਰਨਾ ਚਾਹੀਦਾ ਹੈ, ਉਸ ਦੇ ਨਾਲ ਹੀ ਇੱਜ਼ਤ ਮਿਲਦੀ ਹੈ। ਪ੍ਰਭੂ ਦੀ ਉਸਤਤ ਅਤੇ ਨਾਮਰੂਪ ਧਾਗਾ ਕਦੇ ਨਹੀਂ ਟੁੱਟਦਾ :

**ਨਾਇ ਮੰਨਿਐ ਪਤਿ ਊਪਜੈ ਸਾਲਾਹੀ ਸਚੁ ਸੂਤੁ॥**
**ਦਰਗਹ ਅੰਦਰਿ ਪਾਈਐ ਤਗੁ ਨ ਤੂਟਸਿ ਪੂਤ॥**[25]

ਆਪ ਨੇ ਬਾਹਰੀ ਕਰਮਕਾਂਡਾਂ ਨੂੰ ਤਿਆਗਣ ਤੇ ਅੰਤਰਮਈ ਜੀਵਨ ਜਿਉਣ ਤੇ ਬਲ ਦਿੱਤਾ, ਜਿਥੇ ਚਿੰਤਨ ਤੇ ਧਿਆਨ ਦੁਆਰਾ ਅਤੇ ਸਦਾਚਾਰਕ ਰਹਿਣੀ ਬਹਿਣੀ ਨਾਲ ਜੀਵ-ਆਤਮਾ ਪਰਮਾਤਮਾ ਵਿੱਚ ਅਭੇਦ ਹੋ ਜਾਂਦੀ ਹੈ।

ਗੁਰੂ ਨਾਨਕ ਦੇਵ ਜੀ ਦੇ ਵਿਸ਼ਵ ਦ੍ਰਿਸ਼ਟੀਕੋਣ ਵਿੱਚ ਮਨੁੱਖੀ ਜੀਵਨ ਨੂੰ ਅਤਿਅੰਤ ਸਾਰਥਕ ਮੰਨਿਆ ਗਿਆ ਹੈ ਇਥੋਂ ਤੱਕ ਕਿ ਇਸ ਵਿੱਚ ਆਪਣੇ ਮੂਲ ਸੋਮੇ ਨਾਲ ਅਭੇਦ ਹੋ ਸਕਣ ਤੇ ਮਨੁੱਖੀ ਗੌਰਵ ਨੂੰ ਉੱਚਾ ਚੁੱਕਣ ਦੀਆਂ ਅਨੰਤ ਸੰਭਾਵਨਾਵਾਂ ਸਵੀਕਾਰ ਕੀਤੀਆਂ ਗਈਆਂ ਹਨ। ਗੁਰੂ ਨਾਨਕ ਬਾਣੀ ਵਿੱਚ ਭਾਵੇਂ ਕਰਮ ਦੀ ਨਿਰੰਕੁਸ਼ ਸ੍ਰੇਸ਼ਟਤਾ ਨੂੰ ਪਰਵਾਨ ਨਹੀਂ ਕੀਤਾ ਗਿਆ ਅਤੇ ਈਸ਼ਵਰ ਦੀ ਕ੍ਰਿਪਾ ਨੂੰ ਨਾਲ ਸ਼ਾਮਿਲ ਕੀਤਾ ਗਿਆ ਹੈ ਪਰ ਫੇਰ ਵੀ ਇਸ ਦੀ ਉਚਿੱਤ ਸਾਰਥਕਤਾ ਜ਼ਰੂਰੀ ਮੰਨੀ ਗਈ ਹੈ :

**ਜੈਸਾ ਬੀਜੈ ਸੋ ਲੁਣੇ ਜੋ ਖਟੇ ਸੁੋ ਖਾਇ॥**[26]

ਜਪੁਜੀ ਵਿੱਚ ਤਾਂ ਇਸ ਜਗਤ ਨੂੰ ਧਰਮ ਖੰਡ ਦੇ ਅੰਤਰਗਤ ਰੱਖਿਆ ਗਿਆ ਹੈ ਜਿਸ ਵਿੱਚ ਅਨੇਕ ਤਰ੍ਹਾਂ ਦੇ ਜੀਵ ਹਨ ਅਤੇ ਜਿਨ੍ਹਾਂ ਦੇ ਕਰਮਾਂ ਨੂੰ ਸੱਚੇ ਦੇ ਦਰਬਾਰ ਵਿੱਚ ਵਿਚਾਰਿਆ ਜਾਂਦਾ ਹੈ ਅਰਥਾਤ ਉਹਨਾਂ ਦੀ ਚੰਗਿਆਈ ਬੁਰਿਆਈ ਦਾ ਅੰਤਿਮ ਨਿਰਣਾ ਕੀਤਾ ਜਾਦਾ ਹੈ :

**ਰਾਤੀ ਰੁਤੀ ਥਿਤੀ ਵਾਰ॥**
**ਪਵਣ ਪਾਣੀ ਅਗਨੀ ਪਾਤਾਲ॥**
**ਤਿਸੁ ਵਿਚਿ ਧਰਤੀ ਥਾਪਿ ਰਖੀ ਧਰਮਸਾਲ॥**
**ਤਿਸੁ ਵਿਚਿ ਜੀਅ ਜੁਗਤਿ ਕੇ ਰੰਗ॥**
**ਤਿਨ ਕੇ ਨਾਮ ਅਨੇਕ ਅਨੰਤ॥**
**ਕਰਮੀ ਕਰਮੀ ਹੋਇ ਵੀਚਾਰੁ॥**
**ਸਚਾ ਆਪਿ ਸਚਾ ਦਰਬਾਰੁ॥**
**ਤਿਥੈ ਸੋਹਨਿ ਪੰਚ ਪਰਵਾਣੁ॥**
**ਨਦਰੀ ਕਰਮਿ ਪਵੈ ਨੀਸਾਣੁ॥**
**ਕਚ ਪਕਾਈ ਓਥੈ ਪਾਇ॥**
**ਨਾਨਕ ਗਇਆ ਜਾਪੈ ਜਾਇ॥**[27]

ਮਨੁੱਖੀ ਦੀ ਮੁਕਤੀ ਦੇ ਰਾਹ ਵਿੱਚ ਹਉਮੈਂ ਸਭ ਤੋਂ ਵੱਡਾ ਰੋੜਾ ਹੈ। ਆਸਾ ਦੀ ਵਾਰ ਵਿੱਚ ਹਉਮੈ ਨੂੰ ਮਨੁੱਖ ਦੀ ਸੰਪੂਰਨ

ਸਦਾਚਾਰਕ ਸਖਸ਼ੀਅਤ ਦਾ ਲਖਾਇਕ ਸਵੀਕਾਰ ਕੀਤਾ ਗਿਆ ਹੈ। ਇਸਦੇ ਕਾਰਨ ਹੀ ਮਨੁੱਖ ਸਚਿਆਰ ਜਾਂ ਕੂੜਿਆਰ ਬਣਦਾ ਹੈ :

**ਹਉ ਵਿਚਿ ਸਚਿਆਰੁ ਕੂੜਿਆਰੁ॥**[28]

ਜਿਹੜਾ ਮਨੁੱਖ ਹਉਮੈ ਨੂੰ ਮਾਰ ਕੇ ਜੀਵਨ ਰਜ਼ਾ ਨੂੰ ਮੰਨਦਾ ਹੈ, ਆਪਾ ਪਛਾਣਦਾ ਹੈ, ਉਹ ਜੀਵਨ ਮੁਕਤ ਹੋ ਕੇ ਇਸ ਸੰਸਾਰ ਵਿੱਚੋਂ ਜਾਂਦਾ ਹੈ ਤੇ ਅਜਿਹਾ ਗੁਰਮੁਖ ਹਰੀ ਦੀ ਦਰਗਾਹ ਵਿੱਚ ਵੀ ਵਡਿਆਈ ਪਾਉਂਦਾ ਹੈ :

**ਜੀਵਨ ਮੁਕਤੁ ਸੋ ਆਖੀਐ ਜਿਸੁ ਵਿਚਹੁ ਹਉਮੈ ਜਾਇ॥**[29]

ਮਨੁੱਖੀ ਜੀਵਨ ਵਿੱਚ ਔਗੁਣਾਂ ਦੀ ਹੋਂਦ ਹੀ ਬੰਧਨ ਦਾ ਮੂਲ ਕਾਰਣ ਮੰਨੀ ਗਈ ਹੈ ਇਸ ਲਈ ਗੁਰੂ ਨਾਨਕ ਦੇਵ ਜੀ ਸਪਸ਼ਟ ਸ਼ਬਦਾਂ ਵਿੱਚ ਔਗੁਣਾਂ ਨੂੰ ਤਿਆਗ ਕੇ ਗੁਣਾਂ ਦਾ ਸੰਗ੍ਰਹਿ ਕਰਨ ਦੀ ਪ੍ਰੇਰਨਾ ਦਿੰਦੇ ਹਨ :

**ਵਣਜੁ ਕਰਹੁ ਮਖਸੂਦੁ ਲੈਹੁ ਮਤ ਪਛੋਤਾਵਹੁ॥**
**ਅਉਗਣ ਛੋਡਹੁ ਗੁਣ ਕਰਹੁ ਐਸੇ ਤਤੁ ਪਰਾਵਹੁ॥**[30]

ਸਚਿਆਰ ਮਨੁੱਖ ਨੂੰ ਹਰ ਥਾਂ ਮਾਨ-ਸਨਮਾਨ ਮਿਲਦਾ ਹੈ। ਸਚਿਆਰੇ ਨੂੰ ਅਮੋਲਕ ਸੱਚ ਨਾਮ ਦੀ ਪ੍ਰਾਪਤੀ ਹੁੰਦੀ ਹੈ :

**ਸਚਿਆਰੀ ਸਚੁ ਸੰਚਿਆ ਸਾਚਉ ਨਾਮੁ ਅਮੋਲੁ॥**
**ਹਰਿ ਨਿਰਮਾਇਲੁ ਊਜਲੋ**
**ਪਤਿ ਸਾਚੀ ਸਚੁ ਬੋਲੁ॥**[31]

ਗੁਰੂ ਦੇ ਸਿੱਖ ਨੇ ਹਲੀਮ ਤਾਂ ਜਰੂਰ ਰਹਿਣਾ ਹੈ ਪਰ ਨਾ ਕਿਸੇ ਨੂੰ ਡਰਾਉਣਾ ਹੈ ਅਤੇ ਨਾ ਹੀ ਕਿਸੇ ਤੋਂ ਡਰਨਾ ਹੈ। ਪਿਆਰ, ਇੱਜ਼ਤ ਨਾਲ ਜਿਉਣਾ ਹੈ ਤੇ ਦੂਜੇ ਨੂੰ ਜੀਣ ਦੇਣਾ ਹੈ। ਗੁਰੂ ਨਾਨਕ ਦੇਵ ਜੀ ਵੀ ਬਾਣੀ ਵਿੱਚ ਤਾਕੀਦ ਕਰਦੇ ਹਨ ਕਿ ਇੰਨਾਂ ਨਿਰਬਲ, ਨਿਤਾਣਾ ਤੇ ਨਿਮਾਣਾ ਹੋ ਕੇ ਵੀ ਨਹੀਂ ਜਿਉਣਾ ਕਿ ਹਰ ਕੋਈ ਪਤਿ ਨੂੰ ਹੱਥ ਪਾ ਲਵੇ। ਪਤਿਹੀਣ ਮਨੁੱਖ ਦਾ ਜਿਉਂਣਾ, ਜਿਉਂਣਾ ਨਹੀਂ ਉਹ ਤਾਂ ਮੂਲੋਂ ਸੱਖਣੀ ਮੁੱਢੋਂ ਨਿਘਰੀ ਜਿੰਦਗੀ ਹੈ:

**ਜੇ ਜੀਵੈ ਪਤਿ ਲਥੀ ਜਾਇ॥**
**ਸਭੁ ਹਰਾਮੁ ਜੇਤਾ ਕਿਛੁ ਖਾਇ॥**[32]

ਸਿੱਖਾਂ ਨੂੰ ਮਨੁੱਖੀ ਮਾਨ ਸਨਮਾਨ ਦੀ ਰਾਖੀ ਦੀ ਖਾਤਰ ਸ਼ਹੀਦੀ ਦੀ ਗੁੜਤੀ ਗੁਰੂ ਨਾਨਕ ਦੇਵ ਜੀ ਨੇ ਦਿੱਤੀ। ਉਹਨਾਂ ਅਨੁਸਾਰ ਇਸ ਕੁੰਭ ਰੂਪੀ ਸਰੀਰ ਦੀ ਹੋਂਦ ਆਰਜੀ ਹੈ ਸਦੀਵੀਂ ਹੋਂਦ ਸਰੀਰ ਵਿੱਚ ਸਥਿਤ ਆਤਮਾ ਦੀ ਹੈ, ਜਿਹੜੇ ਮਨੁੱਖ ਇਸ ਸਰੀਰ ਨੂੰ ਸੂਰਮਿਆਂ ਵਾਂਗ ਕੁਰਬਾਨ ਕਰਦੇ ਹਨ ਉਹ ਹੀ ਪਰਮਾਤਮਾ ਅੱਗੇ ਪਰਵਾਨ ਹੁੰਦੇ ਹਨ ਅਤੇ ਉਹਨਾਂ ਨੂੰ ਹੀ ਮਾਨ ਮਿਲਦਾ ਹੈ :

**ਮਰਣੁ ਮੁਣਸਾ ਸੂਰਿਆ ਹਕੁ ਹੈ**
**ਜੋ ਹੋਇ ਮਰਨਿ ਪਰਵਾਣੋ॥**
**ਸੂਰੇ ਸੇਈ ਆਗੈ ਆਖੀਅਹਿ**
**ਦਰਗਹ ਪਾਵਹਿ ਸਾਚੀ ਮਾਣੋ॥**
**ਦਰਗਹ ਮਾਣੁ ਪਾਵਹਿ ਪਤਿ ਸਿਉ ਜਾਵਹਿ**
**ਆਗੈ ਦੂਖੁ ਨ ਲਾਗੈ॥**[33]

ਜਿਸ ਤਰ੍ਹਾਂ ਭਾਰਤੀ ਲੋਕ ਵਿਦੇਸ਼ੀਆਂ ਪਾਸੋਂ ਗੁਲਾਮੀ ਦੀਆਂ ਪੰਜਾਲੀਆਂ ਆਪਣੀਆਂ ਧੌਣਾਂ ਉੱਤੇ ਰਖਵਾਉਂਦੇ ਰਹੇ, ਉਸ ਤੋਂ ਤਾਂ ਇਹ ਹੀ ਲਗਦਾ ਹੈ ਕਿ ਭਾਰਤ ਵਾਸੀਆਂ ਨੂੰ ਸਖਤ ਲੋੜ ਸੀ, ਗੁਰੂ ਨਾਨਕ ਦੇਵ ਜੀ ਵਰਗੇ ਕਿਸੇ ਧਾਰਮਿਕ ਆਗੂ ਦੀ, ਜੋ ਕਿ ਸਾਨੂੰ ਸਾਡੇ ਮਾਨ-ਸਨਮਾਨ ਪ੍ਰਤੀ ਜਾਗਰੁਕ ਕਰਦਾ, ਤੇ ਗੁਰੂ ਸਾਹਿਬ ਨੇਂ ਇਹ ਕੰਮ ਬਾਖੂਬੀ ਨਿਭਾਇਆ। ਉਨ੍ਹਾਂ ਨੇਂ ਵਾਰ-ਵਾਰ ਮਨੁੱਖੀ ਗੌਰਵ ਨੂੰ ਉੱਚਾ ਚੁੱਕਣ ਦੀ ਪ੍ਰੇਰਨਾ ਦੇ ਕੇ ਇਸਦੀ ਚੇਤਨਾ ਸਾਡੀ ਮਨੋਬਿਰਤੀ ਦੇ ਧੁਰ ਅੰਦਰ ਵਸਾ ਦਿੱਤੀ। ਗੁਰੂ ਸਾਹਿਬ ਦੁਆਰਾ ਲਾਈ ਇਸ ਲਾਗ ਦੇ ਸਦਕੇ ਹੀ ਸਿੱਖ ਸਮੇਂ-ਸਮੇਂ ਸਿਰ ਆਪਣੀ ਤੇ ਆਪਣੇ ਦੇਸ਼ ਅਤੇ ਕੌਮ ਦੇ ਇੱਜ਼ਤ-ਮਾਨ ਦੀ ਰੱਖਿਆ ਲਈ ਕੁਰਬਾਨੀਆਂ ਦਿੰਦੇ ਆਏ ਹਨ, ਤੇ ਉਹ ਆਪਣੇ ਆਪ ਨੂੰ ਸਿੱਖ ਤੇ ਗੁਰੂ ਦੇ ਸਿੰਘ ਅਖਵਾਉਣ ਵਿੱਚ ਫਖਰ ਮਹਿਸੂਸ ਕਰਦੇ ਹਨ।

ਗੁਰੂ ਨਾਨਕ ਦੇਵ ਜੀ ਨੇਂ ਪਤਿ ਦੇ ਪਰਵਾਨੇ ਨੂੰ ਕਸਵੱਟੀ ਬਣਾ ਕੇ ਜੋ ਇਕ ਨਵੇਂ ਮਨੁੱਖ ਤੇ ਸਮਾਜ ਦੇ ਸਿਰਜਨ ਦਾ ਸੁਪਨਾ ਲਿਆ ਸੀ ਉਹ ਉਹਨਾਂ ਦੇ ਸਰੀਰ ਵਿੱਚ ਵਰਤਮਾਨ ਹੁੰਦਿਆਂ ਹੀ ਫਲੀਭੂਤ ਹੋਣਾ ਸ਼ੁਰੂ ਹੋ ਗਿਆ ਸੀ। ਉਹ ਲੋਕ ਜੋ ਮਾਨ ਸਤਿਕਾਰ, ਇੱਜ਼ਤ ਆਬਰੂ ਗੁਆ ਬੈਠੇ ਸਨ ਤੇ ਗੁਲਾਮੀ, ਲਾਚਾਰੀ ਅਤੇ ਜੁਲਮ ਤਸ਼ਦਦ ਸਹਿਣਾ ਜਿਨ੍ਹਾਂ ਦੀ ਰੀਤ ਬਣ ਗਈ ਸੀ ਥੋੜੇ ਸਮੇਂ ਵਿੱਚ ਹੀ ਇਸ ਹੱਦ ਤੱਕ ਬਦਲ ਗਏ ਕਿ ਮਾਨ ਸਤਿਕਾਰ, ਇੱਜ਼ਤ ਆਬਰੂ ਦੀ ਰੱਖਿਆ ਲਈ ਵਡੀਆਂ ਤੋਂ ਵਡੀਆਂ ਕੁਰਬਾਨੀਆਂ ਕਰਨ ਲੱਗ ਪਏ। ਭੱਟ ਤੇ ਪੰਡੇ ਜਿਨ੍ਹਾਂ ਨੇਂ ਸਦੀਆਂ ਤੋਂ ਦੂਜਿਆਂ ਦੇ ਗੁਣ ਗਾ ਕੇ ਮੰਗ ਖਾਣਾ ਆਪਣੀ ਸ਼ੈਲੀ ਬਣਾ ਲਈ ਸੀ ਗੁਰੂ ਹਰਿਗੋਬਿੰਦ ਸਾਹਿਬ ਦੀਆਂ ਜੰਗਾਂ ਵਿੱਚ ਮੁਹਰਲੀ ਕਤਾਰ ਵਿੱਚ ਲੜਨ ਵਾਲੇ ਸੂਰਮੇ ਹੋ ਨਿਬੜੇ। ਗੁਰੂ ਨਾਨਕ ਦੇਵ ਜੀ ਦੁਆਰਾ ਲੋਕਾਂ ਨੂੰ ਆਪਣੀ ਅਣਖ, ਆਬਰੂ ਤੇ ਮਾਨ-ਸਨਮਾਨ ਲਈ ਲੜ ਮਰਨ ਲਈ ਹਮੇਸ਼ਾ ਤਤਪਰ ਰਹਿਣ ਦੀ ਤਾਕੀਦ ਇਕ ਨਵੇਂ ਜੀਵਨ ਦਰਸ਼ਨ ਦੀ ਦੇਣ ਸੀ।

ਇਸ ਤਾਕੀਦ ਦੇ ਕਾਰਣ ਹੀ ਸਿੱਖਾਂ ਨੇ ਆਪਣੀਆਂ ਅਗ੍ਰਗਾਮੀ ਰਵਾਇਤਾਂ ਤੇ ਗੁਣਾਂ ਸਦਕਾ ਹਰ ਖੇਤਰ ਵਿੱਚ ਮਾਨ ਪਾਇਆ ਹੈ ਤੇ ਇਨ੍ਹਾਂ ਦੀ ਵਿਲੱਖਣ ਨਜ਼ਰੀ ਪੈਂਦੀ ਉੱਚੀ ਦਸਤਾਰ ਭਾਰਤ ਦਾ ਸਿਰ ਉੱਚਾ ਕਰਦੀ ਆਈ ਹੈ। ਹਿੰਦੂ ਦੀਆਂ ਸਰਹਦਾਂ ਉਤੇ ਜਦੋਂ-ਜਦੋਂ ਵੀ ਦੁਸ਼ਮਣਾ ਵੱਲੋਂ ਮਾਰੂ ਹੱਲੇ ਹੋਏ ਤਾਂ ਭਾਰਤੀ ਸੈਨਾ ਦੇ ਸਿੱਖ ਬਹਾਦਰਾਂ ਨੇ ਸੂਰਮਗਤੀ ਨਾਲ ਜੂਝ ਕੇ ਸਿੱਖ ਕੌਮ ਦੀ ਸ਼ਾਨ ਨੂੰ ਹੋਰ ਵਧਾਇਆ। ਸਿੱਖ ਕਿਰਤ ਕਰਕੇ ਵੰਡ ਛਕਣ ਦੇ ਅਸੂਲਾਂ ਦਾ ਧਾਰਨੀ ਹੈ, ਇਸ ਲਈ ਕਿਰਤੀਆਂ ਦੀ ਸ਼ਾਨ ਦੇ ਯੁੱਗ ਵਿੱਚ

ਉਸਦੀ ਚੜ੍ਹਦੀ ਕਲਾ ਨੂੰ ਰੋਕਿਆ ਨਹੀਂ ਜਾ ਸਕਦਾ। ਪੂਰਨ ਤੇ ਸਹੀ ਧਰਮ ਦੀ ਇਹੋ ਸ਼ਾਨ ਹੈ ਕਿ ਆਪ ਗੌਰਵਮਈ ਜੀਵਨ ਜਿਉਂਦਾ ਹੈ ਤੇ ਹੋਰਾਂ ਨੂੰ ਵੀ ਅਣਖ ਤੇ ਗੈਰਤ ਵਾਲਾ ਖੁਸ਼ਹਾਲ ਜੀਵਨ ਜਿਉਣ ਦਾ ਮੌਕਾ ਦਿੰਦਾ ਹੈ। ਸਿੱਖਾਂ ਅੰਦਰ ਦੇਸ਼ ਤੇ ਕੌਮ ਦੀ ਅਣਖ ਨੂੰ ਬਚਾਉਂਦੇ ਹੋਏ ਨਵਾਂ ਇਤਿਹਾਸ ਬਣਾਉਣ ਦੀ ਸ਼ਕਤੀ ਮੌਜੂਦ ਹੈ। ਇਨ੍ਹਾਂ ਗੁਣਾਂ ਦੇ ਸਦਕਾ ਹੀ ਤਾਂ ਸਿੱਖ ਮਾਣ ਨਾਲ ਰੋਜ਼ਾਨਾ ਗੁੰਜਾਰਾਂ ਪਾਉਂਦੇ ਹਨ:

> ਰਾਜ ਕਰੇਗਾ ਖਾਲਸਾ ਆਕੀ ਰਹੈ ਨ ਕੋਇ।
> ਖੁਆਰੁ ਹੋਇ ਸਭ ਮਿਲੈਂਗੇ ਬਚੇ ਸਰਨ ਜੋ ਹੋਇ।

ਜਦੋਂ ਅਨਿਆਂ ਤੇ ਬੇਪੱਤੀ ਦੀ ਦੁਹਾਈ ਉਤੇ ਪੰਜਾਬ ਵਿੱਚੋਂ ਗੁਰੂ ਨਾਨਕ ਦੇ ਨਾਮ-ਲੇਵਾ ਲੱਖਾਂ ਦੀ ਗਿਣਤੀ ਵਿੱਚ ਕਮਰ-ਕੱਸੇ ਕਰ ਕੇ ਖੇਤਾਂ ਵਿੱਚ ਨਿਕਲ ਆਉਣ ਤੇ ਜੋ ਗੁਰੂ ਦੇ ਲੜ ਨਹੀਂ ਲੱਗੇ ਉਹ ਘਰਾਂ ਦੀ ਸੁਰਖਿਆ ਦਾ ਨਿੱਘ ਮਾਣਦੇ ਰਹਿਣ ਤਾਂ ਇਹ ਸਮਝਣ ਵਿੱਚ ਦੇਰ ਨਹੀਂ ਲਗਣੀ ਚਾਹੀਦੀ ਕਿ ਗੁਰੂ ਨਾਨਕ ਸਾਹਿਬ ਦੀ ਮਨੁੱਖੀ ਗੌਰਵ ਦੀ ਰੱਖਿਆ ਦੀ ਲਲਕਾਰ ਗੁਰੂ ਸਾਹਿਬ ਨੂੰ ਮਾਨਤਾ ਦੇਣ ਵਾਲੇ ਹਿਰਦਿਆਂ ਦੀ ਹਰ ਗਿਆਤ ਤੇ ਅਗਿਆਤ ਤਾਰ ਨੂੰ ਟੁੰਬ ਚੁੱਕੀ ਹੈ, ਤੇ ਬੜੀ ਵਾਰੀ ਜਦੋਂ ਉਹਨਾਂ ਨੂੰ ਪਤਾ ਵੀ ਨਹੀਂ ਹੁੰਦਾ, ਅਚੇਤ ਤੌਰ ਉਤੇ ਪਤਿ ਨੂੰ ਖਤਰੇ ਤੋਂ ਬਚਾਉਣ ਦੀ ਭਾਵਨਾ ਹੀ ਉਨ੍ਹਾਂ ਦੀ ਪ੍ਰੇਰਕ ਬਣੀ ਹੋਈ ਹੁੰਦੀ ਹੈ। ਜਦੋਂ ਮਨੁੱਖ ਨੂੰ ਪਤਿ ਤੇ ਬੇਪੱਤੀ ਦੇ ਮਾਰਗਾਂ ਦੀ ਸੋਝੀ ਹੋ ਜਾਂਦੀ ਹੈ ਤਾਂ ਅਜਿਹੀ ਸੋਝੀ ਨਿਸ਼ਚੇ ਹੀ ਨਵੀਂ ਜੀਵਨ ਸ਼ੈਲੀ ਧਾਰਨ ਕਰੇਗੀ ਜਾਂ ਨਵੀਂ ਜਿਉਣ ਵਿਧੀ ਅਪਣਾਏਗੀ।

ਜੀਵਨ ਨੂੰ ਨਿਘਾਰ ਵਾਲੇ ਪਾਸੇ ਤੋਂ ਮੋੜ ਕੇ ਸਚਾਈ ਦੇ ਸੱਚੇ-ਸੁੱਚੇ ਮਾਰਗ ਵੱਲ ਜੋੜਨ ਲਈ ਇਹੀ ਕ੍ਰਾਂਤੀਕਾਰੀ ਪਲਟਾ ਹੈ ਜਿਥੇ ਸਦੀਆਂ ਦੇ ਮਾਰੇ-ਕੁੱਟੇ, ਦੱਬੇ-ਕੁਚਲੇ, ਲੋਕ ਨਵੀਂ ਜੀਵਨ ਸੇਧ ਅਪਣਾ ਕੇ ਜੀਵਨ ਵਿੱਚ ਨਵੀਂ ਜੀਵਣ ਰੌਅ ਸਿੰਚਰਦੇ ਹਨ। ਇਥੇ ਹੀ ਸਭ ਸੁਧਾਰਾਂ, ਕ੍ਰਾਂਤੀਆਂ ਅਤੇ ਪਲਟਿਆਂ ਦੀ ਨੀਂਹ ਧਰੀ ਜਾਂਦੀ ਹੈ। ਇਥੇ ਹੀ ਜੀਵਨ ਦੇ ਨਵੇਂ ਵਿਅਕਤੀਗਤ ਅਤੇ ਸਮਾਜਿਕ ਟੀਚੇ ਮਿੱਥੇ ਜਾਂਦੇ ਹਨ। ਇਥੇ ਹੀ ਧਰਮ ਦੀ ਪੁਨਰ ਜਾਗ੍ਰਿਤੀ ਹੁੰਦੀ ਹੈ ਅਤੇ ਇਹੀ ਮੋੜ ਲੋਕਾਂ ਦੀ ਨਵੀਂ ਕਿਸਮਤ ਦਾ ਮਾਰਗ ਹੋ ਨਿਬੜਦਾ ਹੈ। ਇਥੇ ਹੀ ਪੀਰੀ ਤੇ ਮੀਰੀ ਇਕ ਦੂਜੇ ਤੋਂ ਵੱਖਰੇ ਹੋਣ ਦੀ ਥਾਂ ਇਕ ਦੂਜੇ ਦੇ ਪੂਰਕ ਹੋ ਜਾਂਦੇ ਹਨ। ਇਥੇ ਹੀ ਸ਼ਾਂਤ ਭਗਤੀ ਮਾਰਗ ਨਵੇਂ ਸਮਾਜ ਦੀ ਸਿਰਜਣਾ ਲਈ ਕ੍ਰਾਂਤੀਕਾਰੀ ਜਦੋ-ਜਹਿਦ ਨਾਲ ਜੁੜ ਜਾਂਦਾ ਹੈ। ਇਹੀ ਸੰਤ ਸਿਪਾਹੀ ਦੀ ਮਿਲਵੀਂ ਘਾੜਤ ਦਾ ਆਧਾਰ ਹੈ ਜੋ ਜਰਵਾਣੇ, ਜ਼ਾਲਮ, ਪਾਪੀ ਸ਼ਾਸਕਾਂ ਅਤੇ ਉਹਨਾਂ ਦੇ ਸਹਿਯੋਗੀਆਂ ਦੀ ਮੌਤ ਦਾ ਸੰਦੇਸ਼ ਬਣ ਕੇ ਆਉਂਦਾ ਹੈ।

—●-●—

– ਡਾ. ਕਿਰਨਦੀਪ ਕੌਰ

**ਹਵਾਲੇ :**


1. Hari Ram Gupta, History of the Sikhs, Vol. I, Munshiram Manoharlaal pvt. Ltd., Delhi, 1984, p. 25.
2. ਸ਼ੇਰ ਸਿੰਘ, ਗੁਰਮਤਿ ਦਰਸ਼ਨ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ, 1962, ਪੰਨਾ 33.
3. Bhagat Lakshman Singh, The Sikh Martyrs, Singh Brothers, Amritsar, 2006, p. 43.
4. ਦੌਲਤ ਰਾਏ, ਸਾਹਿਬੇ ਕਮਾਲ ਗੁਰੂ ਗੋਬਿੰਦ ਸਿੰਘ ਜੀ, ਗ੍ਰੇਟਰ ਲੰਡਨ ਕੇਂਦਰੀ ਸਿੰਘ ਸਭਾ, ਸਾਊਥਹਾਲ, 1981, ਪੰਨਾ 4.
5. ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ 662.
6. ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ 1013.
7. ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ 145.
8. ਵਾਰਾਂ ਭਾਈ ਗੁਰਦਾਸ, ਵਾਰ ਪਹਿਲੀ, ਪਉੜੀ 27.
9. ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ 871.
10. ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ 360.
11. ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ 417.
12. ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ 1411.
13. ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ 140-41.
14. ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ 4.
15. ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ 1010.
16. ਸ਼ੇਰ ਸਿੰਘ, ਗੁਰਮਤਿ ਦਰਸ਼ਨ, ਅੰਗ 35-36.
17. ਜੋਗਿੰਦਰ ਸਿੰਘ, ਖਾਲਸੇ ਦੀ ਜੋਤਿ ਤੇ ਜੁਗਤਿ, ਸੁੰਦਰ ਸਰੂਪ ਪ੍ਰਕਾਸ਼ਨ, ਨਵੀਂ ਦਿੱਲੀ, 1999, ਪੰਨਾ 169.
18. ਤ੍ਰਿਲੋਚਨ ਸਿੰਘ, 'ਗੁਰੂ ਨਾਨਕ ਦਾ ਸਿੱਖ ਧਰਮ', ਗੁਰੂ ਨਾਨਕ: ਜੀਵਨ, ਯੁੱਗ ਅਤੇ ਉਪਦੇਸ਼, ਗੁਰਮੁਖ ਨਿਹਾਲ ਸਿੰਘ (ਸੰਪਾ.), ਗੁਰੂ ਨਾਨਕ ਫਾਉਂਡੇਸ਼ਨ, ਨਵੀਂ ਦਿੱਲੀ, ਪੰਨਾ 87.
19. ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ 83.
20. ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ 15.
21. ਸ੍ਰੀ ਗੁਰੂ ਗ੍ਰੰਥ ਸਾਹਿਬ, ਅਗ 473.
22. ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ 595.
23. ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ 471.
24. ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ 472.
25. ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ 471.
26. ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ 730.
27. ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ 7.
28. ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ 466.
29. ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ 1010.
30. ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ 418.
31. ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ 937.
32. ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ 142.
33. ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ 579-80.

## ਗੁਰੂ ਨਾਨਕ ਸਾਹਿਬ ਦਾ ਨਿਕਟਵਰਤੀ ਸ਼ਰਧਾਲੂ ਸਿੱਖ

# ਭਾਈ ਮਰਦਾਨਾ ਜੀ



ਕੌਮਾਂ ਅਤੇ ਦੇਸ਼ਾਂ ਦੇ ਇਤਿਹਾਸ, ਇੱਕ ਨਹੀਂ ਅਨੇਕਾਂ ਸੂਝਵਾਨ ਹਸਤੀਆਂ ਦੀਆਂ ਘਾਲਣਾਵਾਂ ਜਾਂ ਯੋਗਦਾਨ ਦੇ ਨਤੀਜੇ ਵਜੋਂ ਹੋਂਦ ਵਿਚ ਆਉਂਦੇ ਹਨ। ਕਿਸੇ ਵਿਰਲੇ ਜਾਂ ਕੁੱਝ ਵਿਸ਼ੇਸ਼ ਮਨੁੱਖਾਂ ਦੇ ਜੀਵਨ ਕਾਰਜਾਂ, ਵਿਚਾਰਾਂ ਅਤੇ ਹੋਰਾਂ ਨਾਲ ਕੀਤੇ ਵਰਤਾਰੇ, ਜੋ ਸਮੁੱਚੇ ਮਾਨਵੀ ਸਮਾਜ ਨੂੰ ਆਪਣੀ ਲਪੇਟ ਵਿਚ ਲੈਣ ਦੇ ਸਮਰੱਥ ਹੋਏ, ਇਤਿਹਾਸ ਦਾ ਕੰਮ ਉਨ੍ਹਾਂ ਤੱਥਾਂ ਦੀ ਸੰਭਾਲਣਾ ਕਰਨਾ ਹੈ। ਇਸੇ ਲਈ ਕੌਮਾਂ ਦਾ ਇਤਿਹਾਸ, ਕੌਮਾਂ ਅਤੇ ਦੇਸ਼ ਦਾ ਵਿਰਸਾ ਹੀ ਨਹੀਂ, ਜਿੰਦ ਜਾਨ ਅਤੇ ਸ਼ਕਤੀ ਦਾ ਸੋਮਾ ਵੀ ਹੁੰਦਾ ਹੈ। ਕੌਮਾਂ ਬੜੇ ਸਿਦਕ ਨਾਲ ਆਪਣੇ ਵਿਰਸੇ ਦੀ ਪਹਿਚਾਨ ਬਣਾਈ ਰੱਖਣ ਲਈ, ਆਪਣੇ ਰਚੇ ਇਤਿਹਾਸ ਦੀ ਸੰਭਾਲਣਾ ਕਰਨਾ ਆਪਣਾ ਫ਼ਰਜ਼ ਸਮਝਦੀਆਂ ਹਨ। ਜੀਉਂਦੀਆਂ ਕੌਮਾਂ ਆਪਣੇ ਵਿਰਸੇ ਨੂੰ ਵਿਸਾਰਨ ਦੀ ਥਾਂ, ਗਾਹੇ-ਬਗਾਹੇ ਨਾ ਸਿਰਫ ਆਪਣੇ ਰਚੇ ਇਤਿਹਾਸ ਨੂੰ ਯਾਦ ਕਰਨ ਦਾ ਉਪਰਾਲਾ ਹੀ ਕਰਦੀਆਂ ਹਨ, ਸਗੋਂ, ਨਵੀਨ ਖੋਜਾਂ ਦੇ ਆਧਾਰ ਤੇ ਅਤੀਤ ਦੇ ਇਤਿਹਾਸ ਦੀਆਂ ਊਣਤਾਈਆਂ/ਭੁੱਲਾਂ

ਨੂੰ ਸੁਧਾਰਨ ਦਾ ਉਪਰਾਲਾ ਵੀ ਕਰਦੀਆਂ ਹਨ। ਬਦਲਦੇ ਸਮਿਆਂ ਅਤੇ ਹਾਲਾਤਾਂ ਵਿਚ, ਨਵੀਨ ਖੋਜਾਂ, ਅਨੇਕਾਂ ਕੌਮਾਂ ਅਤੇ ਦੇਸ਼ਾਂ ਦੇ ਇਤਿਹਾਸ ਦਾ ਚਿਹਰਾ-ਮੋਹਰਾ ਨਿਖਾਰਨ-ਸੰਵਾਰਨ ਦਾ ਕੰਮ ਕਰਦੀਆਂ ਰਹਿੰਦੀਆਂ ਹਨ।

ਸਿੱਖ ਇਤਿਹਾਸ ਵਿਚ ਵੀ ਨਵੀਆਂ ਖੋਜਾਂ ਦੇ ਉਦਮ ਵਜੋਂ, ਸਿੱਖ ਇਤਿਹਾਸ ਦੇ ਅਨੇਕਾਂ ਅਣਗੌਲੇ ਤੱਥ ਸਾਹਮਣੇ ਆ ਰਹੇ ਹਨ, ਜਿਸ ਨਾਲ ਸਿੱਖ ਇਤਿਹਾਸ ਵਿਚ ਪਸਰੀ ਧੁੰਦ ਦੇ ਛੱਟਣ ਦੀ ਆਸ ਬੱਝਦੀ ਨਜ਼ਰ ਆ ਰਹੀ ਹੈ। ਨਵੀਆਂ ਖੋਜਾਂ ਦਾ ਪੰਥ ਨੂੰ ਤਾਂ ਹੀ ਲਾਭ ਹੋ ਸਕਦਾ ਹੈ ਜੇ ਪੰਥ ਦੇ ਪ੍ਰਚਾਰਕ ਵੀ, ਗੰਭੀਰਤਾਂ ਨਾਲ ਸਿੱਖ ਇਤਿਹਾਸ ਵੱਲ ਜਾਗਰੂਕ ਹੋ ਕੇ ਨਵੀਨ ਖੋਜਾਂ ਵਿੱਚ ਯਕੀਨ ਲਿਆਉਣ। ਅਜਿਹੇ ਜਤਨਾਂ ਲਈ ਭਰਪੂਰ ਪੰਥਕ ਉੱਦਮ ਦੀ ਲੋੜ ਹੈ। ਜੇ ਅਸੀਂ ਅਜਿਹਾ ਸਾਂਝਾਂ ਉੱਦਮ ਕਰਨ ਵਿਚ ਨਿਫਲ ਰਹੇ ਤਾਂ ਨਵੀਨ ਖੋਜਾਂ ਸਿਰਫ ਕਾਗਜ਼ਾਂ ਦਾ ਪੇਟ ਭਰਨ ਤਕ ਹੀ ਸੀਮਤ ਰਹਿ ਜਾਣਗੀਆਂ। ਫਿਰ ਅਸੀਂ ਨਾ ਸਿਰਫ ਅਤੀਤ ਵਿਚ ਕੀਤੀਆਂ ਗਲਤੀਆਂ ਵਾਂਗ ਆਉਣ ਵਾਲੇ ਸਮੇਂ ਵਿਚ ਵੀ ਗਲਤੀਆਂ ਦੁਹਰਾਂਦੇ ਰਹਾਂਗੇ, ਹੋ ਸਕਦਾ ਹੈ ਕਿ ਆਉਣ ਵਾਲੇ ਸਮਿਆਂ ਵਿਚ, ਅਸੀਂ ਇਤਿਹਾਸ ਰਚਣਾ ਵੀ ਭੁੱਲ ਜਾਈਏ।

ਸੰਨ 1469ਈ ਵਿਚ, ਗੁਰੂ ਨਾਨਕ ਸਾਹਿਬ ਦੇ ਪ੍ਰਕਾਸ਼ਮਾਨ ਹੋਣ ਨਾਲ, ਸਿੱਖ ਧਰਮ ਦੀ ਸਥਾਪਨਾ ਹੋਈ। ਗੁਰੂ ਨਾਨਕ ਸਾਹਿਬ ਦਾ ਜਨਮ ਰਾਏ ਭੋਇੰ ਦੀ ਤਲਵੰਡੀ (ਅਜੋਕਾ ਨਨਕਿਆਣਾ ਸਾਹਿਬ) ਵਿਖੇ ਮਹਿਤਾ ਕਲਿਆਨ ਦਾਸ ਜੀ (ਮਹਿਤਾ ਕਾਲੂ ਜੀ) ਦੇ ਘਰ, ਮਾਤਾ ਤ੍ਰਿਪਤਾ ਜੀ ਦੇ ਉਦਰ ਤੋਂ ਹੋਇਆ। ਮਹਿਤਾ ਕਲਿਆਨ ਦਾਸ ਜੀ ਅੰਮ੍ਰਿਤਸਰ ਜ਼ਿਲ੍ਹੇ ਦੇ ਪਿੰਡ ਪਠੇਵਾਲ (ਪੱਠੇ ਵਿੰਡ) ਦੇ ਵਾਸੀ ਬੇਦੀ ਸ਼ਿਵ ਰਾਮ ਜੀ ਅਤੇ ਮਾਤਾ ਬਨਾਰਸੀ ਜੀ ਦੇ ਸਪੁੱਤਰ, ਰਾਏ ਭੋਇੰ ਦੀ ਤਲਵੰਡੀ ਦੇ ਪਟਵਾਰੀ ਸਨ। ਰਾਏ ਭੋਇੰ (ਗੁਰੂ ਨਾਨਕ ਸਾਹਿਬ ਦਾ ਜਨਮ ਸਥਾਨ) ਲਹੌਰ ਤੋਂ ਤਕਰੀਬਨ 42 ਮੀਲ ਦੂਰੀ ਤੇ ਸਥਿਤ ਹੈ। ਰਾਏ ਭੋਇੰ, (ਜਿਸ ਦੇ ਨਾਮ ਤੇ ਇਸ ਪਿੰਡ ਦਾ ਨਾਮ ਪਿਆ) ਤਲਵੰਡੀ ਸਮੇਤ ਵੀਹ ਪਿੰਡਾਂ ਦੀ ਜ਼ਮੀਨ ਦਾ ਸਵਾਮੀ ਸੀ।

ਸਿੱਖ ਮੱਤ ਦੀ ਸਥਾਪਨਾ ਤੋਂ ਪਹਿਲਾਂ ਹਿੰਦੁਸਤਾਨ ਵਿਚ ਇਸਲਾਮ ਅਤੇ ਹਿੰਦੂ ਦੋ ਸਥਾਈ ਮਤ ਸਨ। ਇਨ੍ਹਾਂ ਧਰਮਾਂ ਦੇ ਜੁਦਾ ਜੁਦਾ ਧਾਰਮਿਕ ਕੇਂਦਰ ਸਥਾਪਿਤ ਹੋ ਚੁੱਕੇ ਸਨ। ਮਸੀਤਾਂ ਇਸਲਾਮ ਮਤ ਦੇ ਹਾਮੀਆਂ ਲਈ ਰਾਖਵੀਆਂ ਅਤੇ ਮੰਦਰ ਹਿੰਦੂਆਂ ਲਈ ਰਾਖਵੇਂ ਹੋ ਚੁੱਕੇ ਸਨ। ਗੁਰੂ ਨਾਨਕ ਸਾਹਿਬ ਦੇ ਪ੍ਰਕਾਸ਼ਮਾਨ ਹੋਣ ਸਮੇਂ, ਹਿੰਦੁਸਤਾਨ ਵਿਚ, ਚਾਰ ਵਰਣਾਂ ਦੀ ਵੰਡੀਆਂ ਵਿਚ ਵਿਚਰਦੀ ਮਨੁੱਖੀ ਜ਼ਿੰਦਗੀ ਸਮਾਜਿਕ ਅਤੇ ਧਾਰਮਿਕ ਤੌਰ ਤੇ ਝੂਠ, ਧੋਖੇਬਾਜ਼ ੀ, ਲਾਲਚ, ਅਪਰਾਧ ਅਤੇ ਦੂਈ-ਦਵੈਤ ਵਿਚ ਪੂਰੀ ਤਰ੍ਹਾਂ ਗਲਤਾਨ ਹੋ, ਕਲਜੁਗੀ ਵਿਵਸਥਾ ਵਿਚ ਗਰਕ ਹੋ ਚੁੱਕੀ ਸੀ। ਅਖੌਤੀ ਉੱਚ ਵਰਗ ਦੁਆਰਾ ਤ੍ਰਿਸਕਾਰੇ ਲੋਕ ਬੇਗਾਨਗੀ ਦੇ ਅਹਿਸਾਸ ਹੇਠਾਂ ਦਬਦੇ ਜਾ ਰਹੇ ਸਨ। ਗੈਰ ਧਰਮ ਤਾਂ ਕੀ, ਛੋਟੀ ਜਾਤਾਂ ਦੇ ਹਿੰਦੂਆਂ ਨੂੰ ਵੀ ਮੰਦਰਾਂ (ਧਰਮ ਸਥਾਨਾਂ) ਦੇ ਵਿੱਚ ਪੂਜਾ ਕਰਨ ਦੀ ਬਰਾਬਰੀ ਤਾਂ ਕੀ, ਮੰਦਰਾਂ ਵਿੱਚ ਦਾਖ਼ਿਲ ਹੋਣ ਤਕ ਦੀ ਮਨਾਹੀ ਸੀ। ਭਗਤ ਨਾਮ ਦੇਵ ਜੀ ਦੀ ਰਚੀ ਬਾਣੀ ਵਿਚ ਇਸ ਤੱਥ ਦੀ ਗਵਾਹੀ ਮਿਲਦੀ ਹੈ।

**ਹਸਤ ਖੇਲਤ ਤੇਰੇ ਦੇਹੁਰੇ ਆਇਆ॥**
**ਭਗਤਿ ਕਰਤ ਨਾਮਾ ਪਕਰਿ ਉਠਾਇਆ॥**
**ਹੀਨੜੀ ਜਾਤਿ ਮੇਰੀ ਜਾਦਿਮ ਰਾਇਆ॥**
**ਛੀਪੇ ਕੇ ਜਨਮਿ ਕਾਹੇ ਕਉ ਆਇਆ॥ ਰਹਾਉ॥**
**ਲੈ ਕਮਲੀ ਚਲਿਓ ਪਲਟਾਇ॥**
**ਦੇਹੁਰੈ ਪਾਛੈ ਬੈਠਾ ਜਾਇ॥**
**ਜਿਉ ਜਿਉ ਨਾਮਾ ਹਰਿ ਗੁਣ ਉਚਰੈ॥**
**ਭਗਤ ਜਨਾ ਕਉ ਦੇਹੁਰਾ ਫਿਰੈ॥**

**(ਅੰਗ ੧੧੬੪)**

ਮਨੁੱਖਤਾ ਦੀ ਅਗਵਾਈ ਕਰਨ ਵਾਲੇ ਸਿੱਖ ਧਰਮ ਦੇ ਬਾਨੀ ਗੁਰੂ ਨਾਨਕ ਸਾਹਿਬ ਨੇ, ਭਾਰਤੀ ਲੋਕਾਂ ਨੂੰ ਹੀ ਨਹੀਂ ਸੰਸਾਰ ਦੀ ਸਰਬ ਖ਼ਲਕਤ ਨੂੰ ਸਮਾਜਵਾਦੀ ਲੋਕਤੰਤਰ ਦੀ ਬੁਨਿਆਦ 'ਤੇ ਕਰਮ-ਕਾਂਡਾਂ, ਨਸਲਾਂ-ਬਰਾਦਰੀਆਂ, ਜ਼ਾਤ-ਪਾਤ ਤੋਂ ਉੱਪਰ ਉੱਠ ਕੇ,ਮਨੁੱਖਤਾ ਦੀ ਸੇਵਾ ਅਤੇ ਆਪਸੀ ਭਾਈਚਾਰੇ ਦਾ ਸੰਦੇਸ਼ ਦਿੱਤਾ। ਗੁਰੂ ਨਾਨਕ ਸਾਹਿਬ ਨੇ ਊਚ-ਨੀਚ ਦੇ ਸਾਰੇ ਬਖੇੜਿਆਂ ਨੂੰ ਮੁਕਾ ਕੇ ਸਭਨਾ ਨੂੰ ਹੀ ਗਲੇ ਲਗਾਇਆ। ਗੁਰੂ ਨਾਨਕ ਸਾਹਿਬ ਦੇ ਜੀਵਨ ਨੂੰ ਗਹੁ ਨਾਲ ਵਾਚਿਆਂ ਉਪ੍ਰੋਕਤ ਕਥਨ ਦੀ ਸਚਾਈ ਸਾਬਤ ਹੋ ਜਾਂਦੀ ਹੈ, ਜਦੋਂ ਅਸੀਂ ਵੇਖਦੇ ਹਾ ਕਿ ਇਸਲਾਮ ਧਰਮ ਦੇ ਹਾਮੀ ਭਾਈ ਮਰਦਾਨਾ ਜੀ ਗੁਰੂ ਨਾਨਕ ਸਾਹਿਬ ਦੇ ਜਾਤਾਂ ਵਰਨਾਂ ਵਿਚ ਵੰਡੇ ਅਤੇ ਬਿਖਰੇ ਪਏ ਸਮਾਜ ਨੂੰ ਜੋੜਨ ਦੇ ਮਿਸ਼ਨ ਵਿੱਚ ਸਭ ਤੋਂ ਨਿਕਟਵਰਤੀ ਸਹਿਯੋਗੀ ਰਹੇ ਹਨ।

ਇਤਿਹਾਸਕਾਰਾਂ ਦੀ ਬਹੁ ਗਿਣਤੀ ਭਾਈ ਮਰਦਾਨਾ ਜੀ ਨੂੰ, ਉਮਰ ਵਿਚ ਗੁਰੂ ਨਾਨਕ ਸਾਹਿਬ ਤੋਂ 9/10 ਸਾਲ ਵੱਡਾ ਮੰਨਦੇ ਹਨ। ਭਾਈ ਕਾਨ੍ਹ ਸਿੰਘ ਨਾਭਾ ਭਾਈ ਮਰਦਾਨਾ ਜੀ ਦਾ ਜਨਮ ਸੰਮਤ 1516 ਅਰਥਾਤ ਸੰਨ 1459 ਈਸਵੀ ਵਿਚ ਤਲਵੰਡੀ ਵਿਖੇ ਹੋਇਆ ਮੰਨਦਿਆਂ, ਉਪ੍ਰੋਕਤ ਕਥਨ ਦੀ ਤਾਈਦ ਕਰਦੇ ਹਨ। ਕੁੱਝ ਇਤਿਹਾਸਕਾਰਾਂ ਅਨੁਸਾਰ, ਭਾਈ ਮਰਦਾਨਾ ਜੀ ਦਾ ਜਨਮ ਸੰਨ 1468/69 ਈਸਵੀ ਵਿਚ ਤਲਵੰਡੀ ਵਿਖੇ ਪਿੰਡ ਦੇ ਡੂਮ ਜਾਤੀ ਵਿੱਚੋਂ ਮਿਰਾਸੀ ਬਰਾਦਰੀ ਦੇ ਮੀਰ ਬਾਦਰੇ ਅਤੇ ਮਾਤਾ ਮਾਈ ਲੱਖੀ ਜੀ ਦੇ ਘਰ ਹੋਇਆ। ਉਨ੍ਹਾਂ ਸਮਿਆਂ ਵਿੱਚ, ਮਿਰਾਸੀ ਬਰਾਦਰੀ ਨੇ ਆਪਣੀ ਜੀਵਕਾ ਲਈ, ਇਕ ਪਿੰਡ ਤੋਂ ਦੂਜੇ ਪਿੰਡ ਸੁਨੇਹਾ ਪਹੁੰਚਾਣ/ਲਿਆਉਣ ਦਾ ਕੰਮ ਅਤੇ ਆਪਣੇ ਬੱਚਿਆਂ ਨੂੰ ਬੱਚਪਨ ਤੋਂ ਹੀ ਰਾਗ ਅਤੇ ਸਾਜ਼ ਵਿਦਿਆ ਨਾਲ ਜੋੜ ਕੇ ਸੁਭਾਗ/ਖ਼ੁਸ਼ੀ ਦੇ ਮੌਕਿਆਂ



ਤੇ ਗਾਣ-ਬਜਾਣ ਦੇ ਆਹਰ ਬਣਾਏ ਹੋਏ ਸੀ। ਭਾਈ ਮਰਦਾਨਾ ਜੀ ਨੂੰ ਇਸੇ ਕਾਰਨ, ਬਚਪਨ ਤੋਂ ਹੀ ਰਬਾਬ ਸਾਜ਼ ਨਾਲ ਲਗਾਅ ਹੋ ਗਿਆ ਸੀ। ਭਾਈ ਮਰਦਾਨਾ ਜੀ ਦੀ ਧਰਮ-ਪਤਨੀ ਦਾ ਨਾਮ ਬੇਗਮ ਅਲਾਹਰੱਖੀ ਸੀ। ਇਤਿਹਾਸਕਾਰ ਦੌਲਤਾਂ ਦਾਈ ਨੂੰ ਮੀਰ ਬਾਦਰੇ ਅਤੇ ਮਾਈ ਲੱਖੀ ਦੀ ਸੰਤਾਨ ਅਤੇ ਭਾਈ ਮਰਦਾਨਾ ਜੀ ਦੀ ਭੈਣ ਮੰਨਦੇ ਹਨ, ਇਸ ਰਿਸ਼ਤੇ ਬੀਬੀ ਦੌਲਤਾਂ (ਦਾਈ) ਭਾਈ ਮਰਦਾਨਾ ਜੀ ਦੀ ਵੱਡੀ ਭੈਣ ਸੀ।

ਵਿਸ਼ਵਾਸ ਕੀਤਾ ਜਾਂਦਾ ਹੈ ਕਿ ਪਿਤਾ ਬਾਦਰੇ ਅਤੇ ਮਾਤਾ ਲੱਖੋ ਜੀ ਦੇ ਪੰਜ ਬੱਚੇ, ਦਿਨ ਦਾ ਚਾਨਣ ਦੇਖੇ ਬਿਨਾ ਹੀ ਰੱਬ ਨੂੰ ਪਿਆਰੇ ਹੋ ਗਏ ਸਨ। ਛੇਵੇਂ ਬੱਚੇ ਦੇ ਜਨਮ ਦੇ ਵਕਤ, ਮਾਤਾ ਨੇ, ਹੋਣ ਵਾਲੇ ਬੱਚੇ ਦੇ ਮਰ ਜਾਣ ਦੀ ਸ਼ੰਕਾ ਵਿਚ ਉਸ ਦਾ ਨਾਮ 'ਮਰਜਾਣਾ' ਰੱਖ ਦਿੱਤਾ। ਰੱਬ ਦੀ ਕੁਦਰਤ ਰੱਬ ਹੀ ਜਾਣਦਾ ਹੈ, ਬੱਚਾ ਆਪਣੇ ਪਹਿਲੇ ਭੈਣ ਭਰਾਵਾਂ ਵਾਂਗ ਰੱਬ ਨੂੰ ਪਿਆਰਾ ਨਾ ਹੋਇਆ, ਬੱਚ ਗਿਆ। ਇਸ ਤੱਥ ਦੇ ਆਧਾਰ ਤੇ ਬੀਬੀ ਦੌਲਤਾਂ ਜੀ ਆਪਣੇ ਮਾਤਾ ਪਿਤਾ ਦੀ ਵੱਡੀ ਸੰਤਾਨ ਅਤੇ ਭਾਈ ਮਰਦਾਨਾ ਜੀ ਸਭ ਤੋਂ ਛੋਟੀ ਸੰਤਾਨ ਸਨ।

ਇਹ ਵੀ ਵਿਸ਼ਵਾਸ ਕੀਤਾ ਜਾਂਦਾ ਹੈ ਕਿ ਗੁਰੂ ਨਾਨਕ ਸਾਹਿਬ ਦੀ ਭਾਈ ਮਰਦਾਨਾ ਜੀ ਨਾਲ ਪਹਿਲੀ ਮਿਲਣੀ ਤਲਵੰਡੀ ਵਿਖੇ ਹੋਈ, ਜਦੋਂ ਗੁਰੂ ਨਾਨਕ ਸਾਹਿਬ ਮੀਰ ਬਾਦਰੇ ਅਤੇ ਮਾਈ ਲੱਖੋ ਜੀ ਦੇ ਘਰ ਦੇ ਸਾਹਮਣਿਉਂ ਲੰਘ ਰਹੇ ਸਨ। ਮਾਈ ਲੱਖੋ ਜੀ ਆਪਣੇ ਪੁੱਤਰ ਨੂੰ ਕਹਿ ਰਹੀ ਸੀ, "ਵੇ ਮਰਜਾਣਿਆ, ਸਾਰਾ ਦਿਨ ਅਲਾਹ ਅਲਾਹ ਹੀ ਗਾਂਵਦਾ ਰਹੇਂਗਾ? ਤਿੰਨ ਬੱਚਿਆਂ ਦਾ ਪਿਉ ਬਣ ਗਿਆ ਏਂ ਕੋਈ ਕੰਮ-ਕਾਰ ਵੀ ਕਰ ਲਿਆ ਕਰ।" ਇਧਰ ਗੁਰੂ ਨਾਨਕ ਸਾਹਿਬ ਅਕਸਰ ਮਾਤਾ ਤ੍ਰਿਪਤਾ ਜੀ ਨੂੰ ਸ਼ਿਕਾਇਤ ਕਰਦੇ ਕਿ ਕੋਈ ਅਜਿਹਾ ਨਹੀਂ ਦਿਸਦਾ ਜਿਸ ਨਾਲ ਰੱਬ ਦੀਆਂ ਗੱਲਾਂ ਕਰ ਸਕਾਂ।" ਬੀਬੀ ਲੱਖੋ ਜੀ ਦੇ ਬੋਲ ਸੁਣ ਕੇ ਗੁਰੂ ਨਾਨਕ ਸਾਹਿਬ ਨੇ ਬੀਬੀ ਲੱਖੋ ਦੇ ਘਰ ਦਾ ਬੂਹਾ ਖੜਕਾਂਦਿਆ ਕਿਹਾ "ਮੈਨੂੰ ਅਲਾਹ ਦਾ ਗਾਇਨ ਕਰਨ ਵਾਲੇ ਦੀ ਤਲਾਸ਼ ਹੈ।" ਕਿਹਾ ਜਾਂਦਾ ਹੈ ਕਿ (ਭਾਈ) ਮਰਦਾਨਾ ਜੀ ਪਾਸੋਂ ਰੱਬ ਦੀ ਉਸਤਤੀ ਸੁਣਨ ਮਗਰੋਂ, ਗੁਰੂ ਨਾਨਕ ਸਾਹਿਬ ਨੇ (ਭਾਈ) ਮਰਦਾਨਾ ਜੀ ਨੂੰ ਸੁਰ ਸੁਧਾਰਨ ਦੀ ਰਾਏ ਦਿੱਤੀ ਸੀ।

ਇਹ ਵੀ ਕਿਹਾ ਜਾਂਦਾ ਹੈ ਕਿ (ਭਾਈ) ਮਰਦਾਨਾ ਜੀ ਨਾਲ ਗੁਰੂ ਨਾਨਕ ਸਾਹਿਬ ਦੀ ਦੂਜੀ ਮਿਲਣੀ, ਸੁਲਤਾਨਪੁਰ ਵਿਖੇ ਹੋਈ, ਜਿੱਥੇ ਬੇਬੇ ਨਾਨਕੀ ਦੀ ਸਲਾਹ 'ਤੇ ਗੁਰੂ ਨਾਨਕ ਸਾਹਿਬ ਨੇ ਲਹੌਰ ਦੇ ਸੂਬੇਦਾਰ ਦੌਲਤ ਖ਼ਾਨ ਲੋਧੀ ਦੇ ਮੋਦੀ ਖ਼ਾਨੇ ਦੇ ਅਧਿਕਾਰੀ ਵਜੋਂ ਕਾਰ-ਵਿਹਾਰ ਸੰਭਾਲਿਆ ਸੀ। ਸੁਲਤਾਨਪੁਰ ਲੋਧੀ, ਮੁਹੰਮਦ ਗਜ਼ਨੀ ਦੇ ਜਰਨੈਲ ਸੁਲਤਾਨ ਖ਼ਾਨ ਲੋਧੀ ਨੇ ਸੰਨ 1103 ਈਸਵੀ ਵਿਚ ਵਸਾਇਆ ਸੀ। ਗੁਰੂ ਨਾਨਕ ਸਾਹਿਬ ਦੇ ਸਮਿਆਂ ਵਿਚ, ਦੌਲਤ ਖ਼ਾਨ ਲੋਧੀ ਲਹੌਰ ਦਾ ਸੂਬੇਦਾਰ ਸੀ, ਪਰ ਸੁਲਤਾਨਪੁਰ ਇਲਾਕੇ 'ਚੋਂ ਚਿੱਟੀ ਵਈਂ ਤੇ ਕਾਲੀ ਵਈਂ ਦੋ ਨਦੀਆਂ ਦੇ ਪ੍ਰਵਾਹ ਤੋਂ ਉਪਜੀ ਹਰਿਆਵਲ ਅਤੇ ਰਮਣੀਕਤਾ ਤੋਂ ਪ੍ਰਭਾਵਿਤ ਹੋ ਕੇ, ਆਪਣਾ ਜ਼ਿਆਦਾ ਸਮਾਂ ਇਸ ਸਥਾਨ ਤੇ ਬਿਤਾਂਦਾ ਰਿਹਾ। (ਭਾਈ) ਮਰਦਾਨਾ ਜੀ ਪਿਤਾ ਕਲਿਆਨ ਦਾਸ ਮਹਿਤਾ ਜੀ ਦੇ ਆਦੇਸ਼ 'ਤੇ ਗੁਰੂ ਨਾਨਕ ਸਾਹਿਬ ਦਾ ਸੁਖ ਸੁਨੇਹਾ ਪੁਛੱਣ ਸੁਲਤਾਨਪੁਰ ਆਏ ਸੀ। (ਉਨ੍ਹਾਂ ਦਿਨਾਂ ਵਿਚ ਡਾਕ-ਤਾਰ ਦਾ ਸਿਲਿਸਿਲਾ ਅਜੇ ਸ਼ੁਰੂ ਨਹੀਂ ਹੋਇਆ ਸੀ। ਪਿੰਡ ਦਾ ਮਿਰਾਸੀ ਰੋਜ਼ੀ-ਰੋਟੀ ਦੇ ਆਹਰ ਲਈ, ਰਜਦੇ-ਪੁਜਦੇ ਘਰਾਂ ਦੇ ਸੁਨੇਹੇ ਲਿਜਾਉਣ/ਲਿਆਉਣ ਦੇ ਕੰਮ ਅੰਜਾਮ ਦਿੰਦੇ ਸੀ। ਤਲਵੰਡੀ ਵਿਖੇ ਪਹਿਲੀ ਮਿਲਣੀ ਵੇਲੇ, ਗੁਰੂ ਨਾਨਕ ਸਾਹਿਬ ਦੇ ਸੁਝਾ ਨੂੰ ਸੰਜੀਦਗੀ ਨਾਲ ਲੈਂਦਿਆਂ, (ਭਾਈ) ਮਰਦਾਨਾ ਜੀ ਨੇ ਰਬਾਬ ਬਜਾਉਣ ਦੀ ਕਲਾ ਅਤੇ ਸੁਰ ਵਿਚ ਗਾਉਣ ਦੀ ਮੁਹਾਰਤ ਹਾਸਲ ਕਰ ਲਈ ਸੀ। ਦੂਰ-ਦੁਰਾਡੇ ਦੇ ਸਫ਼ਰ ਦੇ ਇਕਲਾਪੇ ਨੂੰ ਦੂਰ ਕਰਨ ਲਈ, (ਭਾਈ) ਮਰਦਾਨਾ ਜੀ ਨੇ ਸੰਗੀਤ ਨੂੰ ਆਪਣਾ ਸਾਥੀ ਬਣਾ ਲਿਆ ਸੀ।

ਗੁਰੂ ਨਾਨਕ ਸਾਹਿਬ ਨਾਲ ਦੂਜੀ ਮਿਲਣੀ ਮਗਰੋਂ, (ਭਾਈ) ਮਰਦਾਨਾ ਜੀ ਨੇ ਕੁਝ ਸਮਾਂ ਸੁਲਤਾਨਪੁਰ ਵਿਖੇ ਬਿਤਾਉਣ ਦਾ ਮਨ ਬਣਾ ਲਿਆ। ਸੁਲਤਾਨਪੁਰ ਵਿਚ ਰਹਿੰਦਿਆ, ਭਾਈ ਮਰਦਾਨਾ

ਜੀ ਨੂੰ ਗੁਰੂ ਨਾਨਕ ਸਾਹਿਬ ਦੇ ਨਿਤ ਦੇ ਵਿਉਹਾਰ ਨੂੰ ਨੇੜਿਉਂ ਦੇਖਣ ਅਤੇ ਵਿਚਾਰਨ ਦਾ ਮੌਕਾ ਮਿਲਿਆ। ਗੁਰੂ ਨਾਨਕ ਸਾਹਿਬ ਦੇ, ਦੌਲਤ ਖਾਨ ਲੋਧੀ ਦੇ ਮੋਦੀਖਾਨੇ ਵਿਚ ਕੰਮ ਕਰਦਿਆਂ, ਇੱਕ ਮਹੱਤਵਪੂਰਨ ਘਟਨਾ ਘਟੀ। ਈਰਖਾਲੂਆਂ ਵੱਲੋਂ ਹਾਕਮ ਨੂੰ ਸ਼ਿਕਾਇਤ ਪੁੱਜੀ ਕਿ (ਗੁਰੂ) ਨਾਨਕ ਤੇਰਾ ਮੋਦੀ ਖਾਨਾ ਤੇਰਾ ਤੇਰਾ ਕਹਿੰਦਿਆਂ ਲੁਟਾਈ ਜਾ ਰਿਹਾ ਹੈ। ਜਦੋਂ ਮੋਦੀਖਾਨੇ ਦੇ ਸਟਾਕ (ਕਮਾਈ-ਖਰਚ) ਦੀ ਪੜਤਾਲ ਕੀਤੀ ਗਈ ਤਾਂ ਮੋਦੀਖਾਨੇ ਦੇ ਸਟੋਰ ਵਿਚ ਲੁੜੀਂਦੇ ਸਟਾਕ ਤੋਂ ਜ਼ਿਆਦਾ ਮਾਲ ਪਿਆ ਮਿਲਿਆ। (ਉਨ੍ਹਾਂ ਦਿਨਾਂ ਵਿਚ ਕਿਸਾਨ ਮਾਲੀਏ ਦੀ ਭੁਗਤਾਨ ਨਕਦੀ ਦੀ ਥਾਂ ਜਿਨਸ ਦੇ ਕੇ ਕਰਦੇ ਸੀ। ਉਹ ਜਿਨਸ ਲੋੜਵੰਦਾਂ ਨੂੰ ਨਕਦੀ/ਜਾਂ ਕਿਸੇ ਹੋਰ ਜਿਨਸ ਦੇ ਬਦਲੇ ਵੇਚੀ ਜਾਂਦੀ ਦੀ। ਜਿਨਸਾਂ ਦੀ ਅਜਿਹੀ ਖ਼ਰੀਦ-ਫ਼ਰੋਖ਼ਤ ਨੂੰ 'ਅਲੂਫਾ' ਨਾਮ ਨਾਲ ਜਾਣਿਆਂ ਜਾਂਦਾ ਸੀ। (ਸਾਡਾ ਇਤਿਹਾਸ ਪ੍ਰਿੰਸੀਪਲ ਸਤਬੀਰ ਸਿੰਘ- ਪੰਨਾ 96) ਗੁਰੂ ਨਾਨਕ ਸਾਹਿਬ 'ਅਲੂਫਾ' ਵਿਚ ਮਿਲੀ ਰਕਮ ਚੋਂ ਆਪਣਾ ਹਿੱਸਾ ਨਹੀਂ ਕਢ੍ਹਦੇ ਸਨ। ਗੁਰੂ ਨਾਨਕ ਸਾਹਿਬ ਆਪਣੀਆਂ ਜ਼ਰੂਰਤਾਂ ਦਾ ਆਪਣੀ ਤਨਖਾਹ ਵਿਚ ਹੀ ਗੁਜ਼ਾਰਾ ਕਰਦੇ ਸਨ।

ਅੰਦਾਜ਼ਾ ਲਗਾਇਆ ਜਾਂਦਾ ਹੈ ਕਿ ਗਰੀਬ-ਗੁਰਬੇ ਦੀ ਮਦੱਦ ਗੁਰੂ ਸਾਹਿਬ ਇਸ ਅਲੂਫਾਂ ਵਿਚ ਮਿਲਣ ਵਾਲੀ ਰਕਮ ਨਾਲ ਕਰਦੇ ਹੋਣ ਗੇ? ਜਿਸ ਦਾ ਅਰਥ ਨਿੰਦਕ ਸਮਝਣ ਤੋਂ ਅਸਮਰੱਥ ਸਨ। ਗੁਰੂ ਨਾਨਕ ਸਾਹਿਬ ਤਾਂ ਸੱਚ ਵੱਖਰ ਦਾ ਵਾਪਾਰ ਕਰਦੇ ਸਨ। ਇਸ ਲਈ ਗੁਰੂ ਸਾਹਿਬ ਲਈ ਸੱਚ ਤੇ ਰੱਬ ਦੋ ਜੁਦਾ ਹਸਤੀਆਂ ਜਾਂ ਫ਼ਲਸਫੇ ਨਹੀਂ ਸਨ। ਕਾਰਨ ਕੁਝ ਵੀ ਰਹੇ ਹੋਣ, ਨਿੰਦਕਾਂ ਦੇ ਹੱਥ ਕੁਝ ਵੀ ਨਹੀਂ ਪਿਆ, ਸਗੋਂ ਦੌਲਤ ਖਾਨ ਲੋਧੀ ਗੁਰੂ ਸਾਹਿਬ ਦਾ ਸ਼ਰਧਾਲੂ ਬਣ ਗਿਆ। ਇਸ ਘਟਨਾ ਤੋਂ ਬਾਅਦ, ਭਾਈ ਮਰਦਾਨਾ ਜੀ ਨੂੰ ਵੀ ਗੁਰੂ ਨਾਨਕ ਸਾਹਿਬ ਇਕ ਸੰਤ ਸੁਭਾ ਵਾਲੇ ਸੱਚੇ ਕਿਰਤੀ ਅਤੇ ਗਰੀਬਾਂ ਦੇ ਹਮਦਰਦ ਨਜ਼ਰ ਆਉਣ ਲਗੇ। ਸੁਲਤਾਨਪੁਰ ਵਿਚ ਰਹਿੰਦਿਆਂ, (ਭਾਈ) ਮਰਦਾਨਾ, ਦਿਨ-ਬ-ਦਿਨ ਗੁਰੂ ਨਾਨਕ ਸਾਹਿਬ ਵਲ ਖਿਚਦੇ ਗਏ।

ਵਿਸ਼ਵਾਸ ਕੀਤਾ ਜਾਂਦਾ ਹੈ ਕਿ ਜਦੋਂ ਗੁਰੂ ਨਾਨਕ ਸਾਹਿਬ ਨੇ ਭਾਈ ਮਰਦਾਨਾ ਜੀ ਨੂੰ ਪਹਿਲੀ ਵਾਰ ਆਪਣੀਆਂ ਕੀਤੀਆਂ ਜਾਣ ਵਾਲੀਆਂ ਫੇਰੀਆਂ ਵਿਚ ਸਾਥ ਦੇਣ ਲਈ ਕਿਹਾ ਤਾਂ ਭਾਈ ਮਰਦਾਨਾ ਜੀ ਨੇ ਆਪਣੇ ਬਾਲ-ਬੱਚਿਆਂ ਦੀ ਸੰਭਾਲਣਾ ਦੀ ਫਿਕਰ ਜਤਾਂਦਿਆਂ, ਲੰਮੇ ਸਮੇਂ ਲਈ ਫੇਰੀਆਂ ਵਿਚ ਗੁਰੂ ਨਾਨਕ ਸਾਹਿਬ ਦਾ ਸਾਥ ਦੇਣ ਤੋਂ ਸੰਕੋਚ ਕੀਤਾ। ਭੈਣ ਨਾਨਕੀ ਅਤੇ ਭਾਈ ਜੈ ਰਾਮ ਜੀ ਨੂੰ ਜਦੋਂ ਇਸ ਗੱਲ ਦਾ ਪਤਾ ਚਲਿਆ ਤਾਂ ਭੈਣ ਨਾਨਕੀ ਜੀ ਨੇ ਸਿੱਕਿਆਂ ਦੀ ਮੁਠ ਭਰ ਕੇ (ਭਾਈ) ਮਰਦਾਨਾ ਜੀ ਨੂੰ ਫੜਾ ਦਿੱਤੀ। ਭਾਈ ਜੈ ਰਾਮ ਜੀ ਨੇ ਭਾਈ ਮਰਦਾਨਾ ਜੀ ਨੂੰ ਵਿਸ਼ਵਾਸ ਦਿਵਾਇਆ ਕਿ ਤੁਹਾਡੇ ਪਿੱਛੋ ਤੁਹਾਡੇ ਘਰ ਦੀ ਰਸਦ ਅਤੇ ਹਰ ਪ੍ਰਕਾਰ ਦੀਆਂ ਲੋੜਾਂ ਲਈ ਰਕਮ ਪਹੁੰਚਾਣੀ ਮੇਰੀ ਜ਼ਿੰਮੇਵਾਰੀ ਹੋਏਗੀ।

ਸੁਲਤਾਨਪੁਰ ਵਿਖੇ, ਗੁਰੂ ਨਾਨਕ ਸਾਹਿਬ ਹਰ ਰੋਜ਼ ਸਵੇਰੇ 'ਵੇਈਂ' ਵਿਚ ਇਸ਼ਨਾਨ ਕਰਨ ਤੋਂ ਬਾਅਦ, ਅਕਾਲ ਪੁਰਖ/ਪ੍ਰਭੂ ਸਿਮਰਨ ਵਿਚ ਜੁੜਦੇ ਸਨ। (ਜਿਸ ਸਥਾਨ ਤੇ ਬੈਠ ਕੇ ਗੁਰੂ ਸਾਹਿਬ ਸਿਮਰਨ ਵਿਚ ਜੁੜਦੇ ਸਨ, ਉਸ ਸਥਾਨ ਤੇ ਹੁਣ ਗੁਰਦਵਾਰਾ ਬੇਰ ਸਾਹਿਬ ਵਿਰਾਜਮਾਨ ਹੈ) ਇੱਕ ਵਾਰ ਗੁਰੂ ਸਾਹਿਬ ਨਦੀ ਵਿਚ ਤਿੰਨ ਦਿਨਾਂ ਲਈ ਅਲੋਪ ਹੋ ਗਏ। (ਸਿੱਖ ਇਤਿਹਾਸਕਾਰ ਡਾਕਟਰ ਸੰਗਤ ਸਿੰਘ ਜੀ ਅਨੁਸਾਰ, ਸੰਨ 1499 ਈਸਵੀ ਵਿਚ, ਗੁਰੂ ਨਾਨਕ ਸਾਹਿਬ ਦੀ 30 ਸਾਲ ਉਮਰ ਵਿਚ ਇਹ ਘਟਨਾ ਵਾਪਰੀ ਸੀ) ਇਸ ਤਿੰਨ ਦਿਨਾਂ ਦੇ ਸਮੇਂ ਵਿਚ ਗੁਰੂ ਨਾਨਕ ਸਾਹਿਬ ਦੀ ਅਕਾਲ ਪੁਰਖ ਨਾਲ ਭੇਂਟ ਹੋਈ। ਜਿਸ ਭੇਂਟ ਵਿਚ ਅਕਾਲ ਪੁਰਖ ਦੁਆਰਾ ਗੁਰੂ ਨਾਨਕ ਸਾਹਿਬ ਨੂੰ ਅੰਮ੍ਰਿਤ ਦੀ ਭਰੀ ਕਟੋਰੀ ਪੀਣ ਨੂੰ ਦਿੱਤੀ ਗਈ ਅਤੇ ਦੁਨੀਆਂਦਾਰਾਂ ਨੂੰ ਪ੍ਰਭੂ/ਅਕਾਲ ਪੁਰਖ ਦਾ ਨਾਮ ਜਪਾਉਣ ਦੇ ਮਿਸ਼ਨ ਦੀ ਸੌਪਣਾਂ ਕੀਤੀ ਗਈ। ਤਿੰਨ ਦਿਨਾਂ ਬਾਅਦ, ਨਦੀ ਚੋਂ ਪ੍ਰਗਟ ਹੋਣ ਤੋਂ ਬਾਅਦ ਗੁਰੂ ਨਾਨਕ ਸਾਹਿਬ ਨੇ ਮੂਲ ਮੰਤਰ :

**ੴ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ**
**ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ॥**

ਉਚਾਰਨ ਕੀਤਾ। ਗੁਰੂ ਸਾਹਿਬ ਦੇ ਅਲੋਪ ਹੋਣ ਕਾਰਨ, ਨਿੰਦਕਾਂ ਨੂੰ ਗੁਰੂ ਸਾਹਿਬ ਦੀ ਬੁਰਾਈ ਕਰਨ ਦਾ ਇਕ ਹੋਰ ਮੌਕਾ ਮਿਲ ਗਿਆ। ਨਿੰਦਕਾਂ ਦੀਆਂ ਅਫਵਾਹਾਂ ਕਾਰਨ, ਦੌਲਤ ਖਾਨ ਲੋਧੀ ਨੇ ਮੋਦੀਖਾਨੇ ਦੇ ਹਿਸਾਬ-ਕਿਤਾਬ ਦੀ ਆਪਣੇ ਮੁਨਸ਼ੀ ਜਾਦੋਰਾਇ ਜੈਰਥ/ਜਾਦੋਰਾਯ ਜੈਰਥ ਦੁਆਰਾ ਇਕ ਵਾਰ ਫਿਰ ਪੜਤਾਲ ਕਰਵਾਈ। (ਮਹਾਨ ਕੋਸ਼ ਪੰਨਾ 388) ਪਹਿਲਾਂ ਵਾਗਰਾਂ ਇਸ ਵਾਰ ਵੀ ਹਿਸਾਬ-ਕਿਤਾਬ ਵਿਚ ਸੱਤ ਸੌ ਸੱਠ ਰੁਪੈ ਦਾ ਸਾਮਾਨ ਵੱਧ ਮਿਲਿਆ। ਨਿੰਦਕਾਂ ਦਾ ਮੂੰਹ ਇਕ ਵਾਰ ਫਿਰ ਕਾਲਾ ਹੋਇਆ। ਉਨ੍ਹਾਂ ਪਾਸੋਂ ਗੁਰੂ ਨਾਨਕ ਸਾਹਿਬ ਦੀ ਤਾਰੀਫ ਸੁਣਨੀ ਬਰਦਾਸ਼ਤ ਨਹੀਂ ਹੋ ਰਹੀ ਸੀ। ਉਹ ਕਿਸੇ ਨਾ ਕਿਸੇ ਬਹਾਨੇ ਦੌਲਤ ਖਾਨ ਤਕ ਗੁਰੂ ਨਾਨਕ ਸਾਹਿਬ ਬਾਰੇ ਸ਼ਿਕਾਇਤ ਪਹੁੰਚਾਣ ਦੀ ਕੋਸ਼ਿਸ਼ ਕਰਦੇ ਰਹਿੰਦੇ। (ਜਿਸ ਸਥਾਨ ਤੇ ਮੁਨਸ਼ੀਆਂ ਨੇ ਲੇਖਾ ਲਿਆ ਸੀ, ਉਸ ਸਥਾਨ ਤੇ ਹੁਣ ਗੁਰਦਵਾਰਾ 'ਕੋਠੜੀ ਸਾਹਿਬ' ਵਿਰਾਜਮਾਨ ਹੈ। ਸੰਨ 1970 ਈਸਵੀ ਵਿਚ ਗੁਰਦਵਾਰਾ ਸਾਹਿਬ ਭਵਨ ਦਾ ਨਵਨਿਰਮਾਨ ਕੀਤਾ ਗਿਆ ਹੈ)।


ਭਾਈ ਮਰਦਾਨਾ ਜੀ ਅਜੇ ਗੁਰੂ ਨਾਨਕ ਸਾਹਿਬ ਦੀਆਂ ਫੇਰੀਆਂ ਵਿਚ ਸਾਥ ਦੇਣ ਬਾਰੇ ਸੋਚ ਵਿਚਾਰ ਹੀ ਕਰ ਰਹੇ ਸਨ ਕਿ ਗੁਰੂ ਨਾਨਕ ਸਾਹਿਬ ਦੀ ਅੰਤਰਯਾਮਤਾ ਨੇ ਭਾਈ ਮਰਦਾਨਾ ਜੀ ਨੂੰ ਹੀ ਨਹੀਂ, ਸੁਲਤਾਨਪੁਰ ਦੇ ਹਰ ਵਾਸੀ ਨੂੰ ਗੁਰੂ ਨਾਨਕ ਸਾਹਿਬ ਦੀ

ਵਡਿਆਈ ਅਤੇ ਅਜ਼ਮਤ ਦਾ ਕਾਇਲ ਕਰ ਦਿੱਤਾ। ਅਕਾਲਪੁਰੱਖ ਦੇ ਦਰਸ਼ਨਾਂ ਤੋਂ ਵਾਪਿਸ ਆ ਕੇ ਗੁਰੂ ਨਾਨਕ ਸਾਹਿਬ ਅਕਸਰ 'ਨਾ ਹਮ ਹਿੰਦੂ ਨਾ ਮੁਸਲਮਾਨ' ਉਚਾਰਨ ਲੱਗੇ। ਨਿੰਦਕ ਹਾਕਮ ਪਾਸ ਸ਼ਿਕਾਇਤ ਕਰਨ ਦਾ ਕੋਈ ਮੌਕਾ ਖ਼ਾਲੀ ਨਹੀਂ ਜਾਣ ਦੇਣਾ ਚਾਹੁੰਦੇ ਸਨ। ਇਕ ਅਜਿਹੀ ਸ਼ਿਕਾਇਤ ਦੇ ਸਿਲਸਿਲੇ ਵਿਚ ਸੁਲਤਾਨਪੁਰ ਦੇ ਕਾਜ਼ੀ ਦੇ ਇਸਰਾਰ 'ਤੇ ਸੂਬੇਦਾਰ ਦੌਲਤ ਖ਼ਾਨ ਲੋਧੀ ਨੇ ਗੁਰੂ ਨਾਨਕ ਸਾਹਿਬ ਨੂੰ ਬੁਲਾਇਆ। ਗੁਰੂ ਨਾਨਕ ਸਾਹਿਬ ਦੇ ਪੁਜਦਿਆਂ ਤਕ ਸ਼ਾਮ ਦੀ ਨੁਮਾਜ਼ ਦਾ ਸਮਾਂ ਹੋ ਗਿਆ। ਗੁਰੂ ਨਾਨਕ ਸਾਹਿਬ ਵੀ ਸਾਰਿਆਂ ਦੇ ਨਾਲ ਮਸਜਿਦ ਵਿੱਚ ਚਲੇ ਗਏ। ਨਮਾਜ਼ ਅਦਾ ਕਰਨ ਵੇਲੇ ਗੁਰੂ ਨਾਨਕ ਸਾਹਿਬ ਇੱਕ ਪਾਸੇ ਖੜੇ ਰਹੇ। ਕਾਜ਼ੀ ਨਮਾਜ਼ ਪੜ੍ਹਦਿਆਂ ਗੁਰੂ ਨਾਨਕ ਸਾਹਿਬ ਨੂੰ ਚੋਰ ਅੱਖੀਆਂ ਨਾਲ ਦੇਖਦਾ ਜਾ ਰਿਹਾ ਸੀ।

ਨਮਾਜ਼ ਤੋਂ ਬਾਅਦ, ਕਾਜ਼ੀ ਨੇ ਗੁਰੂ ਨਾਨਕ ਸਾਹਿਬ ਦੇ ਇਸ ਵਰਤਾਰੇ ਨੂੰ ਗੁਸਤਾਖ਼ੀ ਕਹਿੰਦਿਆਂ, ਸੂਬੇਦਾਰ ਨੂੰ (ਗੁਰੂ)ਨਾਨਕ ਪਾਸੋਂ ਜਵਾਬ-ਤਲਬੀ ਕਰਨ ਨੂੰ ਕਿਹਾ। ਸੂਬੇਦਾਰ ਵੱਲੋਂ ਪੁਛੇ ਜਾਣ ਤੇ ਗੁਰੂ ਸਾਹਿਬ ਨੇ ਕਿਹਾ ਕਿ ਮੇਰੇ ਪਾਸੋਂ ਪੁੱਛ-ਗਿਛ ਕਰਨ ਦਾ ਹੱਕਦਾਰ ਸਿਰਫ ਉਹ ਹੀ ਹੈ, ਜਿਸ ਨੇ ਨਮਾਜ਼ ਪੂਰੀ ਸਚਾਈ ਨਾਲ ਅਦਾ ਕੀਤੀ ਹੋਏ। ਮੇਰੀ ਜਾਚੇ ਤੁਸੀਂ ਦੋਵੇਂ (ਸੂਬੇਦਾਰ ਅਤੇ ਕਾਜ਼ੀ) ਨਮਾਜ਼ ਵਿਚ ਸ਼ਾਮਿਲ ਹੀ ਨਹੀਂ ਸੀ। ਇਹ ਸੁਣ ਕੇ ਕਾਜ਼ੀ ਦਾ ਮੂੰਹ ਗੁੱਸੇ ਵਿਚ ਲਾਲ ਹੋ ਗਿਆ। ਗੁਰੂ ਨਾਨਕ ਸਾਹਿਬ ਨੇ ਆਪਣੀ ਗੱਲ ਜਾਰੀ ਰਖਦਿਆਂ ਕਿਹਾ ਕਿ ਜਿਸ ਕਾਜ਼ੀ ਦੀ ਸ਼ਿਕਾਇਤ ਤੇ ਮੈਥੋਂ ਪੁਛ -ਗਿਛ ਕੀਤੀ ਜਾ ਰਹੀ ਹੈ, ਨਮਾਜ਼ ਅਦਾ ਕਰਨ ਵੇਲੇ ਉਸ ਕਾਜ਼ੀ ਦਾ ਦਿਲ ਆਪਣੀ ਨਵ-ਜਨਮੀ ਵਛੇਰੀ ਦੀ ਫਿਕਰ ਵਿਚ ਵਿਆਕੁਲ ਉਸ ਦੇ ਪਿੱਛੇ ਦੌੜ ਰਿਹਾ ਸੀ, ਕਿਤੇ ਉਹ ਵਿਹੜੇ ਦੇ ਟੋਏ/ਖੂਹੀ ਵਿਚ ਹੀ ਨਾ ਢਹਿ ਪਵੇ। ਸੂਬੇਦਾਰ ਆਪ ਨੁਮਾਜ਼ ਪੜ੍ਹਨ ਵੇਲੇ, ਕਾਬੁਲ ਵਿਖੇ ਘੋੜੇ ਖ਼ਰੀਦਣ ਵਿਚ ਮਸਰੂਫ਼ ਸੀ।

ਸੂਬੇਦਾਰ ਅਤੇ ਕਾਜ਼ੀ ਦੋਵੇਂ, ਗੁਰੂ ਨਾਨਕ ਸਾਹਿਬ ਦੇ ਬੋਲਾਂ ਨੂੰ ਝੁਠਲਾਉਣ ਦੀ ਹਿੰਮਤ ਨਾ ਜੁਟਾ ਸਕੇ। ਉਹ ਸੋਚ ਰਹੇ ਸਨ ਕਿ ਸਾਧਾਰਨ ਦਿਸਣ ਵਾਲਾ ਫ਼ਕੀਰ ਤਾਂ ਸਚਮੁੱਚ ਦਿਲਾਂ ਦੀਆਂ ਬੁੱਝਣ ਵਾਲਾ ਅੰਤਰਯਾਮੀ ਨਿਕਲਿਆ। ਗੁਰੂ ਨਾਨਕ ਸਾਹਿਬ ਨੇ ਸੂਬੇਦਾਰ ਦੌਲਤ ਖ਼ਾਨ ਲੋਧੀ ਅਤੇ ਕਾਜ਼ੀ ਨੂੰ ਸਮਝਾਂਦਿਆਂ ਕਿਹਾ ਕਿ ਪਰਵਰਦਿਗਾਰ ਦੇ ਹਜ਼ੂਰ, ਸਰੀਰਕ ਹਾਜਰੀ ਦੇ ਨਾਲ ਸੱਚੇ ਮਨ ਨਾਲ ਨਮਾਜ਼ ਵਿਚ ਪੜ੍ਹੀ ਦੁਆ ਹੀ ਕਬੂਲ/ਪਰਵਾਨ ਹੁੰਦੀ ਹੈ। ਇਸ ਲਈ ਜਦ ਤਕ ਨਮਾਜ਼ੀ ਆਪਣੇ ਤਨ, ਮਨ ਤੇ ਬਚਨਾਂ ਨਾਲ ਨੁਮਾਜ਼ ਵਿਚ ਹਾਜ਼ਰ ਨਾ ਹੋਏ, ਉਸ ਦੀ ਨਮਾਜ਼ ਪੜ੍ਹੀ ਜਾਂ ਨਾ ਪੜ੍ਹੀ ਇੱਕੋ ਜਿਹੀ ਹੈ, ਜਿਸ ਸਥਾਨ ਤੇ ਇਹ ਵਿਵਾਦ ਹੋਇਆ, ਉਸ ਸਥਾਨ ਤੇ ਹੁਣ ਗੁਰਦਵਾਰਾ ਅੰਤਰਯਾਮਤਾ ਸਾਹਿਬ ਵਿਰਾਜਮਾਨ ਹੈ।

ਦੇਖਦੇ ਹੀ ਦੇਖਦੇ, ਗੁਰੂ ਨਾਨਕ ਸਾਹਿਬ ਦੀ ਇਸ



ਅੰਤਰਯਾਮਤਾ ਦਾ ਚਰਚਾ ਸਾਰੇ ਸੁਲਤਾਨਪੁਰ ਦਾ ਵਿਸ਼ਾ ਬਣ ਗਿਆ। ਇਸ ਘਟਨਾ ਤੋਂ ਬਾਅਦ, ਭਾਈ ਮਰਦਾਨਾ ਜੀ ਨੂੰ ਵੀ ਗੁਰੂ ਨਾਨਕ ਕਿਸੇ ਹੋਰ ਦੁਨੀਆਂ ਦੇ ਵਾਸੀ ਨਜ਼ਰ ਆਉਣ ਲੱਗੇ। ਉਸੇ ਦਿਨ ਤੋਂ, ਭਾਈ ਮਰਦਾਨਾ ਜੀ, ਆਪਣੇ ਤਨ ਅਤੇ ਮਨ ਅਤੇ ਪੂਰੀ ਸ਼ਰਧਾ ਨਾਲ ਗੁਰੂ ਨਾਨਕ ਸਾਹਿਬ ਦੇ ਸਿੱਖ ਬਣ, ਸੁਲਤਾਨਪੁਰ ਵਾਸੀ ਹੋ ਗੁਰੂ ਸਾਹਿਬ ਦੀਆਂ ਫੇਰੀਆਂ ਵਿਚ ਸਾਥ ਦੇਣ ਦਾ ਮਨ ਬਣਾ ਲਿਆ। ਗੁਰੂ ਨਾਨਕ ਸਾਹਿਬ ਦੇ ਸਾਥ ਨੇ (ਭਾਈ) ਮਰਦਾਨਾ ਜੀ ਦੀ ਕਾਇਆਂ ਕਲਪ ਕਰ ਦਿੱਤੀ। ਗੁਰੂ ਨਾਨਕ ਸਾਹਿਬ ਨੇ ਜ਼ਾਤ-ਪਾਤ ਦੇ ਸਾਰੇ ਭਿੰਨ-ਭੇਦ ਮਿਟਾ ਕੇ (ਭਾਈ) ਮਰਦਾਨਾ ਜੀ ਨੂੰ ਇੱਕ ਮਿਰਾਸੀ ਤੋਂ ਅਕਾਲਪੁਰੱਖ/ਰੱਬ ਦੇ ਯਸ਼ ਗਾਇਨ ਕਰਨ ਵਾਲਾ ਇੱਕ ਢਾਡੀ ਬਣਾ ਕੇ ਨਾ ਕੇਵਲ 'ਰਬਾਬੀ' ਨਾਮ ਨਾਲ ਹੀ ਨਿਵਾਜਿਆ, ਸਗੋਂ ਭਾਈ (ਭਰਾ) ਬਣਾ ਕੇ ਮਨੁੱਖਤਾ ਰੂਪੀ ਪਿਆਰ ਦੀਆਂ ਤੰਦਾਂ ਨੂੰ ਹੋਰ ਮਜ਼ਬੂਤ ਕਰ ਦਿੱਤਾ।

ਸੁਲਤਾਨਪੁਰ ਵਿੱਚ, ਸ਼ਾਮ ਪੈਂਦਿਆਂ, ਭਾਈ ਮਰਦਾਨਾ ਜੀ, ਗੁਰੂ ਨਾਨਕ ਸਾਹਿਬ ਦੇ ਗਿਆਨ-ਗੋਸ਼ਟੀ ਲਈ ਇਕਤਰ ਸੰਗਤਾਂ ਵਿੱਚ ਅਲੋਕਿਕ ਨਾਦ ਗਾਇਨ ਦੇ ਸਮੇਂ, ਰਬਾਬ ਦੀਆਂ ਸੁਰਾਂ ਨਾਲ ਵਾਤਾਵਰਨ ਵਿੱਚ ਸੰਗੀਤਕ ਮਿਠਾਸ ਭਰਨ ਵਿੱਚ ਰੁੱਝ ਜਾਂਦੇ। ਭਾਈ ਗੁਰਦਾਸ ਜੀ ਨੇ ਸੁਲਤਾਨਪੁਰ ਨੂੰ 'ਭਗਤ ਭੰਡਾਰਾ' ਨਾਮ

ਨਾਲ ਨਿਵਾਜਿਆ ਹੈ। ਗੁਰੂ ਨਾਨਕ ਸਾਹਿਬ ਦੇ ਸੁਲਤਾਨਪੁਰ ਵਾਲੇ ਨਿਵਾਸ ਸਥਾਨ ਤੇ ਹੁਣ, ਗੁਰੂਦਵਾਰਾ "ਗੁਰੂ ਕਾ ਬਾਗ" ਅਤੇ ਜਿਸ ਮੋਦੀਖਾਨੇ ਦੇ ਗੁਰੂ ਸਾਹਿਬ ਅਧਿਕਾਰੀ ਸਨ, ਉਸ ਸਥਾਨ ਤੇ ਹੁਣ 'ਗੁਰਦਵਾਰਾ ਹੱਟ ਸਾਹਿਬ' ਸੁਭਾਇਮਾਨ ਹੈ। ਭਾਈ ਗੁਰਦਾਸ ਜੀ ਨੇ ਗੁਰੂ ਨਾਨਕ ਸਾਹਿਬ ਦੇ ਪ੍ਰੇਮਾ ਭਗਤੀ ਵਾਲੇ ਸਿੱਖਾਂ ਵਿਚ ਭਾਈ ਮਰਦਾਨਾ ਜੀ ਦਾ ਉਲੇਖ ਕਰਦਿਆਂ ਲਿਖਿਆ ਹੈ।"

**ਤਾਰੂ ਪੋਪਟੂ ਤਾਰਿਆ**
**ਗੁਰਮੁਖਿ ਬਾਲ ਸੁਭਾਇ ਉਦਾਸੀ॥**
**ਮੂਲਾ ਕੀੜ ਵਖਾਣੀਐ**
**ਚਲਿਤੁ ਅਚਰਜ ਲੁਭਿਤ ਗੁਰ ਦਾਸੀ॥**
**ਪਿਰਥਾ ਖੇਡਾ ਸੋਇਰੀ**
**ਚਰਣ ਸਰਣ ਸੁਖ ਸਹਜਿ ਨਿਵਾਸੀ॥**
**ਭਲਾ ਰਬਾਬ ਵਜਾਇੰਦਾ**
**ਮਜਲਸ ਮਰਦਾਨਾ ਮੀਰਾਸੀ॥**

**(ਵਾਰਾਂ ਭਾਈ ਗੁਰਦਾਸ ਜੀ)**

ਗੁਰੂ ਨਾਨਕ ਸਾਹਿਬ ਦੇ ਮਨ ਵਿਚ ਬਦੀਆਂ ਤੋਂ ਬਚਣ ਦੀ ਥਾਂ, ਬਦੀਆਂ ਨਾਲ ਟਾਕਰਾ ਕਰਦਿਆਂ, ਉਨ੍ਹਾਂ ਨੂੰ ਮਾਤ ਦੇਣ ਅਤੇ ਦੁਨੀਆਂ ਵਿਚ ਵਿਚਰਦਿਆਂ, ਚੰਗਾ ਦੁਨੀਦਾਰ ਕਿਵੇਂ ਬਣ ਸਕਣ ਦਾ ਸੰਕਲਪ ਕੰਮ ਕਰ ਰਿਹਾ ਸੀ। ਜਗਤ ਜਲੰਦੇ ਦੀ ਤ੍ਰਿਪਤੀ ਅਤੇ ਕਲਿਆਣਤਾ ਲਈ, ਮੋਦੀਖਾਨੇ ਦੀ ਨੌਕਰੀ ਛੱਡ ਦਿੱਤੀ। ਭਾਈਆ ਜੈ ਰਾਮ ਜੀ ਨੇ ਗੁਰੂ ਨਾਨਕ ਸਾਹਿਬ ਨੂੰ ਇਸ ਨੌਕਰੀ ਤੇ ਬਣੇ ਰਹਿਣ ਲਈ ਪ੍ਰੇਰਨਾ ਕੀਤੀ, ਪਰ ਗੁਰੂ ਨਾਨਕ ਸਾਹਿਬ ਅਪਣਾ ਮਨ ਅਕਾਲਪੁਰੱਖ ਦੁਆਰਾ ਦਿੱਤੇ ਗਏ ਮਿਸ਼ਨ ਦੀ ਪੂਰਤੀ ਲਈ, ਪੂਰੀ ਤਰ੍ਹਾਂ ਬਣਾ ਚੁੱਕੇ ਸਨ। ਗੁਰੂ ਨਾਨਕ ਸਾਹਿਬ ਨੇ ਭਾਈ ਜੈਰਾਮ ਜੀ ਨੂੰ ਸੂਬੇਦਾਰ ਕੰਨਾਂ ਦਾ ਕੱਚਾ ਹਾਕਮ ਹੈ। ਉਸ ਨੂੰ ਇਨਸਾਨ ਪਰੱਖਣਾ ਨਹੀਂ ਆਉਂਦਾ। ਤਿੰਨ ਵਾਰ ਲੇਖਾ ਕਰਵਾ ਚੁੱਕਿਆ ਹੈ, ਉਸ ਦਾ ਕੀ ਪਤਾ ਕਲ੍ਹ ਨੂੰ ਕਿਹੜਾ ਇਲਜ਼ਾਮ ਫਿਰ ਲਗਾ ਦੇਵੇ, ਕਹਿੰਦਿਆਂ ਗੱਲ ਮੁਕਾ ਦਿੱਤੀ।

ਗੁਰੂ ਨਾਨਕ ਸਾਹਿਬ ਨੇ ਭਿੰਨ ਭਿੰਨ ਮੱਤਾਂ ਅਤੇ ਸੰਪਰਦਾਵਾਂ/ ਲਹਿਰਾਂ ਦੇ ਧਾਰਮਿਕ ਸਥਾਨਾਂ 'ਤੇ, ਉਨ੍ਹਾਂ ਦੇ ਧਾਰਮਿਕ ਮੁੱਖੀਆਂ ਦੇ ਨਾਲ, ਸਭਿਅਚਾਰਕ ਵਿਸ਼ਿਆਂ 'ਤੇ ਸੰਵਾਦ **'ਜਬ ਲਗੁ ਦੁਨੀਆ ਰਹੀਐ ਨਾਨਕ ਕਿਛੁ ਸੁਣੀਐ ਕਿਛੁ ਕਹੀਐ॥ (ਅੰਗ ੨੩੧)'** ਰਚਾ ਕੇ, ਹੱਕ, ਸੱਚ ਅਤੇ ਨਿਆਂ ਦੇ ਸਵਾਮੀ 'ਅਕਾਲ ਰੂਪ ਇੱਕ ਕਰਤਾ ਪੁਰਖ / **ਸਭਨਾ ਜੀਆ ਕਾ ਇਕੁ ਦਾਤਾ ਸੋ ਮੈ ਵਿਸਰਿ ਨ ਜਾਈ ॥ ੪ ॥** ਜਪੁਜੀ - ਦਾ ਸੰਦੇਸ਼ ਦੇਣ ਖਾਤਰ, ਆਪਣੀਆਂ ਉਦਾਸੀਆਂ(ਯਾਤਰਾਵਾਂ) ਲਈ ਮਨ ਬਣਾਇਆ ਤਾਂ ਤਲਵੰਡੀ ਅਤੇ ਸੁਲਤਾਨਪੁਰ ਵਿਚ ਆਪਣੇ ਜਾਣਕਾਰਾਂ/ਸੰਬੰਧੀਆਂ/ਮਿਤ੍ਰਾਂ/ਸਿੱਖਾਂ 'ਚੋਂ ਆਪਣੇ ਸਾਥ ਲਈ ਭਾਈ ਮਰਦਾਨਾ ਜੀ ਨੂੰ ਚੁਣਿਆ। ਭਾਈ ਗੁਰਦਾਸ ਜੀ ਦੀਆਂ ਰਚਨਾਵਾਂ ਵਿਚ ਇਸ ਇਤਿਹਾਸਕ ਤੱਥ ਦਾ ਉਲੇਖ **"ਇਕੁ ਬਾਬਾ ਅਕਾਲ ਰੂਪੁ ਦੂਜਾ ਰਬਾਬੀ ਮਰਦਾਨਾ।"** ਸ਼ਬਦਾਂ ਵਿਚ ਮਿਲਦਾ ਹੈ।

ਹੋ ਸਕਦਾ ਹੈ ਇਨ੍ਹਾਂ ਫੇਰੀਆਂ ਵਿਚ, ਗੁਰੂ ਨਾਨਕ ਸਾਹਿਬ ਦਾ ਸਾਥ ਨਿਭਾਉਣ ਲਈ ਹਾਂ ਕਰਣ ਤੋਂ ਪਹਿਲਾਂ, ਭਾਈ ਮਰਦਾਨਾ ਜੀ ਨੂੰ ਭਾਵੇਂ, ਇਹ ਆਭਾਸ ਹੋਇਆ ਹੋਏ ਕਿ, ਯਾਤਰਾਵਾਂ ਦੇ ਬਿਖੜੇ ਪੈਂਡੇ ਤਹਿ ਕਰਦਿਆਂ ਉਨ੍ਹਾਂ (ਭਾਈ ਮਰਦਾਨਾ ਜੀ) ਨੂੰ ਕਈ ਦਿਨ ਭੁੱਖਿਆਂ ਕਟਣੇ ਪੈਣ। ਇਹ ਵੀ ਹੋ ਸਕਦਾ ਹੈ ਕਿ ਭਾਈ ਮਰਦਾਨਾ ਜੀ ਨੂੰ ਜੰਗਲਾਂ ਅਤੇ ਵੀਰਾਨਿਆਂ ਵਿਚ ਮੀਂਹ ਅਤੇ ਝਖੜਾਂ ਦਿਆਂ ਹਾਲਾਤਾਂ ਵਿੱਚ, ਬਿਨਾਂ ਛੱਤ ਬਿਤਾਏ ਜਾਣ ਵਾਲੇ ਦਿਨ ਅਤੇ ਰਾਤਾਂ ਦਾ ਅਹਿਸਾਸ ਵੀ ਹੋਇਆ ਹੋਏ? ਪਰ,ਇਨ੍ਹਾਂ ਦੁਸ਼ਵਾਰੀਆਂ ਦੀ ਤੁਲਨਾ ਵਿੱਚ, ਸੁਲਤਾਨਪੁਰ ਵਿਚ ਗੁਰੂ ਨਾਨਕ ਸਾਹਿਬ ਦੇ ਨਾਲ ਲੰਮਾਂ ਸਮਾਂ ਬਤੀਤ ਕਰਦਿਆਂ ਭਾਈ ਮਰਦਾਨਾ ਜੀ ਨੂੰ ਇਹ ਯਕੀਨ ਤਾਂ ਹੋ ਗਿਆ ਸੀ ਕਿ, ਦਿਲਾਂ ਦੀਆਂ ਬੁਝਣ ਵਾਲੇ ਜਿਸ ਨਾਨਕ ਨੇ ਮੇਰੀ ਘਰੇਲੂ ਹਾਲਤ ਨੂੰ ਦੇਖਦਿਆਂ, ਮੇਰੀ ਧੀ ਦੇ ਵਿਆਹ ਦਾ ਬੋਝਾ ਹਲਕਾ ਕਰਨ ਵਿਚ ਢਿਲ੍ਹ ਨਹੀ ਕੀਤੀ, ਉਸ ਗੁਰੂ ਦੀ ਵੱਡੀ ਭੈਣ ਬੇਬੇ ਨਾਨਕੀ ਅਤੇ ਭਾਈ ਜੈਰਾਮ ਜੀ ਦੁਆਰਾ ਮਾਇਕ ਮਦਦ ਦੇਣ ਦੇ ਨਾਲ, ਆਉਣ ਵਾਲੇ ਸਮੇਂ ਵਿਚ ਵੀ ਆਪਣੇ ਵੀਰ ਨੂੰ ਕੀਤੇ ਵਚਨ ਪੂਰੇ ਕਰਨ ਲਈ, ਮੇਰੇ ਪਿੱਛੋਂ ਮੇਰੇ ਬੱਚਿਆਂ ਦਾ ਖਿਆਲ ਜ਼ਰੂਰ ਰਖਣਗੇ।

ਭਾਈ ਮਰਦਾਨਾ ਜੀ ਨੂੰ ਇਹ ਯਕੀਨ ਵੀ ਹੋ ਗਿਆ ਸੀ ਕਿ ਇਸ ਸਫਰ ਵਿਚ, ਜਿਹੋ ਜਿਹੇ ਸੁੱਖ ਅਤੇ ਭੋਜਨ ਗੁਰੂ ਨਾਨਕ ਸਾਹਿਬ ਨੂੰ ਪ੍ਰਾਪਤ ਹੋਣਗੇ, ਭਾਈ ਮਰਦਾਨਾ ਜੀ ਉਨ੍ਹਾਂ ਤੋਂ ਵਾਂਝਿਆਂ ਨਹੀਂ ਰਹਿਣਗੇ। ਅਜਿਹੇ ਅਤੁੱਟ ਵਿਸ਼ਵਾਸ ਤੋਂ ਉਪਜੀ ਸ਼ਰਧਾ ਦੇ ਸਦਕੇ ਭਾਈ ਮਰਦਾਨਾ ਜੀ ਨੇ ਆਪਣੇ ਘਰੇਲੂ ਹਾਲਾਤਾਂ ਤੋਂ ਬੇਪ੍ਰਵਾਹ ਹੋ ਕੇ, ਗੁਰੂ ਨਾਨਕ ਸਾਹਿਬ ਦੁਆਰਾ ਕੀਤੇ ਜਾਣ ਵਾਲੇ ਸਫਰ ਵਿਚ ਹਮ-ਜੋਲੀ ਬਣਨ ਦਾ ਮਨ ਬਣਾ ਲਿਆ।

ਵਿਸ਼ਵਾਸ ਕੀਤਾ ਜਾਂਦਾ ਹੈ ਕਿ ਭਾਈ ਮਰਦਾਨਾ ਜੀ ਦੇ ਸ਼ਾਹਜ਼ਾਦਾ (ਸ਼ਜਾਦ), ਰਾਏਜ਼ਾਦਾ(ਰੁਜਾਦਾ) ਦੋ ਪੁੱਤਰ ਤੇ ਇੱਕ ਧੀ ਸਮੇਤ ਤਿੰਨ ਸੰਤਾਨਾਂ ਸਨ। ਭਾਈ ਮਰਦਾਨਾ ਜੀ ਨੇ, ਗੁਰੂ ਨਾਨਕ ਜੀ ਪਾਸੋਂ, ਇਸ ਸਫਰ ਲਈ, ਧੀ ਦੇ ਵਿਆਹ ਦੇ ਕਰਜ਼ ਤੋਂ ਮੁਕਤ ਹੋਣ ਤਕ ਦੀ ਮੁਹਲਤ ਮੰਗੀ। ਗੁਰੂ ਨਾਨਕ ਸਾਹਿਬ ਭਾਈ ਮਰਦਾਨਾ ਜੀ ਦੇ ਘਰੇਲੂ ਹਾਲਾਤਾਂ ਤੋਂ ਭਲੀ ਭਾਂਤ ਵਾਕਿਫ ਸਨ। ਗੁਰੂ ਨਾਨਕ ਸਾਹਿਬ ਨੇ ਆਪਣੇ ਸ਼ਰਧਾਲੂ ਭਾਈ ਮਨਸੁੱਖ (ਗੁਰੂ ਘਰ ਨਾਲ ਜੁੜਨ ਵਾਲਾ ਪਹਿਲਾ ਵਣਜਾਰਾ ਸਿੱਖ ਵਪਾਰੀ ਹੋਇਆ ਹੈ, ਜਿਸ ਨੇ ਗੁਰੂ ਨਾਨਕ ਸਾਹਿਬ ਦੀ ਚਰਚਾ ਲੰਕਾ(ਅਜੋਕੀ ਸ੍ਰੀਲੰਕਾ) ਦੇ ਰਾਜੇ ਸ਼ਿਵਨਾਭ ਨਾਲ ਕਰ ਕੇ ਸ਼ਿਵਨਾਭ ਨੂੰ ਗੁਰੂ ਨਾਨਕ ਦਾ ਸ਼ਰਧਾਲੂ ਬਣਾਇਆ ਸੀ) ਭਾਈ ਭਗੀਰੱਥ (ਮਲਸੀਹਾਂ ਪਿੰਡ ਦਾ

ਚੌਧਰੀ ਸੀ, ਜੋ ਸੁਲਤਾਨਪੁਰ ਦੇ ਮੋਦੀਖਾਨੇ ਆਪਣਾ ਅਨਾਜ ਵੇਚਣ ਆਇਆ ਕਰਦਾ ਸੀ। ਗੁਰੂ ਨਾਨਕ ਜੀ ਦੇ ਨਾਲ ਮਿਲਣੀਆਂ ਵਿਚ ਗੁਰੂ ਸਾਹਿਬ ਦੇ ਵਿਚਾਰਾਂ 'ਤੇ ਦੂਜਿਆਂ ਨਾਲ ਹਮਦਰਦੀ ਵਾਲੇ ਵਤੀਰੇ ਤੋਂ ਪ੍ਰਭਾਵਿਤ ਹੋ ਕੇ ਗੁਰੂ ਨਾਨਕ ਸਾਹਿਬ ਦਾ ਸ਼ਰਧਾਲੂ ਬਣ ਗਿਆ ਸੀ।) ਦੇ ਰਾਹੀਂ ਲਹੌਰ ਤੋਂ ਭਾਈ ਮਰਦਾਨਾ ਜੀ ਦੀ ਧੀ ਦਾ ਦਾਜ ਮੰਗਵਾਉਣ ਦਾ ਪ੍ਰਬੰਧ ਕੀਤਾ) ਦਾਜ ਆ ਜਾਣ ਤੇ ਭਾਈ ਮਰਦਾਨਾ ਜੀ ਨੂੰ ਆਪਣੇ ਫ਼ਰਜ਼ ਤੋਂ ਮੁਕਤ ਹੋਣ ਲਈ ਤਲਵੰਡੀ ਭੇਜਿਆ।

ਫੇਰੀਆਂ ਲਈ ਜਾਣ ਤੋਂ ਪਹਿਲਾਂ, ਗੁਰੂ ਨਾਨਕ ਸਾਹਿਬ ਨੇ ਮਹਿਸੂਸ ਕੀਤਾ ਕਿ ਭਾਈ ਮਰਦਾਨਾ ਜੀ ਦੀ ਰਬਾਬ ਪੁਰਾਣੀ ਹੋਣ ਕਾਰਨ, ਖਰਾਬ ਹੋਣ ਦੀ ਸੰਭਾਵਨਾ ਕੀਤੀ ਜਾ ਸਕਦੀ ਹੈ। ਇਸ ਲਈ, ਉਦਾਸੀਆਂ ਦੇ ਸਫਰ ਲਈ, ਭਾਈ ਫਿਰੰਦਾ ਜੋ ਆਸ-ਪਾਸ ਦੇ ਇਲਾਕੇ ਵਿਚ ਸੰਗੀਤਕ ਸਾਜ਼ ਬਣਾਉਣ ਵਿਚ ਮਾਹਰ ਗਿਣਿਆ ਜਾਂਦਾ ਸੀ, ਉਸ ਪਾਸੋਂ, ਭਾਈ ਮਰਦਾਨਾ ਜੀ ਵਾਸਤੇ ਨਵੀਂ ਰਬਾਬ ਬਣਵਾਉਣ ਦਾ ਮੰਨ ਬਣਾਇਆ ਤਾਂ ਇਸ ਮਨੋਰਥ ਦੀ ਸੌਂਪਣਾ ਭੈਣ ਨਾਨਕੀ ਜੀ ਨੂੰ ਕਰ ਦਿੱਤੀ। ਰਬਾਬ ਬਣ ਕੇ ਤਿਆਰ ਹੋਣ ਤੇ ਭਾਈ ਫ਼ਿਰੰਦਾ, ਰਬਾਬ ਲੈ ਕੇ ਗੁਰੂ ਨਾਨਕ ਸਾਹਿਬ ਦੇ ਸਾਹਮਣੇ ਆਪ ਹਾਜ਼ਰ ਹੋਏ। ਉਸ ਰਾਤ ਭਾਈ ਮਰਦਾਨਾ ਜੀ ਨੇ ਵੀ ਨਵੀਂ ਰਬਾਬ ਦੀਆਂ ਤਾਰਾਂ ਨਾਲ ਵਾਤਾਵਰਨ ਵਿਚ ਸੰਗੀਤ ਦਾ ਜਾਦੂ ਬਖੇਰ ਦਿੱਤਾ ਸੀ।

ਇਸਲਾਮਿਕ ਵਿਚਾਰਧਾਰਾ ਵਾਲੇ ਗਰੀਬ ਜਾਂ ਅਮੀਰ ਹਰ ਵਿਅਕਤੀ ਦੇ ਦਿਲ ਦੇ ਕਿਸੇ ਕੋਨੇ ਵਿੱਚ, ਕਿਸੇ ਨਾ ਕਿਸੇ ਧਾਰਮਿਕ ਸਥਾਨ ਤੇ ਜ਼ਿਆਰਤ/ 'ਪਵਿੱਤਰ ਕਾਬਾ' ਵਿਖੇ ਹੱਜ ਕਰਨ ਦੀ ਕਾਮਨਾ ਦਾ ਉਪਜਣਾ ਸੁਭਾਵਿਕ ਸੋਚ ਹੈ। ਭਾਈ ਮਰਦਾਨਾ ਜੀ ਕੋਲ ਘਰੇਲੂ ਹਾਲਾਤਾਂ ਕਾਰਨ, ਅਜਿਹੀ ਉਪਜਣ ਵਾਲੀ ਚਾਹਤ ਨੂੰ ਦਿਲ ਵਿਚ ਹੀ ਰੱਖ ਕੇ ਸਬਰ ਕਰਨ ਤੋਂ ਬਿਨਾ, ਹੋਰ ਕੋਈ ਚਾਰਾ ਵੀ ਨਹੀਂ ਸੀ। ਗੁਰੂ ਨਾਨਕ ਸਾਹਿਬ ਦੇ ਨਾਲ ਯਾਤਰਾਵਾਂ ਲਈ ਘਰੋਂ ਚਲਣ ਲਗਿਆਂ, ਭਾਈ ਮਰਦਾਨਾ ਜੀ ਨੂੰ ਖ਼ਾਬ-ਓ-ਖ਼ਿਆਲ ਵੀ ਨਹੀਂ ਸੀ ਕਿ ਆਉਣ ਵਾਲਾ ਸਮਾਂ ਉਨ੍ਹਾਂ ਲਈ ਮੁਰਾਦਾਂ ਦੇ ਕਿਹੋ ਜਿਹੇ ਅਨੂਠੇ ਵਰਦਾਨ ਸਮੇਟੀ ਬੈਠਾ ਹੈ। ਭਾਈ ਮਰਦਾਨਾ ਜੀ ਕਦੋਂ ਜਾਣਦੇ ਸਨ ਕਿ ਜਿਸ ਗੁਰੂ ਦੇ ਲੜ ਉਹ ਲਗ ਗਏ ਹਨ, ਉਹ ਸਮਰੱਥ ਗੁਰੂ ਭਾਈ ਮਰਦਾਨਾ ਜੀ ਨੂੰ ਨਾ ਸਿਰਫ ਹਿੰਦੂ ਧਾਰਮਿਕ ਸਥਾਨਾਂ ਦੇ ਹੀ ਦਰਸ਼ਨ ਕਰਵਾਉਣਗੇ, ਸਗੋਂ, ਮੁਲਤਾਨ ਅਤੇ ਉੱਚ ਵਰਗੇ ਇਸਲਾਮਿਕ ਧਰਮ ਸਥਾਨਾਂ ਤੇ ਜ਼ਿਆਰਤ ਕਰਵਾਉਣ ਦੇ ਮੌਕੇ ਦੇਣ ਦੇ ਨਾਲ ਸੂਫ਼ੀ ਹਾਜੀ ਅਬਦੁੱਲਾ ਬੁਖ਼ਾਰੀ ਸਹਿਰਾਵਰਦੀ ਵਰਗੇ ਪ੍ਰਚਾਰਕਾਂ ਨਾਲ ਮਿਲਣੀ ਅਤੇ ਸੰਵਾਦ/ਵਾਰਤਾ ਦਾ ਗਵਾਹ ਵੀ ਬਣਾਉਣਗੇ।

ਘਰੋਂ ਚਲਣ ਲਗਿਆਂ, ਭਾਈ ਮਰਦਾਨਾ ਜੀ ਨੇ ਇਹ ਵੀ ਕਦੋਂ ਸੋਚਿਆ ਸੀ ਕਿ ਗੁਰੂ ਨਾਨਕ ਸਾਹਿਬ ਦਾ ਸਾਥ ਭਾਈ ਮਰਦਾਨਾ ਜੀ ਨੂੰ ਪਾਕਪਟਨ/ਪਾਕਪਤਨ (ਪੁਰਾਤਨ ਨਾਮ ਅਜੋਧਨ) ਵਿਖੇ ਸੂਫ਼ੀ ਭਗਤ ਸ਼ੇਖ਼ ਫ਼ਰੀਦ ਜੀ ਦੀ ਦਰਗਾਹ ਤੇ ਅਕੀਦਤ ਦੇ ਫੁਲ ਪੇਸ਼ ਕਰਨ ਦਾ ਵੀ ਸੁਭਾਗ ਬਖ਼ਸ਼ੇ ਗਾ। ਭਾਈ ਮਰਦਾਨਾ ਜੀ ਨੇ ਇਸੇ ਮੁੱਕਦਸ ਦਰਗਾਹ ਦੇ 11ਵੇਂ ਗੱਦੀ ਨਸ਼ੀਨ ਸ਼ੇਖ਼ ਬ੍ਰਹਮ (ਸ਼ੇਖ਼ ਇਬਰਾਹੀਮ/ਸਾਲਿਸ ਫ਼ਰੀਦ) ਸਾਨੀ ਨਾਲ, ਗੁਰੂ ਨਾਨਕ ਸਾਹਿਬ ਦੀ ਵਾਰਤਾ/ਸੰਵਾਦ ਨੂੰ ਆਪਣੀ ਕੰਨੀ ਸੁਣਨ ਦੀ ਖ਼ੁਸ਼ੀ ਵੀ ਪ੍ਰਾਪਤ ਕੀਤੀ ਸੀ।

ਭਾਈ ਮਰਦਾਨਾ ਜੀ ਨੇ ਆਪਣੇ ਮੁੱਕਦਰ ਨੂੰ ਧੰਨ ਹੋਇਆ ਜਾਣਿਆ ਜਦੋਂ, ਚੌਥੀ ਫੇਰੀ ਵਿਚ, ਗੁਰੂ ਨਾਨਕ ਸਾਹਿਬ ਨੇ, ਭਾਈ ਮਰਦਾਨਾ ਜੀ ਨੂੰ ਕਿਹਾ, ਲੈ ਭਾਈ ਮਰਦਾਨਾ, ਅਲਹ ਦੇ ਦਰਬਾਰ ਵਿਚ ਤੇਰੀ ਘਾਲਣਾ ਪ੍ਰਵਾਨ ਹੋਈ। ਇਕੀਹ ਸਾਲ ਮੇਰੇ ਨਾਲ ਸਫਰ ਕਰਦਿਆਂ, ਅੱਜ ਤੂੰ ਮੱਕਾ ਸ਼ਰੀਫ਼ ਪੁਜ ਗਿਆ ਹੈਂ। ਆਹ ਵੇਖ 'ਕਾਬਾ' ਤੇਰੇ ਸਾਹਮਣੇ ਹੈ। ਜੋ ਮੰਗਣਾ ਈ, ਅਲਹ ਤੋਂ ਮੰਗ ਲੈ, ਅੱਜ ਤੇਰੀ ਇਬਾਦਤ ਪਰਵਾਨ ਚੜਨ ਦਾ ਵੇਲਾ ਹੈ। 'ਬਾਬਾ ਤੁਹਾਡੇ ਸਾਥ ਨੇ ਤਾਂ ਮੇਰੀ ਦੁਨਿਆਵੀ ਚੀਜ਼ਾਂ ਦੀ ਭੁੱਖ ਹੀ ਖ਼ਤਮ ਕਰ ਦਿੱਤੀ ਹੈ। ਇਹ ਤੁਹਾਡੀ ਵਡਿਆਈ ਹੈ ਜੋ ਮੈਂਨੂੰ 'ਪਵਿੱਤਰ ਕਾਬਾ ' ਵਿਖੇ ਹੱਜ ਕਰਨ ਦਾ ਸੁਭਾਗ ਪ੍ਰਾਪਤ ਹੋਇਆ ਹੈ।'' ਭਾਈ ਮਰਦਾਨਾ ਜੀ ਨੂੰ ਅੱਜ ਆਪਣੀ ਹਿਕੜੀ ਦੇ ਕਿਸੇ ਕੋਨੇ ਵਿਚ ਛੁਪੀ 'ਹੱਜ ਕਰਨ ਦੀ ਆਰਜ਼/ਮੁਰਾਦ ਪੂਰੀ ਹੋਈ ਵੇਖ ਬੇਹਦ ਖ਼ੁਸ਼ੀ ਹੋ ਰਹੀ ਸੀ। ਗੁਰੂ ਨਾਨਕ ਸਾਹਿਬ ਨੂੰ ਸ਼ੁਕਰੀਆ ਕਹਿਣਾ ਚਾਹਿਆ ਪਰ ਭਾਈ ਮਰਦਾਨਾ ਜੀ ਦੀ ਸੋਚ ਨੇ ਹੋਂਠ ਸੀ ਦਿੱਤੇ।

ਭਾਈ ਮਰਦਾਨਾ ਜੀ ਦੀ ਅੰਤਰ ਆਤਮਾ ਕਹਿ ਰਹੀ ਸੀ ਕਿ ਜਾਣੀ-ਜਾਣ ਗੁਰੂ ਤਾਂ ਤੇਰੇ ਮਨ ਦੀ ਦੁਬਿਧਾ ਤੋਂ ਵੀ ਵਾਕਿਫ਼ ਹੈ। ਸ਼ੁਕਰੀਆ ਆਖ ਕੇ ਕਿਤੇ ਤੂੰ ਹੋਰ ਛੋਟਾ ਨਾ ਹੋ ਜਾਏ? 'ਪਵਿੱਤਰ ਕਾਬਾ' ਦੇ ਕਰਮੀ ਜੀਵਨ ਦੁਆਰਾ 'ਅਲਹ' ਦੇ ਸਾਖ਼ਸ਼ਾਤ ਰੂਪ ਵਿਚ 'ਕਾਬਾ' ਵਿਖੇ ਵਿਰਾਜਮਾਨ ਹੋਣ ਦੀ ਖ਼ਬਰ ਮਿਲਦਿਆਂ ਹੀ, ਹਾਜੀਆਂ/ਕਾਜ਼ੀਆਂ ਅਤੇ ਸਥਾਨਿਕ ਵਸਨੀਕਾ ਦੀ ਭੀੜ 'ਕਾਬਾ' ਵਿਖੇ ਇੱਕਠੀ ਹੋ ਗਈ।

ਭਾਈ ਮਰਦਾਨਾ ਜੀ ਨੂੰ ਹੁਣ, ਮੱਕਾ ਸ਼ਰੀਫ਼ ਦੇ ਪਵਿੱਤਰ ' ਕਾਬਾ' ਵਿਖੇ, ਆਪਣੀ ਹੱਜ ਕਰਨ ਦੀ ਖ਼ੁਸ਼ੀ ਨਾਲੋਂ ਵੱਧ, 'ਕਾਬਾ ਸ਼ਰੀਫ਼' ਦੇ ਮੁੱਖ ਕਾਜ਼ੀ ਰੁਕਨ-ਦੀਨ, ਮੌਲਵੀ ਮੁਹੰਮਦ ਹਸਨ, ਇਮਾਮ ਜ਼ਫਰ ਅਤੇ ਪੀਰ ਅਬਦੁਲ ਵਹਾਬ ਵਰਗੇ ਧਾਰਮਿਕ ਲੀਡਰਾਂ ਨਾਲ ਗੁਰੂ ਨਾਨਕ ਸਾਹਿਬ ਦੇ ਇੱਕ ਰੱਬ ਦੇ ਗਿਆਨ-ਸੰਵਾਦ ਦਾ ਚਸ਼ਮਦੀਦ ਵੀ ਪਾਇਆ। ਲੇਖਕ ਤਾਜੂਦੀਨ(ਤਾਜੂਦੀਨ ਦੀ ਡਾਇਰੀ) ਅਨੁਸਾਰ, ਪਵਿੱਤਰ 'ਕਾਬਾ' ਵਿਖੇ ਗੁਰੂ ਨਾਨਕ ਸਾਹਿਬ ਨਾਲ ਧਾਰਮਿਕ ਨੇਤਾਵਾਂ ਨਾਲ ਸੰਵਾਦ ਦੇ ਦੌਰਾਨ ਅਰਬੀ ਭਾਸ਼ਾ ਵਿਚ ਦੀਨ (ਮਜ਼ਬ), ਰੱਬ (ਖੁਦਾ), ਵੇਸ (ਭੇਸ), ਖੁਦਾ ਦੇ

ਘਰ/ਨਿਵਾਸ ਬਾਰੇ ਗੁਰੂ ਸਾਹਿਬ ਨੇ ਕਾਜ਼ੀਆਂ ਦੇ ਭੁਲੇਖੇ ਦੂਰ ਕੀਤੇ ਅਤੇ ਦਸਿਆ ਕਿ ਖੁਦਾ ਕਿਸੇ ਇੱਕ/ਖਾਸ ਸਥਾਨ ਜਾਂ ਦਿਸ਼ਾ ਵਿਚ ਨਹੀਂ, ਹਰ ਸਥਾਨ/ਦਿਸ਼ਾ ਵਿਚ ਵਿਆਪਕ ਹੈ। ਕਾਜ਼ੀ ਰੁਕਨਦੀਨ ਦੇ ਸਵਾਲ ਕਿ ਅਸੀਂ ਸਦੀਆਂ ਤੋਂ ਸੁਣਦੇ ਆ ਰਹੇ ਹਾਂ ਕਿ 'ਕਾਬਾ' ਖ਼ੁਦਾ ਦਾ ਘਰ ਹੈ। ਤੁਸੀਂ 'ਕਾਬਾ'ਵਲ ਪੈਰ ਕਰ ਕੇ ਖ਼ੁਦਾ ਦੀ ਤੌਹੀਨ ਕੀਤੀ ਹੈ। ਗੁਰੂ ਨਾਨਕ ਸਾਹਿਬ ਨੇ ਕਾਜ਼ੀ ਰੁਕੁਨਦੀਨ ਨੂੰ ਕੁਰਾਨ ਦੀ ਆਇਤ 50:16 ਦਾ ਹਵਾਲਾ ਦਿੰਦਿਆ ਦਸਿਆ ਕਿ 'ਕੁਰਾਨ' ਵਿਚ ਇਸ ਯਕੀਨ ਦਾ ਖੰਡਨ ਕੀਤਾ ਗਿਆ ਹੈ। 'ਅਲਾਹ' ਨੇ ਤਾਂ ਮੁਹੰਮਦ ਸਾਹਿਬ ਨੂੰ ਦਸਿਆ ਸੀ :

The most aqrabu nahnu belief your contradicts, gracious ilaihi min hablil warid20" Meaning: Allah had made it clear to Prophet Muhammad Sahib that I don't reside in buildings and homes. Instead, I am closer to every human being than his jugular vein. ਕਿ, ਮੈਂ (ਖੁਦਾ) ਕਿਸੇ ਘਰ ਜਾਂ ਇਮਾਰਤ ਵਿਚ ਰਹਿਣ ਦਾ ਪਾਬੰਦ ਨਹੀਂ। ਮੈਂ, (ਭਾਵ ਖੁਦਾ) ਆਪਣੀ ਸਾਰੀ ਕਾਇਨਾਤ ਦੇ ਜ਼ਰ੍ਰੇ ਜ਼ਰ੍ਰੇ ਵਿਚ ਮੌਜੂਦ/ਵਿਆਪਕ ਹਾਂ। ਇਨਸਾਨ ਵਿਚ ਉਸ ਦਿਆਂ ਸਵਾਸਾਂ ਤੋਂ ਵੀ (ਉਸ ਦੇ) ਨੇੜੇ ਵਸਦਾ ਹਾਂ। ਗੁਰੂ ਨਾਨਕ ਸਾਹਿਬ ਅਤੇ ਕਾਜ਼ੀਆਂ ਵਿਚਕਾਰ ਕੁਰਾਨ ਸ਼ਰੀਫ਼ ਵਿਚ ਦਰਜ ਆਇਤਾਂ ਦੇ ਆਧਾਰ ਤੇ ਹੀ ਸੰਗੀਤ ਵਰਗੇ ਵਿਸ਼ਿਆਂ 'ਤੇ ਵੀ ਚਰਚਾ ਕਰ ਕੇ ਸੰਗੀਤ ਬਾਰੇ ਭੁਲੇਖੇ ਦੂਰ ਕੀਤੇ। ਕਾਜ਼ੀਆਂ ਅਤੇ ਗੁਰੂ ਨਾਨਕ ਸਾਹਿਬ ਵਿਚਕਾਰ ਕੁਲ ਮਿਲਾ ਕੇ 360 ਸਵਾਲ/ਜਵਾਬ ਹੋਏ। ਮੱਕਾ ਸ਼ਰੀਫ ਵਿਖੇ ਮੀਨਾ ਲਾਇਬ੍ਰੇਰੀ ਵਿਚ ਤਾਜੂਦੀਨ ਖ਼ਲਫ਼ ਬਾਹਾ ਉਦ-ਦੀਨ ਮੁਫ਼ਤੀ ਤਰੀਕਾ ਨਕਸ਼ਬੰਦੀ ਦੀ ਹਸਤ ਲਿਖਤ 'ਸਿਯਾਹਤੋ ਬਾਬਾ ਨਾਨਕ ਸ਼ਾਹ ਫ਼ਕੀਰ' ਅਰਥਾਤ 'ਬਾਬਾ ਨਾਨਕ ਦੇ ਸਫ਼ਰ/ ਤਾਜੂਦੀਨ ਦੀ ਡਾਇਰੀ-ਰੋਜ਼ਨਾਮਚਾ) ਨਾਮਕ ਅਣ-ਛਪੀ ਪੁਸਤਕ ਅਨੁਸਾਰ, ਰੁਕੁਨਦੀਨ ਅਤੇ ਸਾਥੀਆਂ ਦੇ ਅਨੁਰੋਧ ਤੇ ਗੁਰੂ ਨਾਨਕ ਸਾਹਿਬ ਨੇ, ਗੁਰੂ ਗ੍ਰੰਥ ਸਾਹਿਬ ਵਿੱਚ ਅੰਕਿਤ ਰਾਗ ਤਿਲੰਗ ਮ: ੧, ਘਰ ੧, ਅੰਗ ੭੨੧ ਤੇ ਪਰਸ਼ੀਅਨ ਜ਼ੁਬਾਨ ਵਿੱਚ ਸਬਦ **"ਯਕ ਅਰਜ਼ ਗੁਫਤਮ ਪੇਸਿ ਤੋ ਦਰ ਗੋਸ ਕੁਨ ਕਰਤਾਰ॥"** 'ਕਾਬਾ' ਵਿਖੇ ਉਚਾਰਨ ਕੀਤਾ ਸੀ। ਜਿਸ ਦਾ ਗਾਇਨ ਭਾਈ ਮਰਦਾਨਾ ਜੀ ਨੇ ਬੜੀ ਮਿੱਠੀ ਤੇ ਸੁਰੀਲੀ ਆਵਾਜ਼ ਵਿਚ ਕੀਤਾ।

ਗੁਰੂ ਨਾਨਕ ਸਾਹਿਬ ਦੇ ਨਾਲ ਸਫਰ ਵਿਚ ਵਿਚਰਦਿਆਂ, ਭਾਈ ਮਰਦਾਨਾ ਜੀ ਗੁਰੂ ਨਾਨਕ ਸਾਹਿਬ ਦੀਆਂ ਦੈਵੀ ਵਡਿਆਈਆਂ ਅਤੇ ਅਜ਼ਮਤਾ ਤੋਂ ਜਾਣੂ ਹੋ ਚੁੱਕੇ ਸਨ। ਭਾਈ ਮਰਦਾਨਾ ਜੀ ਵੱਖ ਵੱਖ ਸ਼ਹਿਰਾਂ ਵਿਚ ਅਨੇਕ ਪਾਪੀਆਂ ਦੇ ਉਧਾਰ ਹੋਣ ਦੇ ਚਸ਼ਮਦੀਦ ਸਨ। ਭਾਈ ਮਰਦਾਨਾ ਜੀ ਸਭ ਤੋਂ ਵੱਧ ਗੁਰੂ ਨਾਨਕ ਸਾਹਿਬ ਦੀ ਇਸ ਖ਼ੂਬੀ ਦੇ ਕਾਇਲ ਸਨ, ਕਿ ਗੁਰੂ ਨਾਨਕ ਸਾਹਿਬ ਨੇ ਜਿਸ ਕਿਸੇ ਦਾ ਉਧਾਰ ਕੀਤਾ, ਉਸ ਨੂੰ ਜਤਾਇਆ ਤਕ ਨਹੀਂ। ਕਿਸੇ ਗੱਲ ਦਾ ਮਾਣ ਤੇ ਨਾ ਕਿਸੇ ਹੁਨਰ ਦਾ ਪ੍ਰਗਟਾਵਾ ਹੀ ਕੀਤਾ। ਗੁਰੂ ਨਾਨਕ ਸਾਹਿਬ ਨੇ ਨਾ ਹੀ ਕਿਸੀ ਭਲਾਈ ਦਾ ਦਾਅਵਾ ਜਾਂ ਹੰਕਾਰ ਹੀ ਕਦੇ ਕੀਤਾ। ਭਾਈ ਮਰਦਾਨਾ ਜੀ ਨੇ ਕਈ ਵਾਰ ਗੁਰੂ ਨਾਨਕ ਸਾਹਿਬ ਤੋਂ ਇਹ ਪੁਛੱਣ ਦੀ ਕੋਸ਼ਿਸ਼ ਕਰਨੀ ਚਾਹੀ, ਕਿ ਜਿਨ੍ਹਾਂ ਦਾ ਉਧਾਰ ਤੁਸੀਂ ਕਰ ਰਹੇ ਹੋ, ਉਨ੍ਹਾਂ ਦਾ ਅਤੇ ਉਨ੍ਹਾਂ ਦੇ ਠਿਕਾਣਾਇਆਂ ਬਾਰੇ ਤੁਹਾਨੂੰ ਪਤਾ ਕਿਵੇਂ ਚਲਦਾ ਹੈ? ਫਿਰ ਆਪ ਹੀ ਜਵਾਬ ਵੀ ਦੇ ਦਿੰਦੇ ਕਿ 'ਅਲਹ' ਤੇ ਉਸ ਦਿਆਂ ਫ਼ਰਿਸ਼ਤਿਆਂ ਵਿਚ ਕੋਈ ਫ਼ਰਕ ਕਦੋਂ ਹੁੰਦਾ? ਜਿਹੜੇ ਗੁਣਵੰਤ ਲੋਕ ਅਗਿਆਨਤਾ ਦੀ ਰਾਹ ਦੇ ਪਾਂਧੀ ਹੋ ਤੁਰੇ ਸਨ, ਉਨ੍ਹਾਂ ਨੂੰ ਸੱਚ ਦੇ ਸੁਮਾਰਗ ਦਾ ਪਾਂਧੀ ਬਣਾਉਣਾ ਹੀ ਤਾਂ ਗੁਰੂ ਨਾਨਕ ਸਾਹਿਬ ਦੇ ਅਵਤਾਰ ਧਾਰਨ ਦਾ ਮਿਸ਼ਨ ਹੈ।

'ਕਾਬਾ' ਵਿਖੇ ਇਸਲਾਮਿਕ ਮੱਤ ਦੇ ਗਿਆਨਵਾਨ ਵਡੇਰਿਆਂ ਨੂੰ ਵੀ ਜਦੋਂ ਗੁਰੂ ਨਾਨਕ ਸਾਹਿਬ ਦੇ ਸ਼ੁਭ ਅਮਲਾਂ ਬਾਰੇ ਪ੍ਰਵਚਨਾਂ ਨੂੰ ਗੰਭੀਰਤਾ ਨਾਲ ਸੁਣ ਕੇ ਕਾਇਲ ਹੁੰਦਿਆਂ ਵੇਖਿਆ ਤਾਂ ਭਾਈ ਮਰਦਾਨਾ ਜੀ ਦਾ ਯਕੀਨ ਹੋਰ ਪੱਕਾ ਹੋ ਗਿਆ। ਭਾਈ ਮਰਦਾਨਾ ਜੀ ਨੂੰ ਹੈਰਾਨੀ ਹੋ ਰਹੀ ਸੀ ਕਿ ਗੁਰੂ ਨਾਨਕ ਸਾਹਿਬ ਪਵਿੱਤਰ ਕੁਰਾਨ ਸ਼ਰੀਫ਼ ਦੀਆਂ ਆਇਤਾਂ ਦੀ ਮੌਲਾਣਿਆਂ ਤੋਂ ਵੱਧ ਜਾਣਕਾਰੀ ਰਖਦੇ ਹਨ, ਜਿਨ੍ਹਾਂ ਦੇ ਹਵਾਲੇ ਨਾਲ ਗੁਰੂ ਸਾਹਿਬ ਕਾਜ਼ੀਆਂ ਨਾਲ ਸੰਵਾਦ ਰਚਾ ਰਹੇ ਸਨ। ਅੱਜ ਭਾਈ ਮਰਦਾਨਾ ਜੀ ਨੂੰ ਆਪਣੇ ਗਰੀਬ ਮਿਰਾਸੀ ਹੋਣ ਤੇ ਤਰਸ ਆਉਣ ਦੀ ਥਾਂ, ਮਾਣ ਮਹਿਸੂਸ ਹੋ ਰਿਹਾ ਸੀ। ਭਾਈ ਮਰਦਾਨਾ ਜੀ ਨੂੰ ਯਕੀਨ ਹੋ ਗਿਆ ਕਿ ਮੇਰੀ ਇਹੋ ਗਰੀਬੀ ਹੀ ਗੁਰੂ ਨਾਨਕ ਸਾਹਿਬ ਦੇ ਸੰਪਰਕ ਵਿਚ ਲਿਆਉਣ ਦਾ ਕਾਰਨ ਬਣੀ ਹੈ। ਗੁਰੂ ਨਾਨਕ ਸਾਹਿਬ ਦੇ ਸੰਪਰਕ ਵਿਚ ਆਉਣਾ, ਭਾਈ ਮਰਦਾਨਾ ਜੀ ਨੂੰ ਅੱਜ ਖ਼ੁਦਾ ਦਾ ਵਰਦਾਨ ਜਾਪ ਰਿਹਾ ਸੀ। ਉਹ ਸੋਚ ਰਹੇ ਸਨ ਕਿ ਪਹਿਲਾਂ ਮੇਰੀ ਵੱਡੀ ਭੈਣ ਦੌਲਤਾਂ( ਦਾਈ) ਅਤੇ ਹੁਣ ਮੈਂ, ਕਿਸੇ ਪੂਰਬਲੇ ਕਰਮਾਂ ਕਾਰਨ ਹੀ ਅਲਹ ਦੀ ਇਸ ਨਵੇਕਲੀ ਬਖ਼ਸ਼ਿਸ਼ ਦੇ ਭਾਗੀ ਬਣ ਰਹੇ ਹਾਂ । ਭਾਈ ਮਰਦਾਨਾ ਜੀ ਅੱਜ ਖ਼ੁਦ ਨੂੰ ਦੁਨੀਆਂ ਦਾ ਸਭ ਤੋਂ ਵੱਡਭਾਗਾ ਮਨੁੱਖ ਤਸਲੀਮ ਕਰ ਰਹੇ ਸਨ।

ਪਵਿੱਤਰ 'ਕਾਬਾ' ਮਗਰੋਂ, ਪਵਿੱਤਰ ਮਦੀਨਾ ਸ਼ਰੀਫ਼ ਵਿਖੇ ਮੌਲਾਨਾ ਇਮਾਮ ਜ਼ਫ਼ਰ ਨਾਲ ਗੁਰੂ ਨਾਨਕ ਸਾਹਿਬ ਦਾ ਸੰਵਾਦ, ਬਗਦਾਦ ਵਿਖੇ ਪੀਰ ਦਸਤਗੀਰ ਅਤੇ ਪੀਰ ਬਹਿਲੋਲ ਦੇ ਨਾਲ ਗੁਰੂ ਨਾਨਕ ਸਾਹਿਬ ਦੀ ਵਾਰਤਾ/ਸੰਵਾਦ ਤੋਂ ਉਪਜੀ ਸ਼ਰਧਾ ਦੇਖਣ ਦਾ ਮਾਣ ਵੀ ਭਾਈ ਮਰਦਾਨਾ ਜੀ ਨੇ ਪ੍ਰਾਪਤ ਕੀਤਾ। ਭਾਈ ਮਰਦਾਨਾ ਜੀ ਆਪਣੀ ਗੁਰਬਤ ਦੇ ਬਾਵਜੂਦ, ਹੁਣ ਮਸ਼ਹੂਰ ਇਸਲਾਮਿਕ ਧਰਮ ਸਥਾਨਾਂ ਤੇ ਜ਼ਿਆਰਤ ਕਰਨ ਅਤੇ ਇਸ ਤੋਂ

ਵੀ ਵੱਧ ਪਾਵਨ ਮੱਕਾ ਸ਼ਰੀਫ਼ ਦੇ 'ਕਾਬਾ' ਵਿਖੇ ਹੱਜ ਕਰਨ ਦੀ ਨਵੇਕਲੀ ਪਹਿਚਾਨ ਬਣਾ ਕੇ ਖੁੱਦ ਨੂੰ ਧੰਨ ਹੋਇਆ ਅਤੇ ਦੁਨੀਆਂ ਦਾ ਸਭ ਤੋਂ ਖੁਸ-ਨਸੀਬ ਮਨੁੱਖ ਮਹਿਸੂਸ ਕਰ ਰਹੇ ਸਨ। ਮਨ ਹੀ ਮਨ ਵਿਚ ਗਰੀਬ-ਨਿਵਾਜ਼ ਗੁਰੂ ਨਾਨਕ ਸਾਹਿਬ ਦਾ ਸ਼ੁਕਰਾਨਾ ਕਰਦਿਆਂ ਭਾਈ ਮਰਦਾਨਾ ਜੀ ਦਾ ਸਿਰ ਸ਼ਰਧਾ ਵਿਚ ਆਪ-ਮੁਹਾਰੇ ਝੁਕ ਰਿਹਾ ਸੀ। ਗੁਰੂ ਨਾਨਕ ਸਾਹਿਬ ਅਜਿਹਾ ਦੁਰਲਭ ਪਾਰਸ ਸਨ, ਜਿਸ ਦੀ ਛੋਹ ਤਾਂ ਕੀ ਨੇੜਤਾ ਹੀ ਪੱਥਰ ਨੂੰ ਸੋਨੇ ਦੀ ਥਾਂ ਪਾਰਸ ਹੀ ਬਣਾ ਦਿੰਦੀ ਸੀ।

ਗੁਰੂ ਨਾਨਕ ਸਾਹਿਬ ਦੇ ਸੰਪਰਕ ਵਿਚ ਆਉਣ ਤੋਂ ਬਾਅਦ, ਭਾਈ ਮਰਦਾਨਾ ਜੀ ਨੇ ਗੁਰੂ ਨਾਨਕ ਸਾਹਿਬ ਦੇ ਨਾਲ, ਇੱਕ ਸਾਏ ਦੀ ਤਰ੍ਹਾਂ, ਉਠਦਿਆਂ, ਬਹਿੰਦਿਆਂ ਅਤੇ ਸੌਂਦਿਆਂ, ਉਜਾੜ, ਜੰਗਲਾਂ, ਵਿਰਾਨੇ, ਸਮੁੰਦਰਾਂ ਅਤੇ ਪਹਾੜਾ ਦੇ ਸੀਨੇ ਚੀਰਦਿਆਂ, ਭੁੱਖ ਪਿਆਸ, ਘਰ-ਬਾਰ ਅਤੇ ਬਾਲ-ਬੱਚਿਆਂ ਦਾ ਮੋਹ ਤਿਆਗ ਕਰਦਿਆਂ, ਆਪਣੇ ਜੀਵਨ ਦੇ ਸੰਤਾਲੀ ਸਾਲ ਬਿਤਾਏ। (ਜਿਤਨਾ ਸਮਾਂ ਗੁਰੂ ਪਰਿਵਾਰ ਦੇ ਕਿਸੇ ਹੋਰ ਜੀਅ ਨੂੰ ਗੁਰੂ ਨਾਨਕ ਸਾਹਿਬ ਦੇ ਸਾਥ ਵਿਚ ਬਿਤਾਉਣ ਦਾ ਸੁਭਾਗ ਪ੍ਰਾਪਤ ਨਹੀਂ ਹੋਇਆ)। ਗੁਰੂ ਨਾਨਕ ਸਾਹਿਬ ਦੇ ਜੀਵਨ ਨਾਲ ਜੁੜੀਆਂ ਅਨੇਕਾਂ ਸਾਖੀਆਂ ਵਿਚ, ਭਾਈ ਮਰਦਾਨਾ ਜੀ ਦੁਆਰਾ, ਮਹੱਤਵਪੂਰਨ ਜ਼ੁੰਮੇਵਾਰ ਕਿਰਦਾਰ ਨਿਭਾਉਣ ਦਾ ਜ਼ਿਕਰ ਆਉਂਦਾ ਹੈ।

ਸਾਖੀਕਾਰ ਗੁਰੂ ਨਾਨਕ ਸਾਹਿਬ ਅਤੇ ਭਾਈ ਮਰਦਾਨਾ ਜੀ ਦੀ, ਤੁਲੰਬਾ( ਮਖ਼ਦੂਮਪੁਰਾ) ਵਿਖੇ ਭਾਈ ਸੱਜਣ ਦਾ ਨਿਸਤਾਰਾ ਕਰਨ ਵਾਲੀ ਸਾਖੀ ਵਿਚ ਲਿਖਦਾ ਹੈ "ਜਬ ਉਥੇ ਆਏ ਤਬ ਗੁਰੂ ਨਾਨਕ ਜੀ ਕਹਿਆ ਮਰਦਾਨਿਆਂ ਤੂੰ ਇਸ ਗਿਰਾਇ ਜਾਹਿ। ਪਰ ਇਸ ਵਿਚ ਵੜੀ ਨਾਹੀਂ। ਮਰਦਾਨੇ ਆਖਿਆ ਜੀ ਮੇਰੇ ਤਾਈਂ ਕੇਹ ਡਰ ਹੈ। ਜੋ ਤੁਸੀਂ ਮੇਰੇ ਨਾਲ ਹੋ।" ਭਾਈ ਮਰਦਾਨਾ ਜੀ ਦੇ ਬੋਲ, ਗੁਰੂ ਨਾਨਕ ਸਾਹਿਬ ਪ੍ਰਤੀ ਅਤੁੱਟ ਵਿਸ਼ਵਾਸ ਅਤੇ ਸ਼ਰਧਾ ਦੁਰਸਾਉਂਦੇ ਹਨ। ਇਸ ਤੱਥ ਤੋਂ ਅੰਦਾਜ਼ਾ ਲਗਾਇਆ ਜਾ ਸਕਦਾ ਹੈ ਕਿ ਅਕਾਲਪੁਰੱਖ (ਕੁਦਰਤ) ਨੇ ਭਾਈ ਮਰਦਾਨਾ ਜੀ ਨੂੰ ਸਿੱਖ ਕੌਮ ਦੇ ਇਤਿਹਾਸ ਦੀ ਸਿਰਜਣਾ ਵਿਚ, ਅਹਿਮ ਭੂਮਿਕਾ ਨਿਭਾਉਣ ਲਈ ਚੁਣਿਆ।

ਹੋਰ ਕੌਮਾਂ ਦੇ ਇਤਿਹਾਸ ਵਿਚ ਖ਼ਬਰੇ ਅਜਿਹੀਆਂ ਟਾਵੀਆਂ ਟਾਵੀਆਂ ਮਿਸਾਲਾਂ ਵੀ ਨਾ ਮਿਲ ਸਕਣ? ਅੰਤਿਮ ਫੇਰੀ ਦੇ ਅੰਤਲੇ ਦਿਨਾਂ ਵਿਚ, ਬਗਦਾਦ ਤੋਂ ਈਰਾਨ ਦੇ ਰਾਹੀਂ ਮੁੜਦਿਆਂ, ਭਾਈ ਮਰਦਾਨਾ ਜੀ ਬੀਮਾਰ ਰਹਿਣ ਲੱਗੇ ਸਨ। ਇਤਿਹਾਸਕਾਰ ਲਿਖਦੇ ਹਨ ਕਿ ਗੁਰੂ ਨਾਨਕ ਸਾਹਿਬ ਨੇ ਭਾਈ ਮਰਦਾਨਾ ਜੀ ਪਾਸੋਂ ਉਨ੍ਹਾਂ ਦੀ ਇੱਛਾ ਅਤੇ ਉਨ੍ਹਾਂ ਦੀ ਯਾਦ ਵਿੱਚ ਮਕਬਰਾ ਬਣਾਉਣ ਬਾਰੇ ਪੁੱਛ ਕੀਤੀ। ਭਾਈ ਮਰਦਾਨਾ ਜੀ ਦੀ ਬੇਗਰਜ਼ ਤਿਆਗੀ ਫ਼ਿਤਰਤ ਦਾ ਅੰਦਾਜ਼ਾ ਉਨ੍ਹਾਂ ਦੇ ਜਵਾਬ ਤੋਂ ਲਗਾਇਆ ਜਾ ਸਕਦਾ ਹੈ ਕਿ "ਜਦੋਂ ਜਿਸਮ ਹੀ ਗੁਰੂ ਚਰਨਾਂ ਵਿੱਚ ਨਹੀਂ ਰਿਹਾ ਤਾਂ ਮਕਬਰਾ ਬਣਾਉਣ ਦੀ ਭਲਾ ਕੀ ਲੋੜ ਹੇ?" ਦੂਜੇ ਦਿਨ ਭਾਈ ਮਰਦਾਨਾ ਜੀ ਇਰਾਨ ਅਤੇ ਅਫ਼ਗਾਨਿਸਤਾਨ ਦੀ ਸਰਹੱਦ 'ਤੇ, ਖ਼ੁੱਰਮ ਨਦੀ ਦੇ ਕਿਨਾਰੇ ਆਬਾਦ ਖ਼ੁੱਰਮ ਨਗਰ ਵਿਖੇ, ਆਪਣੀ ਸੰਸਾਰਕ ਯਾਤ੍ਰਾ ਦਾ ਅੰਤ ਕਰ ਗਏ।

ਡਾਕਟਰ ਦਵਿੰਦਰਪਾਲ ਸਿੰਘ ਗਰੇਵਾਲ ਜੀ ਦੇ ਇੰਟਰਨੈਟ ਤੇ ਇਕ ਖੋਜ ਲੇਖ ਰਾਹੀਂ ਵੀ ਖ਼ੁੱਰਮ ਵਿਖੇ ਭਾਈ ਮਰਦਾਨਾ ਜੀ ਦੀ ਜੀਵਨ ਯਾਤਰਾ ਖ਼ਤਮ ਹੋਣ ਦੀ ਪੁਸ਼ਟੀ ਹੁੰਦੀ ਹੈ। ਇਸ ਲੇਖ ਅਨੁਸਾਰ, ਬਗਦਾਦ ਤੋਂ ਵਾਪਸੀ ਤੇ ਅਨੇਕ ਦੇਸ਼ਾਂ ਦੇ ਸ਼ਹਿਰਾਂ ਤੋਂ ਹੁੰਦੇ ਗੁਰੂ ਨਾਨਕ ਸਾਹਿਬ ਅਤੇ ਭਾਈ ਮਰਦਾਨਾ ਜੀ ਇਰਾਨ ਦੇ ਖ਼ੁੱਰਮ ਨਗਰ ਵਿਰਾਜੇ ਤਾਂ ਭਾਈ ਮਰਦਾਨਾ ਜੀ ਦੇ ਸਰੀਰ ਨੂੰ ਤਾਪ ਰੋਗ ਨੇ ਜਕੜ ਲਿਆ। ਭਾਈ ਮਰਦਾਨਾ ਜੀ ਦਾ ਅੰਤ ਆਇਆ ਜਾਣ ਗੁਰੂ ਨਾਨਕ ਸਾਹਿਬ ਨੇ ਭਾਈ ਮਰਦਾਨਾ ਜੀ ਦੀ ਅੰਤਿਮ ਇੱਛਾ ਜਾਣਨੀ ਚਾਹੀ। (ਭਾਈ ਮਰਦਾਨਾ ਜੀ ਦੇ ਜਵਾਬ ਦਾ ਉੱਤੇ ਉਲੇਖ ਕੀਤਾ ਗਿਆ ਹੈ) ਭਾਈ ਮਰਦਾਨਾ ਜੀ ਦੇ 13 ਮਾਘ ਸੰਮਤ 1581 (ਸੰਨ 1524ਈ) ਨੂੰ ਚਲਾਣਾ ਕਰਨ ਬਾਅਦ, ਗੁਰੂ ਨਾਨਕ ਸਾਹਿਬ ਨੇ ਖ਼ੁੱਰਮ ਵਿਖੇ ਆਪਣਿਆਂ ਹੱਥਾਂ ਨਾਲ ਦਫ਼ਨਾਇਆ। ( ਗੁਰੂ ਨਾਨਕ ਸਾਹਿਬ ਦਿਆਂ ਪਵਿੱਤਰ ਹੱਥਾਂ ਨਾਲ ਦਫ਼ਨਾਏ ਜਾਣ ਨਾਲੋਂ ਵੱਧ, ਕਿਸੇ ਇਨਸਾਨ ਦੀ ਹੋਰ ਕਿਹੜੀ ਖੁਸਨਸੀਬੀ ਹੋ ਸਕਦੀ ਹੈ?)

ਸਿੱਖ ਇਤਿਹਾਸ ਦੀਆਂ ਅਨੇਕ ਪ੍ਰਮੁੱਖ ਹਸਤੀਆਂ ਵਾਂਗ ਭਾਈ ਮਰਦਾਨਾ ਜੀ ਦੇ ਅੰਤਿਮ ਸਮੇਂ ਬਾਰੇ ਇਤਿਹਾਸਕਾਰਾਂ ਦੀ ਰਾਏ ਨਹੀਂ ਮਿਲਦੀ। ਦਿੱਲੀ ਸਿੱਖ ਗੁਰਦਵਾਰਾ ਪ੍ਰਬੰਧਕ ਕਮੇਟੀ ਵੱਲੋਂ ਪ੍ਰਕਾਸ਼ਿਤ 'ਗੁਰੂ ਗ੍ਰੰਥ ਸਾਹਿਬ-ਜੀਵਨ ਜੁਗਤਿ' ਪੁਸਤਕ ਪੰਨਾ 25 'ਤੇ ਛਪੀ ਜਾਣਕਾਰੀ ਤੋਂ ਵੀ ਭਾਈ ਮਰਦਾਨਾ ਜੀ ਦੇ ਅਕਾਲ ਚਲਾਣੇ ਬਾਰੇ ਸੂਚਨਾ ਮਿਲਦੀ ਹੈ ਕਿ "ਨਾਨਕ ਸਾਹਿਬ ਦੀ ਪੱਛਮ ਦੀ ਅਖੀਰਲੀ ਯਾਤਰਾ ਦੀ ਵਾਪਸੀ ਦੇ ਵਕਤ ਭਾਈ ਮਰਦਾਨਾ ਜੀ ਦੀ ਇੱਛਾ ਅਨੁਸਾਰ ਗੁਰੂ ਨਾਨਕ ਸਾਹਿਬ ਨੇ ਆਪਣੇ ਹੱਥੀਂ ਭਾਈ ਮਰਦਾਨਾ ਜੀ ਦਾ ਅੰਤਿਮ ਸਸਕਾਰ ਕੀਤਾ।" ਸਿੱਖ ਜਗਤ ਦੇ ਵਿਦਵਾਨ ਪ੍ਰਫ਼ੈਸਰ ਸਾਹਿਬ ਸਿੰਘ ਭਾਈ ਮਰਦਾਨਾ ਜੀ ਦਾ ਪ੍ਰਲੋਕ ਗਮਨ 13 ਮਾਘ ਸੰਮਤ 1581- ਸੰਨ 1524 ਈਸਵੀ) ਮੰਨਦੇ ਹਨ। ਗਿਆਨੀ ਠਾਕੁਰ ਸਿੰਘ ਸਮੇਤ ਇਤਿਹਾਸਕਾਰ ਭਾਈ ਮਰਦਾਨਾ ਜੀ ਦਾ ਦਿਹਾਂਤ ਕਰਤਾਰਪੁਰ ਵਿਖੇ ਮੰਨਦੇ ਹਨ। ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ, ਭਾਈ ਮਰਦਾਨਾ ਜੀ ਦਾ ਦਿਹਾਂਤ 13 ਮੱਘਰ ਸੰਮਤ 1591(29 ਮਈ ਸੰਨ 1534 ਈਸਵੀ) ਨੂੰ ਅਫ਼ ਗਾਨਿਸਤਾਨ ਦੇ ਕੁੱਰਮ ਦਰਿਆ ਦੇ ਕਿਨਾਰੇ ਕੁੱਰਮ ਨਗਰ ਵਿਚ ਹੋਇਆ। (ਕੁੱਰਮ ਸ਼ਬਦ ਦਾ ਸਹੀ ਉਚਾਰਨ ਖ਼ੁੱਰਮ ਹੈ। ਖ਼ੁੱਰਮ ਪਰਸ਼ੀਅਨ ਭਾਸ਼ਾ ਦਾ ਸ਼ਬਦ ਹੈ ਜਿਸ ਦੇ ਅਰਥ ਖ਼ੁਸ਼-ਮਿਜ਼ਾਜ਼ ਜਾਂ



ਖ਼ੁਸ਼ ਰਹਿਣ ਵਾਲਾ ਹਨ)।

ਇੰਟਰਨੈਟ ਤੇ ਹੀ ਇਕ ਹੋਰ ਸੂਚਨਾ ਅਨੁਸਾਰ, ਗੁਰੂ ਨਾਨਕ ਸਾਹਿਬ ਇਸ ਸਥਾਨ ਤੇ ਦੂਜੀ ਵਾਰ, ਭਾਈ ਮਰਦਾਨਾ ਜੀ ਦੇ ਪੁੱਤਰ ਭਾਈ ਸ਼ਾਹਜ਼ਾਦਾ/ਸਹਿਜ਼ਾਦ ਜੀ ਨਾਲ ਪਧਾਰੇ ਸਨ। (ਜਿਸ ਫੇਰੀ ਦਾ ਸਮਾਂ ਨਹੀਂ ਲਿਖਿਆ ਗਿਆ) ਗੁਰੂ ਨਾਨਕ ਸਾਹਿਬ ਨੇ ਭਾਈ ਮਰਦਾਨਾ ਜੀ ਦੀ ਰਬਾਬ ਭਾਈ ਮਰਦਾਨਾ ਜੀ ਦੇ ਵੱਡੇ ਪੁੱਤਰ ਭਾਈ ਸ਼ਹਿਜ਼ਾਦਾ।ਸ਼ਹਜ਼ਾਦ ਨੂੰ ਭੇਂਟ ਕਰਦਿਆਂ, ਭਾਈ ਮਰਦਾਨਾ ਜੀ ਦਿਆਂ ਕਦਮਾਂ ਤੇ ਚਲਣ ਅਤੇ ਗੁਰੂ ਘਰ ਨਾਲ ਜੁੜਨ ਦੀ ਸਲਾਹ ਦਿੱਤੀ ਸੀ। ਭਾਈ ਸ਼ਹਿਜ਼ਾਦਾ/ਸ਼ਹਜ਼ਾਦ ਨੇ ਇਸ ਸਲਾਹ ਨੂੰ ਸੰਜੀਦਗੀ ਨਾਲ ਲਿਆ। ਕਰਤਾਰਪੁਰ ਵਿਖੇ ਗੁਰੂ ਨਾਨਕ ਸਾਹਿਬ ਦੇ ਕੀਰਤਨ ਦਰਬਾਰ ਵਿਚ ਰਬਾਬ ਬਜਾਂਦਿਆਂ, ਕੀਰਤਨ ਕਰਦਿਆਂ ਸਮਾਂ ਬਿਤਾਇਆ। ਭਾਈ ਕਾਨ੍ਹ ਸਿੰਘ ਨਾਭਾ ਦੀ ਖੋਜ ਅਨੁਸਾਰ, "ਸ਼ਹਿਜ਼ਾਦਾ/ਸ਼ਹਜ਼ਾਦ: ਭਾਈ ਮਰਦਾਨੇ ਦਾ ਪੁੱਤ੍ਰ, ਜੋ ਪਿਤਾ ਦੇ ਦਿਹਾਂਤ ਪਿੱਛੋਂ ਸਤਿਗੁਰੂ ਨਾਨਕ ਦੇਵ ਦੇ ਦਰਬਾਰ ਕੀਰਤਨ ਕਰਦਾ ਰਿਹਾ। ਮਹਾਨ ਕੋਸ਼ ਐਡੀਸ਼ਨ 2004, ਪੰਨਾ 109)" ਇਹ ਵੀ ਵਿਸ਼ਵਾਸ ਕੀਤਾ ਜਾਂਦਾ ਹੈ ਕਿ ਭਾਈ ਬਲਵੰਡ ਜੀ ਨੂੰ ਗੁਰੂ ਦਰਬਾਰ ਨਾਲ ਜੋੜਨ ਦਾ ਮਾਣ ਵੀ ਭਾਈ ਸ਼ਹਜ਼ਾਦਾ/ਸ਼ਹਜਾਦ ਜੀ ਨੂੰ ਜਾਂਦਾ ਹੈ।

'ਗੁਰਮਤਿ ਪ੍ਰਕਾਸ਼' ਅਕਤੂਬਰ ਸੰਨ 2019 ਈਸਵੀ ਦੇ ਅੰਕ ਵਿਚ ਪਤਰਕਾਰ ਸਰਦਾਰ ਚਰਨਜੀਤ ਸਿੰਘ ਜੀ ਦੇ ਲੇਖ ਤੋਂ ਪਤਾ ਚਲਦਾ ਹੈ ਕਿ ਭਾਈ ਮਰਦਾਨਾ ਜੀ ਦੀ ਅਜੋਕੀ 18ਵੀਂ ਪੀੜ੍ਹੀ (ਭਾਈ ਮੁਹੰਮਦ ਹੁਸੈਨ ਜੀ, ਭਾਈ ਨਾਇਮ ਤਾਹਿਰ ਜੀ ਅਤੇ ਸਰਫ਼ਰਾਜ਼ ਜੀ, ਪਾਕਿਸਤਾਨ ਵਿਖੇ) ਆਪਣੇ ਖ਼ਸਤਾ ਆਰਥਿਕ ਹਾਲਾਤਾਂ ਦੇ ਬਾਵਜੂਦ, ਗੁਰਬਾਣੀ ਕੀਰਤਨ ਨਾਲ ਅਜੇ ਵੀ ਜੁੜੀ ਹੋਈ ਹੈ। ਪਰਿਵਾਰ ਦੀ ਮੰਦਹਾਲੀ ਵੇਖਦਿਆਂ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਸਾਹਿਬ ਨੇ ਭਾਈ ਮਰਦਾਨਾ ਜੀ ਦੀ 18ਵੀਂ ਪੀੜ੍ਹੀ ਨੂੰ ਅਗਸਤ ਸੰਨ 2019 ਤੋਂ 21 ਹਜ਼ਾਰ ਰੁਪੈ ਦੀ ਰਕਮ ਹਰ ਮਹੀਨੇ ਦੇਣ ਦਾ ਫ਼ੈਸਲਾ ਲਿਆ ਹੈ, ਜੋ ਸ਼ਲਾਘਾ ਯੋਗ ਉੱਦਮ ਹੈ।

ਬਿਹਾਗੜੇ ਕੀ ਵਾਰ ਵਿੱਚ ਗੁਰੂ ਨਾਨਕ ਸਾਹਿਬ ਦੇ ਉਚਾਰਨ ਕੀਤੇ ਤਿੰਨ ਸ਼ਬਦ (ਅੰਗ ੪੪੨) ਭਾਈ ਮਰਦਾਨਾ ਜੀ ਨੂੰ ਸੰਬੋਧਨ /ਸਮਰਪਿਤ ਕਰ ਕੇ, ਭਾਈ ਮਰਦਾਨਾ ਜੀ ਨੂੰ ਸਦੀਵ ਕਾਲ ਵਾਸਤੇ ਮਾਣ ਬਖ਼ਸ਼ਿਆ ਹੈ। ਇਨ੍ਹਾਂ ਸ਼ਬਦਾਂ ਨੂੰ ਅਨੇਕਾਂ ਪ੍ਰਚਾਰਕ/ਗੁਰੂ ਘਰਾਂ ਦੇ ਗ੍ਰੰਥੀ ਸਾਹਿਬਾਨ ਭਾਈ ਮਰਦਾਨਾ ਜੀ ਦੀਆਂ ਰਚਨਾਵਾਂ ਦਸ ਕੇ ਸੰਗਤਾਂ ਵਿਚ ਭੁਲੇਖੇ ਪਾਉਂਣ ਦਾ ਕਾਰਨ ਬਣਦੇ ਹਨ। ਗੁਰੂ ਗ੍ਰੰਥ ਸਾਹਿਬ ਵਿਚ ਗੁਰੂ ਨਾਨਕ ਨਾਮ ਹੇਠਾਂ ਕੇਵਲ ਤੇ ਕੇਵਲ ਗੁਰੂ ਸਾਹਿਬਾਨ ਦੀ ਰਚੀ ਬਾਣੀ ਅੰਕਿਤ ਹੈ। ਇਨ੍ਹਾਂ ਸ਼ਬਦਾਂ ਦੇ ਰਚਨਹਾਰ ਵੱਜੋਂ ਵੀ 'ਨਾਨਕ' ਨਾਮ ਹੀ ਅੰਕਿਤ ਹਨ। ਜੇਕਰ, ਇਹ ਸ਼ਬਦ ਭਾਈ ਮਰਦਾਨਾ ਜੀ ਦੁਆਰਾ ਉਚਾਰਨ ਕੀਤੇ ਗਏ ਹੁੰਦੇ ਤਾਂ, ਇਨ੍ਹਾਂ ਸ਼ਬਦਾਂ ਦੇ ਰਚਨਹਾਰ ਵੱਜੋਂ 'ਮਰਦਾਨਾ' ਸ਼ਬਦ ਆਉਂਦਾ, ਜਿਵੇਂ ਕਿ ਭਗਤਾਂ, ਭੱਟਾਂ, ਬਾਬਾ ਸੁੰਦਰ ਜੀ, ਭਾਈ ਬਲਵੰਡ ਜੀ ਅਤੇ ਭਾਈ ਸੱਤਾ ਜੀ ਦੀ ਬਾਣੀ ਵਿਚ ਉਨ੍ਹਾਂ ਦੇ ਨਾਮ ਅੰਕਿਤ ਮਿਲਦੇ ਹਨ।


– ਡਾਕਟਰ ਰਜਿੰਦਰ ਸਿੰਘ ਜੌਲੀ

43240 ਲਾਈਟ ਹਾਊਸ ਪਲੇਸ, ਸਾਊਥ ਰਾਇਡਿੰਗ,

ਵਰਜੀਨੀਆ-20152, ਫ਼ੋਨ : 703-327-1528



**: ਚੰਦੇ ਦਾ ਵੇਰਵਾ :**

| | |
|---|---|
| ਭੇਟਾ ਇੱਕ ਕਾਪੀ | 5/- ਰੁਪਏ |
| ਸਾਲਾਨਾ ਚੰਦਾ ਦੇਸ਼ | 50/- ਰੁਪਏ |
| ਲਾਈਫ਼ ਮੈਂਬਰ ਦੇਸ਼ | 500/- ਰੁਪਏ |
| ਸਾਲਾਨਾ ਚੰਦਾ ਵਿਦੇਸ਼ | 500/- ਰੁਪਏ |
| ਲਾਈਫ਼ ਮੈਂਬਰ ਵਿਦੇਸ਼ | 5000/- ਰੁਪਏ |

**: ਚੰਦੇ ਭੇਜਣ ਦਾ ਪਤਾ :**

**ਜਨਰਲ ਮੈਨੇਜਰ**

ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ

ਗੁਰੂ ਗੋਬਿੰਦ ਸਿੰਘ ਜੀ ਭਵਨ,

ਗੁਰਦੁਆਰਾ ਰਕਾਬ ਗੰਜ ਸਾਹਿਬ,

ਨਵੀਂ ਦਿੱਲੀ-110001.

ਨੋਟ : ਚੈਕ 'Delhi Sikh Gurdwara Management Committee' ਦੇ ਨਾਮ 'ਤੇ ਬਣਾਏ ਜਾਣ।



# ਗੁਰੂ ਨਾਨਕ ਬਾਣੀ ਦੇ ਨੈਤਿਕ ਸਰੋਕਾਰਾਂ ਦੀ ਵਿਵਹਾਰਕਤਾ : ਸਰੂਪ ਤੇ ਸੰਦਰਭ

ਗੁਰੂ ਨਾਨਕ ਬਾਣੀ ਦੇ ਨੈਤਿਕ ਸਰੋਕਾਰਾਂ ਦੇ ਸਰੂਪ ਤੇ ਸੰਦਰਭ ਨੂੰ ਸਮਝਣ ਤੇ ਸਮਝਾਉਣ ਲਈ ਇਹ ਤੱਥ ਸਨਮੁੱਖ ਰਖਣਾ ਜ਼ਰੂਰੀ ਲਗਦਾ ਹੈ ਕਿ ਇਨ੍ਹਾਂ ਦਾ ਸਰੂਪ ਤੇ ਸੰਦਰਭ ਪਰੰਪਰਾਵਾਦੀ ਨਹੀਂ ਹੈ। ਨਿਰਸੰਦੇਹ ਇਹ ਭਾਰਤੀ ਚਿੰਤਨ ਪਰੰਪਰਾ ਦਾ ਨਰੋਆ ਅੰਗ ਤਾਂ ਹਨ ਪਰ ਉਸ ਦਾ ਪੂਰਕ ਨਹੀਂ ਆਖੇ ਜਾ ਸਕਦੇ। ਇਨਾਂ ਦੀ ਰੁਚੀ ਅਧਿਆਤਮਿਕ, ਵਿਵਹਾਰਕ ਅਤੇ ਸਦਾਚਾਰਕ ਗੁਣਾਂ ਨੂੰ ਇਕ ਸਮਾਨ ਪ੍ਰਵਾਨ ਕਰਦੀ ਹੈ।

ਅਸਲ ਵਿਚ ਗੁਰੂ ਨਾਨਕ ਸਾਹਿਬ ਜੀ ਦੀ ਧੁਰ ਕੀ ਬਾਣੀ, ਜਪੁ ਜੀ, ਮਾਝ ਕੀ ਵਾਰ, ਆਸਾ ਕੀ ਵਾਰ, ਬਾਬਰ ਬਾਣੀ, ਆਸਾ ਪਟੀ, ਮਲਾਰ ਕੀ ਵਾਰ, ਸਿਧ ਗੋਸਟਿ, ਓਅੰਕਾਰ ਬਾਣੀ ਆਦਿ ਵਿਚ **ਸਭ ਕੋ ਤੇਰਾ ਤੂੰ ਸਭਨਾ ਕਾ ਸੋਇ ॥**[1] ਦੀ ਇਛਾ ਬਲਵਾਨ ਹੈ ਅਤੇ ਇਸ ਇਛਾ ਨੂੰ ਅਮਲੀ ਰੂਪ ਦੇਣ ਲਈ ਕਰਣੀ ਤੇ ਜ਼ੋਰ ਦੇਣ ਹਿਤ **ਸਚੀ ਰਹਤ ਸਚਾ ਸੁਖੁ ਪਾਏ ॥**[2] ਅਤੇ ਆਦਰਸ਼ਮਈ ਸ੍ਵੈਮਾਨ ਵਾਲਾ ਜੀਵਨ ਜਿਉਣ ਲਈ ਨਿਰਭਉ ਨਿਰਵੈਰ ਦੀ ਭਾਵਨਾ ਵਾਲਾ **ਜੇ ਜੀਵੈ ਪਤਿ ਲਥੀ ਜਾਇ ॥ ਸਭੁ ਹਰਾਮੁ ਜੇਤਾ ਕਿਛੁ ਖਾਇ ॥**[3] ਦਾ ਉਪਦੇਸ਼, ਸਤੁ, ਸੰਤੋਖ, ਦਇਆ ਧਾਰਨ ਕਰਨ ਦੀ ਪ੍ਰੇਰਨਾ **ਸਤੁ ਸੰਤੋਖੁ ਸਦਾ ਸਚੁ ਪਲੈ ਸਚੁ ਬੋਲੈ ਪਿਰ ਭਾਏ ॥**[4] ਵਾਲਾ ਅਧਿਆਤਮਿਕਤਾ ਦੇ ਨਾਲ ਨਾਲ ਵਿਵਹਾਰਕ ਜੀਵਨ ਪੱਖ ਨੂੰ ਇਕ ਸੁਰ ਤੇ ਉਚਾ ਸੁਚਾ ਕਰਨ ਹਿਤ **ਸੁਚਿ ਹੋਵੈ ਤਾ ਸਚੁ ਪਾਈਐ ॥**[5] ਦੀ ਸੁਰ ਗੂੰਜਦੀ ਹੈ। ਏਥੋਂ ਤਕ ਕਿ ਪਰਲੋਕ ਦੀ ਥਾਂ ਲੋਕ ਜੀਵਨ ਨੂੰ ਉਚੇਰਾ, ਸੁਚੇਰਾ ਤੇ ਚੰਗੇਰਾ ਬਣਾਉਣ ਦੀ ਲੋੜ ਨੂੰ ਪਹਿਲ ਦਿੰਦਿਆਂ **ਕਰਮੀ ਆਵੈ ਕਪੜਾ ਨਦਰੀ ਮੋਖੁ ਦੁਆਰੁ ॥**[6] ਆਖਿਆ ਗਿਆ ਹੈ।

ਇਹ ਅਜਿਹੇ ਸਰੋਕਾਰ ਹਨ ਜੋ ਇਸ ਦੇ ਸਰੂਪ ਤੇ ਸੰਦਰਭ ਨੂੰ ਕੇਵਲ ਵਿਲੱਖਣਤਾ ਤੇ ਮਹੱਤਤਾ ਹੀ ਪ੍ਰਦਾਨ ਨਹੀਂ ਕਰਦੇ ਸਗੋਂ ਜਨ ਸਾਧਾਰਨ ਲਈ ਵਿਕਾਸ ਤੇ ਵਿਗਾਸ-ਮਾਰਗ ਪੰਧ ਤੇ ਚਲਣ ਲਈ ਸਮਾਜਿਕ ਭੂਮਿਕਾ ਵੀ ਤਿਆਰ ਕਰਦੇ ਹਨ। ਇਹ ਸਮਾਜਿਕ ਭੂਮਿਕਾ, ਨੀਟਸ਼ੇ ਦੇ ਉਸ ਸਿੱਧਾਂਤ ਰਬ ਮਰ ਗਿਆ ਹੈ। ਰੱਬ ਹਾਲਾਂ ਵੀ ਮਰਿਆ ਹੋਇਆ ਹੈ ਅਤੇ ਅਸੀਂ ਉਸ ਨੂੰ ਮਾਰਿਆ ਹੈ.....ਆਦਿ[7] ਤੋਂ ਵੱਖਰੀ ਹੈ। ਇੰਜ ਲਗਦੈ ਕਿ ਨੀਟਸ਼ੇ ਆਪਣੇ ਸਮਕਾਲੀ ਇਸਾਈ ਸਮਾਜ ਵਿਚ ਆਈਆਂ ਤਰੁੱਟੀਆਂ ਤੋਂ ਉਕਤਾ ਕੇ ਫ਼ੈਲੇ ਹੋਏ ਪਾਖੰਡ ਨੂੰ ਨਕਾਰਨ ਹਿਤ ਮੈਦਾਨ ਵਿਚ ਨਿਤਰ ਤਾਂ ਆਇਆ ਪਰ ਉਸ ਨੇ ਰੱਬੀ-ਟੇਕ ਰੱਖਣ ਦੀ ਥਾਂ ਕੇਵਲ ਮਨੁੱਖ ਨੂੰ ਆਪਣੇ ਆਪ ਸਭ ਕੁੱਝ ਕਰਨ ਦੀ ਜੁਗਤਿ ਦਸੀ।

ਇਸ ਸੰਦਰਭ ਵਿਚ ਗੁਰੂ ਨਾਨਕ ਬਾਣੀ ਦੇ ਨੈਤਿਕ ਸੋਰਕਾਰ ਮਨੁੱਖ ਨੂੰ ਰੱਬ ਨਾਲੋਂ ਤੋੜਨ ਦੀ ਥਾਂ ਨਾ ਕੇਵਲ ਜੋੜਦੇ ਹਨ ਸਗੋਂ ਮਨੁੱਖ ਦਾ ਸੁਚਜਾ ਚੱਜ-ਆਚਾਰ ਨਿਸਚਿਤ ਕਰਕੇ ਉਸ ਉਪਰ ਅਮਲ ਕਰਨ ਅਤੇ ਉਸਦੀ ਕੀਮਤ ਪਹਿਚਾਨਣ ਹਿਤ ਸਹਾਇਤਾ

ਵੀ ਕਰਦੇ ਹੈ। ਨੀਟਸ਼ੇ ਵਾਂਗ ਕਾਂਟ ਦਾ ਵੀ ਏਹੋ ਮਤ ਹੈ ਕਿ ਮਨੁੱਖ ਦਾ ਕਰਤੱਵ ਸਦਾਚਾਰਕ ਕੀਮਤਾਂ ਦੀ ਪੂਰਤੀ ਤਕ ਹੀ ਸੀਮਿਤ ਹੈ, ਉਸ ਦਾ ਰੱਬ ਪ੍ਰਤੀ ਕੋਈ ਵਿਸ਼ੇਸ਼ ਕਰਤੱਵ ਹੈ ਹੀ ਨਹੀਂ।[8] ਪਰ ਗੁਰੂ ਨਾਨਕ ਬਾਣੀ ਦੇ ਸਰੋਕਾਰ ਪਰਮਾਤਮਾ ਨਾਲ ਜੁੜਦਿਆਂ, ਉਸਦੀ ਸਿਫ਼ਤ ਸਲਾਹ ਕਰਦਿਆਂ, ਮਨੁੱਖ ਸਮੇਤ ਸਾਰੀ ਸ੍ਰਿਸ਼ਟੀ ਨੂੰ ਪ੍ਰਭੂ-ਕਿਰਤ ਮੰਨਦਿਆਂ, ਮਾਨਵ ਜੀਵਨ ਦੇ ਸਦ-ਵਿਗਾਸ ਲਈ ਵਧੇਰੇ ਗਤੀਸ਼ੀਲ ਰਹਿੰਦੇ ਹਨ। ਸ਼ਾਇਦ ਏਹੋ ਕਾਰਨ ਹੈ ਕਿ ਇਸ ਬਾਣੀ ਦੇ ਮੂਲ ਨੈਤਿਕ ਸਰੋਕਾਰ ਪਰਲੋਕ ਨਾਲੋਂ ਲੋਕ-ਜੀਵਨ ਨਾਲ ਵਧੇਰੇ ਜੁੜੇ ਹੋਏ ਹਨ। ਇਹ ਇਕ ਹਕੀਕਤ ਹੈ ਕਿ ਜਿਹੜਾ ਵੀ ਧਰਮ-ਗ੍ਰੰਥ ਪਰਲੋਕ ਨਾਲੋਂ ਲੋਕ-ਜੀਵਨ ਨੂੰ ਸੰਵਾਰਨ ਤੇ ਸੁਧਾਰਨ ਤੇ ਵਧੇਰੇ ਜ਼ੋਰ ਦੇਵੇ ਉਹ ਲੋਕ-ਜੀਵਨ ਲਈ ਲਾਭਦਾਇਕ ਹੋਣ ਕਾਰਨ ਵਧੇਰੇ ਪ੍ਰਸਿੱਧ ਹੋਇਆ ਕਰਦਾ ਹੈ।

ਦਰਅਸਲ ਨੈਤਿਕਤਾ ਦੇ ਪ੍ਰਸੰਗ ਵਿਚ ਪੂਰਵ ਨਾਨਕ-ਕਾਲ ਵਿਚ ਦੋ ਧਾਰਾਵਾਂ ਪ੍ਰਚਲਤ ਸਨ। ਇਕ ਧਾਰਾ ਦੀ ਵਾਗ ਡੋਰ ਅਜਿਹੇ ਅਧਿਆਤਮਵਾਦੀਆਂ ਦੇ ਹੱਥ ਵਿਚ ਸੀ ਜੋ ਜਾਪ, ਤਾਪ, ਨੇਮ, ਸੁਚ, ਸੰਜਮ ਆਦਿ ਨੂੰ ਨੈਤਿਕਤਾ ਨਾਲੋਂ ਵੱਧ ਪ੍ਰਥਮਤਾ ਦਿੰਦੇ ਸਨ ਅਤੇ ਆਤਮ-ਕਲਿਆਣ ਲਈ ਕੇਵਲ ਪ੍ਰਭੂ-ਭਗਤੀ ਨੂੰ ਹੀ ਅੰਤਮ ਸਾਧਨ ਮੰਨਦੇ ਸਨ। ਜੋਗੀ, ਸੰਨਿਆਸੀ, ਤਪੀਸਰ ਆਦਿ ਸਾਰੇ ਹੀ ਘਰ ਬਾਰ ਛੱਡ ਕੇ ਪ੍ਰਭੂ-ਪੂਜਾ ਉਪਾਸਨਾ ਵਿਚ ਸਮਾਂ ਬਿਤਾਉਣਾ ਹੀ ਆਪਣਾ ਧਰਮ ਕਰਮ ਸਮਝਦੇ ਸਨ। ਪਲਾਇਨਵਾਦ ਦੀ ਇਸ ਰੁਚੀ ਨੇ ਮਾਨਵ-ਜੀਵਨ ਨੂੰ ਦੂਸਰਿਆਂ ਪ੍ਰਤੀ ਆਪਣੀ ਜ਼ਿੰਮੇਵਾਰੀ, ਕਰਤੱਵ ਪਾਲਣਾ ਅਤੇ ਜੀਵਨ-ਘਾਲਣਾ ਨਾਲੋਂ ਤੋੜ ਕੇ ਰੱਖ ਦਿੱਤਾ ਸੀ। ਸਮਾਜਿਕ ਜੀਵਨ ਨਾਲੋਂ ਟੁੱਟ ਚੁੱਕੇ ਇਹ ਲੋਕ ਉਪਰਾਮਤਾ ਕਾਰਨ, ਲੋਕ ਜੀਵਨ ਨਾਲ ਜੁੜੀ ਨੈਤਿਕਤਾ ਤੋਂ ਅਗਿਆਨੀ ਸਨ। ਸਮਾਜਿਕ, ਪਰਿਵਾਰਕ ਫਰਜ਼ਾਂ ਦੀ ਪੂਰਤੀ ਇਨ੍ਹਾਂ ਦੀ ਮਾਨਸਿਕਤਾ ਵਿਚੋਂ ਮਨਫ਼ੀ ਹੀ ਸੀ।

ਹਾਲਾਂਕਿ ਸੱਚ-ਆਧਾਰਤ ਤੱਥ ਇਹ ਹੈ ਕਿ ਮਨੁੱਖ ਨਾਲ ਜੁੜਿਆ ਮਨੁਖ ਹੀ ਸਚਾ ਸੁਚਾ ਅਧਿਆਤਮਵਾਦੀ ਹੁੰਦਾ ਹੈ ਅਤੇ ਸਚਾ ਸੁਚਾ ਅਧਿਆਤਮਵਾਦੀ ਨੈਤਿਕਤਾ ਨਾਲੋਂ ਟੁੱਟਦਾ ਨਹੀਂ। ਕਿਉਂਕਿ ਸਚੀ ਸੁਚੀ ਭਗਤੀ ਤਾਂ ਹੀ ਮੂਰਤੀਮਾਨ ਹੋ ਸਕਦੀ ਹੈ ਜੇਕਰ ਨੈਤਿਕਤਾ ਇਸਦੇ ਅੰਗ ਸੰਗ ਹੋਵੇ। ਅਜਿਹੀ ਭਗਤੀ ਹੀ ਨੈਤਿਕਤਾ ਨੂੰ ਸ਼ਕਤੀ ਪ੍ਰਦਾਨ ਕਰਦੀ ਹੈ ਅਤੇ ਅਜਿਹੀ ਨੈਤਿਕਤਾ ਹੀ ਭਗਤੀ ਦਾ ਪਸਾਰ ਕਰਨ ਦੇ ਸਮਰਥ ਹੋਇਆ ਕਰਦਾ ਹੈ।

ਗੁਰੂ ਨਾਨਕ ਬਾਣੀ ਦੀ ਨੈਤਿਕ ਵਿਵਹਾਰਕਾ ਦੇ ਸਰੋਕਾਰਾਂ ਵਿਚ ਸਫਲ ਮਾਨਵ-ਜੀਵਨ ਯਾਤਰਾ ਲਈ ਪ੍ਰਭੂ-ਭਗਤੀ ਅਤੇ ਨੈਤਿਕਤਾ ਨੂੰ ਇਕ ਦੂਜੇ ਦੇ ਪੂਰਕ ਮੰਨਿਆ ਗਿਆ ਹੈ। ਏਥੋਂ ਤਕ ਕਿ ਸ੍ਰੇਸ਼ਟ ਨੈਤਿਕਤਾ ਤੋਂ ਬਗੈਰ ਭਗਤੀ, ਸੰਪੂਰਨ ਹੋ ਸਕਣੀ ਪ੍ਰਵਾਨ ਹੀ ਨਹੀਂ ਕੀਤੀ ਗਈ :

**ਸਭਿ ਗੁਣ ਤੇਰੇ ਮੈ ਨਾਹੀ ਕੋਇ॥**
**ਵਿਣੁ ਗੁਣ ਕੀਤੇ ਭਗਤਿ ਨ ਹੋਇ॥**[9]

ਸਪਸ਼ਟ ਹੈ ਕਿ ਗੁਣ ਕੀਤੇ ਬਿਨਾਂ ਮਨੁਖ ਨਾ ਤਾਂ ਨੇਕ ਹੀ ਹੋ ਸਕਦਾ ਹੈ ਅਤੇ ਨਾ ਹੀ ਭਗਤੀ ਕਰਨ ਵਾਲਾ ਭਗਤ। ਇਕ ਸੰਪੂਰਨ ਜੀਵਨ ਜਿਊਣ ਲਈ ਸੱਦ ਗੁਣ ਲੋੜੀਂਦੇ ਹਨ। ਕਿਉਂਕਿ ਮਨੁੱਖ ਆਪਣੇ ਪ੍ਰਤੀ, ਆਪਣੇ ਸਮਾਜ ਪ੍ਰਤੀ, ਆਪਣੇ ਪ੍ਰਭੂ ਪ੍ਰਤੀ ਤਾਂ ਹੀ ਸੁਹਿਰਦ ਹੋ ਸਕਦਾ ਹੈ ਜੇਕਰ ਉਹ ਸਦ ਗੁਣਾਂ ਦਾ ਧਾਰਨੀ ਹੁੰਦਾ ਹੈ। ਅਜਿਹਾ ਕਰਨ ਉਪਰੰਤ ਹੀ ਉਹ ਪ੍ਰਭੂ-ਕਿਰਪਾ ਦਾ ਪਾਤਰ ਬਣ ਕੇ ਉਸ ਨਾਲ ਜੁੜ ਸਕਦਾ ਹੈ। ਡਾ. ਕੋਹਲੀ ਜੀ ਇਸ ਪ੍ਰਸੰਗ ਵਿਚ ਠੀਕ ਹੀ ਆਖਦੇ ਹਨ ਕਿ ਸਦਾਚਾਰ ਨੀਤੀ, ਆਤਮਿਕ ਭਵਨ ਦੀ ਆਧਾਰ ਹੈ। ਜਦ ਤਕ ਸਦਾਚਾਰਕ ਗੁਣ ਪੈਦਾ ਨਾ ਕੀਤੇ ਜਾਣ, ਜਗਿਆਸੂ ਆਤਮਿਕ ਸਤਾ ਦੀ ਉਚੀ ਪੱਧਰ ਉਤੇ ਨਹੀਂ ਪੁੱਜ ਸਕਦਾ। ਕਰਮ, ਗਿਆਨ ਅਤੇ ਸ਼ਰਧਾ ਦੇ ਸੰਤੁਲਤ ਮੇਲ ਦੀ ਜ਼ਰੂਰਤ ਹੈ।[10] ਏਸੇ ਤਰ੍ਹਾਂ ਪ੍ਰਸਿਧ ਵਿਦਵਾਨ ਡਾ. ਹਰਦਿਆਲ ਦਾ ਕਥਨ ਹੈ ਕਿ ਸਦਾਚਾਰਕ ਸਾਧਨਾ ਬਗੈਰ ਆਤਮਿਕ ਸ਼ਾਤੀ ਦੀ ਪ੍ਰਾਪਤੀ ਸੰਭਵ ਨਹੀਂ ਹੋ ਸਕਦੀ। ਸਦਾਚਾਰਕ ਗੁਣ, ਮਨੁੱਖ ਦੇ ਪੂਰਨ ਫਰਜ਼ ਅਨੁਸਾਰ ਢਾਲੇ ਗਏ ਜਾਣੇ ਜਾਂਦੇ ਹਨ। ਡਾ. ਵਜ਼ੀਰ ਸਿੰਘ ਗੁਰਬਾਣੀ ਦੇ ਨੈਤਿਕ ਸਰੋਕਾਰਾਂ ਬਾਰੇ ਵਿਚਾਰ ਪ੍ਰਗਟਾਉਂਦੇ ਲਿਖਦੇ ਹਨ ਕਿ ਗੁਰਬਾਣੀ ਮੂਲ ਰੂਪ ਵਿਚ ਗੁਰੂ ਸਾਹਿਬਾਨ ਦੇ ਅਧਿਆਤਮਵਾਦ ਦਾ ਕਾਵਿਕ (ਬਾਣੀ) ਪ੍ਰਗਟਾਵਾ ਹੈ ਜਿਸ ਦਾ ਮਨੋਰਥ ਮਨੁੱਖ ਦਾ ਆਤਮਿਕ ਕਲਿਆਣ ਹੈ। ਇਸ ਦਾ ਦੂਸਰਾ ਪੰਥ ਕਰਤਵਾਂ ਦੀ ਪਾਲਨਾ ਹੈ। ਜੋ ਮਨੁੱਖ ਨੂੰ ਸੁਚੱਜੀ ਜੀਵਨ-ਸ਼ੈਲੀ ਵਿਕਸਿਤ ਕਰਨ ਵਿਚ ਸਹਾਈ ਹੁੰਦੀ ਹੈ।[11]

ਭਾਰਤੀ ਚਿੰਤਨ-ਪਰੰਪਰਾ ਵਾਂਗ ਨੈਤਿਕਤਾ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਵੀ ਧਰਮ ਦਾ ਨਰੋਆ ਅੰਗ ਸਵੀਕਾਰ ਕੀਤਾ ਗਿਆ ਹੈ। ਸਚੀ ਗੱਲ ਤਾਂ ਇਹ ਹੈ ਕਿ ਧਰਮ, ਆਦਿ ਕਾਲ ਤੋਂ ਹੀ ਕਿਸੇ ਨਾ ਕਿਸੇ ਰੂਪ ਵਿਚ ਮਾਨਵ ਜੀਵਨ ਦੇ ਹਰ ਪੱਖ ਉਤੇ ਇਤਨਾ ਭਾਰੂ ਹੈ ਕਿ ਇਸ ਦਾ ਓਟ, ਆਸਰਾ ਲਏ ਬਗੈਰ ਕੋਈ ਕਾਰਜ ਸੰਭਵ ਹੋਣਾ ਮੰਨਿਆ ਹੀ ਨਹੀਂ ਜਾਂਦਾ। ਮਨੁੱਖ ਦੇ ਉਚ-ਆਚਰਣ ਨੂੰ ਸੇਧ ਪ੍ਰਦਾਨ ਕਰਨ ਵਿਚ ਧਰਮ ਦੀ ਅਹਿਮ ਭੂਮਿਕਾ ਹੁੰਦੀ ਹੈ ਜੇਕਰ ਧਰਮ ਦੀ ਰੂਪ-ਰੇਖਾ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਕਥਨ **ਏਕੋ ਧਰਮੁ ਦ੍ਰਿੜੈ ਸਚੁ ਕੋਈ ॥**[12] ਅਤੇ **ਧੌਲੁ ਧਰਮੁ ਦਇਆ ਕਾ ਪੂਤੁ ॥**[13] ਵਾਲੀ ਹੋਵੇ।

ਮਨੁੱਖਾਂ ਨੂੰ ਨਿਰਮਲ ਕਰਮ ਅਥਵਾ ਨੈਤਿਕਤਾ ਦੀ ਪਾਲਨਾ ਕਰਨ ਵਾਲੀ ਜੀਵਨ ਸ਼ੈਲੀ ਦਾ ਪਾਂਧੀ ਬਣਾਉਣਾ ਸੰਬੰਧਿਤ ਧਰਮ ਦਾ ਮੂਲ-ਉਦੇਸ਼ ਹੋਣਾ ਚਾਹੀਦਾ ਹੈ। ਧਰਮ-ਸਿਧਾਂਤ, ਸਹੀ ਅਰਥਾਂ ਵਿਚ ਮਨੁੱਖ ਨੂੰ ਸਦਾਚਾਰਕ ਜ਼ਿੰਮੇਵਾਰੀ ਸੌਂਪਦੇ ਹਨ, ਇਹ ਵਖਰੀ ਗੱਲ ਹੈ ਕਿ ਇਸ ਦੇ ਪੈਰੋਕਾਰ ਇਨ੍ਹਾਂ ਦੀ ਠੀਕ ਪ੍ਰਸੰਗ ਵਿਚ ਪਾਲਨਾ

ਨਹੀਂ ਕਰਦੇ। ਪ੍ਰਸਿਧ ਮਨੋਵਿਗਿਆਨੀ ਫਰਾਇਡ ਦੀ ਧਾਰਨਾ ਕਿ ਧਰਮ ਕਿਸੇ ਦੀ ਸਦਾਚਾਰਕ ਜ਼ਿੰਮੇਵਾਰੀ ਨੂੰ ਅੰਦਰੋਂ ਅੰਦਰੀ ਖੋਖਲਾ ਕਰਦਾ ਹੈ ਨੂੰ ਇਹ ਬਾਣੀਕਾਰ ਪ੍ਰਵਾਨ ਨਹੀਂ ਕਰਦੇ। ਹਾਂ, ਇਹ ਬਾਣੀਕਾਰ ਅਜਿਹੇ ਧਰਮੀ ਲੋਕਾਂ ਦੀ ਕਰੜੀ ਆਲੋਚਨਾ ਕਰਦੇ ਹਨ ਜੋ ਨੈਤਿਕ ਕੀਮਤਾਂ ਤੋਂ ਸਖਣੀਆਂ ਰਸਮਾਂ ਰੀਤਾਂ ਤਕ ਸੀਮਿਤ ਰਹਿੰਦੇ ਹਨ **ਕਰਮ ਧਰਮ ਨਹੀ ਮਾਇਆ ਮਾਖੀ ॥**[14] ਧਰਮ ਅਤੇ ਨੈਤਿਕਤਾ ਦੇ ਮਨੋਰਥ ਵਿਚ ਇਕ ਬੁਨਿਆਦੀ ਸਾਂਝ ਹੈ - ਮਾਨਵ ਉਤਮਤਾ। ਏਸੇ ਲਈ ਕੋਸ਼ਾਂ ਅਨੁਸਾਰ ਇਸ ਦੇ ਅਰਥ ਉਤਮ ਕ੍ਰਿਆ, ਨੇਕ ਚਲਣ, ਭਲਾ ਬਿਉਹਾਰ ਆਦਿ ਦਰਸਾਏ ਗਏ ਹਨ।[15] ਗੁਰੂ ਨਾਨਕ ਬਾਣੀ ਵਿਚ ਧਰਮੀ ਜੀਵਨ ਜੀਉਣ ਲਈ ਦੋਵੇਂ ਗੱਲਾਂ ਜ਼ਰੂਰੀ ਦਸੀਆਂ ਗਈਆਂ ਹਨ ਭਾਵ ਧਾਰਮਿਕ ਨਿਸ਼ਠਾ ਵੀ ਅਤੇ ਨੈਤਤਿਕਾ ਵੀ। ਨਿਰਸੰਦੇਹ ਦੁਨੀਆਂ ਵਿਚ ਅਨੇਕਾਂ ਧਰਮ ਹਨ ਅਤੇ ਉਨ੍ਹਾਂ ਦੀਆਂ ਪੂਜਾ ਵਿਧੀਆਂ ਵੀ ਵਖੋ ਵਖ ਹਨ ਪਰ ਇਸ ਦੇ ਬਾਵਜੂਦ ਸਾਰੇ ਹੀ ਧਰਮ ਸਚ ਬੋਲਣ, ਸਚ ਸੁਣਨ, ਸੱਚ ਕਰਮ ਕਰਨ, ਗਿਆਨਵਾਨ ਹੋਣ ਆਦਿ ਧਾਰਨ ਕਰਨ ਅਤੇ ਝੂਠ, ਲੋਭ ਆਦਿ ਦਾ ਤਿਆਗ ਕਰਨ ਦਾ ਉਪਦੇਸ਼ ਦਿੰਦੇ ਹਨ।

ਪ੍ਰੋ. ਪਿਆਰਾ ਸਿੰਘ ਪਦਮ ਨੇ ਗੁਰਬਾਣੀ ਵਿਚ ਉਪਲਬਧ ਅਜਿਹੇ 40 ਸਦਾਚਾਰੀ ਤੇ ਦੁਰਾਚਾਰੀ ਗੁਣਾਂ ਤੇ ਅਉਗਣਾਂ ਦੀ ਨਿਸ਼ਾਨਦੇਹੀ ਕੀਤੀ ਹੈ ਜੋ ਨੈਤਿਕਤਾ ਦੇ ਘੇਰੇ ਵਿਚ ਆਉਂਦੇ ਹਨ।[16] ਪਰ ਅਸੀਂ ਏਥੇ ਗੁਰੂ ਨਾਨਕ ਬਾਣੀ ਤੇ ਆਧਾਰਤ ਇਨ੍ਹਾਂ ਨੂੰ ਪ੍ਰਮੁਖ ਤੌਰ ਉਤੇ ਤਿੰਨ ਰੂਪਾਂ ਵਿਚ ਵੰਡ ਸਕਦੇ ਹਾਂ :

1. ਧਾਰਮਿਕ 2. ਵਿਅਕਤੀਗਤ 3. ਵਿਅਕਤੀਗਤ ਸਮਾਜਿਕ

### 1. ਧਾਰਮਿਕ

ਇਸ ਪ੍ਰਸੰਗ ਵਿਚ ਇਕ ਗਲ ਸਨਮੁਖ ਰੱਖਣ ਦੀ ਲੋੜ ਹੈ ਕਿ ਧਾਰਮਿਕ ਨੈਤਿਕਤਾ ਦੀ ਭਾਵਨਾ, ਸਾਧਾਰਨ ਨਹੀਂ ਹੁੰਦੀ। ਇਸ ਦੇ ਪੱਖ ਰਚਨਾਤਮਕ ਅਤੇ ਮਨੋਵਿਗਿਆਨਕ ਦੋਵੇਂ ਹੁੰਦੇ ਹਨ। ਇਸ ਭਾਵਨਾ ਦੇ ਅੰਤਰਗਤ ਮਨੁੱਖ ਆਪਣੇ ਆਪ ਨੂੰ ਅਜਿਹੇ ਕਾਰਜਾਂ ਰਾਹੀਂ ਪ੍ਰਸਤੁਤ ਕਰਦਾ ਹੈ ਜਿਸ ਤੋਂ ਉਹ ਸਭਿਅਕ ਤੇ ਸ੍ਰੇਸ਼ਟ ਮਨੁੱਖ ਪ੍ਰਗਟ ਹੁੰਦਾ ਹੋਵੇ। ਜਿਵੇਂ ਨਿਮਰਤਾ ਸਹਿਤ ਹੱਥ ਜੋੜ ਕੇ ਸਤਿਕਾਰ ਪ੍ਰਗਟ ਕਰਨਾ, ਸੁਕਰਗੁਜ਼ਾਰ ਹੋਣਾ ਆਦਿ। ਧਾਰਮਿਕ ਨੈਤਿਕਤਾ ਵਿਵਹਾਰਕ ਪੱਧਰ ਤੇ ਕਈ ਪੱਖਾਂ ਤੋਂ ਮਾਨਵ-ਜੀਵਨ ਨੂੰ ਪ੍ਰਭਾਵਤ ਕਰਦੀ ਹੈ। ਜਿਵੇਂ ਜੀਵਨ ਵਿਚ ਕੀ ਕਰਨਾ ਉੱਚਿਤ ਹੈ ਤੇ ਅਨਉਚਿਤ ਹੈ, ਜਨਮ ਤੋਂ ਪਹਿਲਾਂ ਮਾਨਵ ਕਿੱਥੇ ਰਹਿੰਦਾ ਸੀ ਤੇ ਮੌਤ ਪਿਛੋਂ ਕਿਥੇ ਜਾਂਦਾ ਹੈ ਆਦਿ ਅਜਿਹੇ ਗੁੰਝਲਦਾਰ ਪ੍ਰਸ਼ਨ ਹਨ ਜਿਨ੍ਹਾਂ ਦਾ ਉੱਤਰ ਧਰਮ ਵਿਚ ਵਿਸ਼ਵਾਸ ਧਾਰਨ ਕਰਨ ਉਪਰੰਤ ਹੀ ਮਿਲ ਸਕਦਾ ਹੈ। ਮਾਨਵ ਤੇ ਪ੍ਰਭੂ ਦੀ ਸਾਂਝ ਕਿਸ ਪੱਧਰ ਦੀ ਹੈ ਬਾਣੀ ਵਿਚ ਇਸ ਦਾ ਸਪਸ਼ਟ ਉੱਤਰ ਪ੍ਰਾਪਤ ਹੋ ਜਾਂਦਾ ਹੈ ਕਿ ਇਹ ਸਾਂਝ ਅੰਸ਼, ਅੰਸ਼ੀ, ਸੂਰਜ ਤੇ ਕਿਰਨ, ਜਲ ਤੇ ਤਰੰਗ, ਮਾਤਾ ਪਿਤਾ ਤੇ ਬੱਚੇ ਵਾਲੀ ਹੈ।

**ਜੀਅ ਜੰਤ ਸਭ ਸਾਰੀ ਕੀਤੇ**
**ਪਾਸਾ ਢਾਲਣਿ ਆਪਿ ਲਗਾ॥**[17]

ਗੁਰੂ ਨਾਨਕ ਸਾਹਿਬ ਦੀ ਵਿਸ਼ੇਸ਼ਤਾ ਹੈ ਕਿ ਉਨ੍ਹਾਂ ਨੇ ਸਮਕਾਲੀ ਭਾਰਤੀ ਅਧਿਆਤਮਿਕ ਜੀਵਨ ਧਾਰਾ ਨੂੰ ਨੇੜਿਉਂ ਵੇਖਿਆ ਤੇ ਪਰਖਿਆ ਹੋਇਆ ਸੀ ਜਿਸ ਕਰਕੇ ਉਹ ਮਾਨਵ ਦੇ ਧਾਰਮਿਕ ਜੀਵਨ ਵਿਚ ਵਿਆਪਕ ਫੋਕੇ ਕਰਮ ਕਾਂਡਾਂ ਦੀ ਪ੍ਰਵਿਰਤੀ ਤੋਂ ਭਲੀਭਾਂਤ ਜਾਣੂ ਸਨ। ਅਸਲ ਵਿਚ ਫੋਕੇ ਨਿਰਾਰਥਕ ਕਰਮ ਕਾਂਡਾਂ ਦੀ ਆੜ ਹੇਠ ਪੁਜਾਰੀ ਵਰਗ ਜਨ-ਸਾਧਾਰਨ ਨੂੰ ਲੁਟ ਲੁਟ ਕੇ ਖਾ ਰਿਹਾ ਸੀ। ਦੇਸ਼ ਦੀ ਵਾਗਡੋਰ, ਵਿਦੇਸ਼ੀਆਂ ਹੱਥ ਸੀ ਜੋ ਆਮ ਜਨਤਾ ਤੇ ਜ਼ੁਲਮ ਢਾਹ ਰਹੇ ਸਨ। ਰਤ-ਪੀਣੇ ਇਹ ਦੋਵੇਂ ਵਰਗ (ਪੁਜਾਰੀ ਤੇ ਹਾਕਮ) ਜਨਤਾ ਨੂੰ ਲੁਟਣ ਲਈ ਇਕੱਠੇ ਸਨ। ਜਨ-ਸਾਧਾਰਨ ਦਾ ਸਮਾਜਿਕ-ਜੀਵਨ ਨਰਕ ਮਈ ਸੀ ਅਤੇ ਧਾਰਮਿਕ ਵਿਅਕਤੀ ਭੇਖ ਤੇ ਕਰਮ ਕਾਂਡਾਂ ਵਿਚ ਉਲਝੇ ਹੋਏ ਸਨ। ਧਾਰਮਿਕ ਨੈਤਿਕਤਾ ਦੀ ਪਾਲਣਾ ਮਨਫ਼ੀ ਸੀ।

ਏਸੇ ਲਈ ਗੁਰੂ ਨਾਨਕ ਸਾਹਿਬ ਨੇ ਹਰ ਪ੍ਰਕਾਰ ਦੇ ਕਰਮ ਕਾਂਡ, ਭਾਵੇਂ ਉਹ ਪੂਜਾ ਅਰਚਾ ਨਾਲ ਸੰਬੰਧਿਤ ਸਨ ਅਤੇ ਭਾਵੇਂ ਸੰਸਕਾਰਾਂ ਨਾਲ, ਪੂਰੀ ਤਰ੍ਹਾਂ ਅਪ੍ਰਵਾਨ ਕੀਤੇ ਹਨ। ਦਰਅਸਲ ਇਹ ਸਾਰੇ ਕਰਮ-ਕਾਂਡ ਮਾਨਵ-ਜੀਵਨ ਦੇ ਬਾਹਰੀ ਖੇਤਰ ਨਾਲ ਸੰਬੰਧਿਤ ਸਨ ਪਰ ਗੁਰੂ ਨਾਨਕ ਸਾਹਿਬ ਮਾਨਵ ਦੇ ਅੰਤ੍ਰੀਵ ਭਾਵਾਂ ਤੇ ਸੋਚ ਨੂੰ ਬਦਲਣਾ ਚਾਹੁੰਦੇ ਸਨ। ਕਿਉਂਕਿ ਅੰਤ੍ਰੀਵ ਆਤਮਾ ਹੀ ਪਰਮ-ਆਤਮਾ ਦੀ ਅੰਸ਼ ਹੈ ਜਿਸ ਲਈ ਬਾਹਰੀ ਕਰਮ ਕਾਂਡ ਕਰਨੇ ਕੋਈ ਵਧੇਰੇ ਅਰਥ ਨਹੀਂ ਰੱਖਦੇ। ਵਿਖਾਵੇ ਦੀ ਅਰਚਨਾ ਪੂਜਾ ਅਤੇ ਲੋਕਾਂ ਨੂੰ ਭਰਮਾਉਣ ਲਈ ਧਾਰਨ ਕੀਤਾ ਭੇਖ ਆਦਿ ਵਿਅਰਥ ਹਨ ਜੇ ਕਰ ਘਟਿ ਘਟਿ ਵਸਦੇ ਪੂਰਨ-ਬ੍ਰਹਮ ਦੀ ਪਹਿਚਾਨ ਨਹੀਂ ਕੀਤੀ ਜਾ ਸਕਦੀ। ਏਸੇ ਲਈ ਆਪ ਜੀ ਧਾਰਮਿਕ ਆਗੂ ਬਣੇ ਪੰਡਤਾਂ ਨੂੰ ਸੰਬੋਧਨ ਕਰਦਿਆਂ ਸੰਵਾਦ ਰਚਾਉਂਦੇ ਹਨ ਕਿ:

ਸੁਣ ਪੰਡਿਤ ਕਰਮਾ ਕਾਰੀ॥

**ਜਿਤੁ ਕਰਮਿ ਸੁਖੁ ਉਪਜੈ ਭਾਈ ਸੁ ਆਤਮ ਤਤੁ ਬੀਚਾਰੀ ॥**
**ਸਾਸਤੁ ਬੇਦੁ ਬਕੈ ਖੜੋ ਭਾਈ ਕਰਮ ਕਰਹੁ ਸੰਸਾਰੀ ॥**
**ਪਾਖੰਡਿ ਮੈਲੁ ਨ ਚੁਕਈ ਭਾਈ ਅੰਤਰਿ ਮੈਲੁ ਵਿਕਾਰੀ ॥**[18]

ਧਾਰਮਿਕ ਖੇਤਰ ਦੇ ਅਜਿਹੇ ਕਰਮ ਕਾਂਡ, ਮਾਨਵ-ਜੀਵਨ ਨੂੰ ਸਚਿਆਰ ਬਣਾਉਣ ਅਤੇ ਪ੍ਰਭੂ ਨਾਲ ਇਕਸੁਰਤਾ ਸਥਾਪਤ ਕਰਨ ਵਿਚ ਸਹਾਇਤਾ ਨ ਕਰਨ ਕਰਕੇ ਸਦਾਚਾਰ-ਸ਼ਾਸਤਰ ਦੇ ਘੇਰੇ ਵਿਚ ਨਹੀਂ ਆਉਂਦੇ ਹਨ। ਏਸੇ ਲਈ ਆਪ ਜੀ ਮਨੁੱਖ ਨੂੰ ਪ੍ਰਭੂ-ਅਰਾਧਨਾ, ਮਨ ਕਰਕੇ ਕਰਨ ਦੀ ਪ੍ਰੇਰਨਾ ਕਰਦੇ ਆਖਦੇ ਹਨ ਕਿ :

**ਮਨੁ ਸੰਪਟੁ ਜਿਤੁ ਸਤਿਸਰਿ ਨਾਵਣੁ**

**ਭਾਵਨ ਪਾਤੀ ਤ੍ਰਿਪਤਿ ਕਰੇ ॥**
**ਪੂਜਾ ਪ੍ਰਾਣ ਸੇਵਕ ਜੇ ਸੇਵੇ**
**ਇਨ੍ ਬਿਧਿ ਸਾਹਿਬੁ ਰਵਤੁ ਰਹੈ ॥**[19]

ਅਸਲ ਵਿਚ ਗੁਰੂ ਨਾਨਕ ਸਾਹਿਬ ਧਾਰਮਿਕ ਸਦਾਚਾਰੀ ਬਣਨ ਲਈ ਪ੍ਰਭੂ ਭਗਤੀ (ਨਾਮ ਸਿਮਰਨ) ਦੇ ਨਾਲ ਨਾਲ ਗਿਆਨ-ਮਾਰਗ ਦੀ ਮਹੱਤਤਾ ਨੂੰ ਵੀ ਉਚਤਮ-ਕੀਮਤ ਮੰਨਦੇ ਹਨ ਅਤੇ ਮਨੁਖ ਨੂੰ ਠੀਕ ਦਿਸ਼ਾ ਵਿਚ ਸੁਹਿਰਦਤਾ ਨਾਲ ਪੜ੍ਹਨ, ਸੁਣਨ ਅਤੇ ਮੰਨਣ ਦੀ ਪ੍ਰੇਰਨਾ ਕਰਦੇ ਹਨ। ਇਸ ਲਈ ਬਾਣੀ-ਅਧਿਐਨ ਲਈ ਸੁਹਿਰਦ ਹੋਣਾ ਜ਼ਰੂਰੀ ਹੈ। ਸੁਹਿਰਦਤਾ ਨਾਲ ਕੀਤਾ ਬਾਣੀ-ਅਧਿਐਨ ਹੀ ਮਾਨਵ ਨੂੰ ਗਿਆਨਵਾਨ, ਵਿਚਾਰਵਾਨ ਤੇ ਚਰਿਤਰਵਾਨ ਬਣਾਉਂਦਾ ਹੈ। ਏਸੇ ਲਈ ਗੁਰੂ ਨਾਨਕ ਬਾਣੀ ਵਿਚ ਸਚਿ-ਆਚਾਰ ਨੂੰ ਸਰਬੋਤਮ-ਕੀਮਤ ਪ੍ਰਵਾਨ ਕੀਤਾ ਗਿਆ ਹੈ :

**ਸਚਹੁ ਓਰੈ ਸਭਿ ਕੋ ਉਪਰਿ ਸਚਿ ਆਚਾਰੁ ॥**[27]

ਕਹਿਣੀ, ਕਥਨੀ ਅਤੇ ਕਰਨੀ ਵਿਚ ਇਕ ਸੁਰਤਾ, ਧਾਰਮਿਕ ਨੈਤਿਕਤਾ ਦਾ ਮੀਰੀ ਗੁਣ ਮੰਨਿਆ ਗਿਆ ਹੈ। ਏਹੋ ਕਾਰਣ ਹੈ ਕਿ ਗੁਰੂ ਨਾਨਕ ਬਾਣੀ ਵਿਚ ਧਾਰਮਿਕ ਗ੍ਰੰਥਾਂ ਪ੍ਰਤੀ ਤਾਂ ਸਤਿਕਾਰ ਪ੍ਰਗਟ ਕੀਤਾ ਗਿਆ ਹੈ ਪਰ ਉਸ ਵਿਚਲੇ ਗਿਆਨ ਨੂੰ ਨਾ ਵਿਚਾਰਨ ਵਾਲਿਆਂ ਦੀ ਆਲੋਚਨਾ ਕੀਤੀ ਗਈ ਹੈ। ਹੇਠ ਲਿਖੀਆਂ ਪੰਗਤੀਆਂ ਇਸ ਪ੍ਰਸੰਗ ਵਿਚ ਸਾਡੇ ਧਿਆਨ ਦੀ ਮੰਗ ਕਰਦੀਆਂ ਹਨ :

**ਸਿਮ੍ਰਿਤਿ ਸਾਸਤ੍ਰ ਪੜਹਿ ਪੁਰਾਣਾ ॥**[20]
**ਚਹੈ ਚਾਰ ਵੇਦ ਜਿਨਿ ਸਾਜੇ ਚਾਰੇ ਖਾਣੀ ਚਾਰਿ ਜੁਗਾ ॥**[21]
**ਚਾਰਿ ਵੇਦ ਹੋਇ ਸਚਿਆਰ ॥**[22]
**ਵੇਦ ਕਹਹਿ ਵਖਿਆਣ ਅੰਤੁ ਨ ਪਾਵਣਾ ॥**[23]

ਨਿਰਸੰਦੇਹ ਧਾਰਮਿਕ ਗ੍ਰੰਥਾਂ ਦਾ ਪਾਠ ਸੁਣਨਾ ਅਤੇ ਪੜ੍ਹਨਾ ਵੀ ਨੈਤਿਕ-ਗੁਣ ਹਨ ਪਰ ਜਦੋਂ ਤਕ ਇਸ ਪੜ੍ਹਨ ਸੁਣਨ ਦੀ ਸਰੀਰਕ ਕਿਰਿਆ ਰਾਹੀਂ ਗਿਆਨ ਨੂੰ ਅਮਲੀ-ਜਾਮਾ ਨਹੀਂ ਪਹਿਨਾਇਆ ਜਾਂਦਾ ਤਾਂ ਇਹ ਸਰੀਰਕ ਕਿਰਿਆ ਆਤਮ-ਵਿਕਾਸ ਦੇ ਨੈਤਿਕ ਸਰੋਕਾਰਾਂ ਨੂੰ ਨਹੀਂ ਪਹੁੰਚ ਸਕਦੀ।

ਗੁਰੂ ਨਾਨਕ ਬਾਣੀ ਵਿਚ ਧਾਰਮਿਕ ਸਦਾਚਾਰ ਦਾ ਇਕ ਅਨਿਖੜਵਾਂ ਤੇ ਮਹੱਤਵਪੂਰਨ ਅੰਗ ਨਾਮ-ਸਿਮਰਨ ਨੂੰ ਮੰਨਿਆ ਗਿਆ ਹੈ। ਏਥੋਂ ਤਕ ਕਿ ਆਪ ਜੀ ਨੇ ਅਜਿਹੇ ਹਰ ਧਾਰਮਿਕ ਸਦਾਚਾਰ ਨੂੰ ਅਧੂਰਾ, ਊਣਾ, ਅਪੂਰਨ ਅਤੇ ਨਿਰਾਰਥਕ ਮੰਨਿਆ ਹੈ ਜਿਸ ਵਿਚੋਂ ਨਾਮ-ਸਿਮਰਨ ਦੀ ਖੁਸ਼ਬੋ ਨਹੀਂ ਆਉਂਦੀ। ਇਸਦਾ ਮੁਖ ਕਾਰਨ ਹੈ ਨਿਰੋਲ ਗਿਆਨਵਾਨ ਪੁਰਸ਼ਾਂ ਦਾ ਲਭੁ, ਲੋਭ, ਹੰਕਾਰ ਗ੍ਰਸਤ ਹੋਣਾ, ਏਸੇ ਲਈ ਕੇਵਲ ਗਿਆਨ ਨਾਲ ਆਫਰੇ ਵਿਦਿਵਾਨਾਂ ਨੂੰ **ਪੜਿਆ ਮੂਰਖੁ ਆਖੀਐ ਜਿਸੁ ਲਬੁ ਲੋਭ ਅਹੰਕਾਰਾ ॥**[32] ਦੀ ਉਪਾਧੀ ਦਿੱਤੀ ਗਈ ਹੈ। ਨਾਮ-ਸਿਮਰਨ ਬਾਰੇ ਗੁਰੂ ਨਾਨਕ ਦੇਵ ਜੀ ਦਸਦੇ ਹਨ ਕਿ ਬੇਦਾਂ, ਸਿਮ੍ਰਤੀਆਂ, ਸ਼ਾਸਤਰਾਂ ਨੂੰ ਵਿਚਾਰਨ ਵਾਲੇ ਮਹਾਂਪੁਰਖਾਂ ਦਾ ਕਥਨ ਹੈ ਕਿ ਨਾਮ-ਸਿਮਰਨ ਤੋਂ ਬਿਨਾਂ ਤਾਂ ਮੁਕਤੀ ਵੀ ਨਸੀਬ ਨਹੀਂ ਹੋ ਸਕਦੀ।

**ਸਾਸਤ ਸਿਮ੍ਰਿਤਿ ਨਾਮੁ ਦ੍ਰਿੜਾਮੰ ॥**[24]

ਇਸ ਲਈ ਨੈਤਿਕਤਾ ਦੀ ਉਚੇਰੀ ਅਵਸਥਾ ਪ੍ਰਾਪਤ ਕਰਨ ਲਈ ਗੁਰੂ ਨਾਨਕ ਬਾਣੀ ਵਿਚ ਨਾਮ-ਸਿਮਰਨ ਨੂੰ ਬਹੁਤ ਮਹੱਤਾ ਦਿੱਤੀ ਗਈ ਹੈ। ਨਾਮ-ਸਿਮਰਨ ਦਾ ਇਹ ਸਦਾਚਾਰਕ ਤੱਤ ਜਿਥੇ ਲੋਕ ਪਰਲੋਕ ਵਿਚ ਮਾਨਵ ਜੀਵਨ ਲਈ ਸਹਾਈ ਹੁੰਦਾ ਦਸਿਆ ਗਿਆ ਹੈ ਓਥੇ ਬਾਕੀ ਦੇ ਕਰਮ-ਕਾਂਡ, ਪੂਜਾ ਅਰਚਨਾਵਾਂ ਮਨੁੱਖ ਨੂੰ ਆਵਾਗਉਣ ਦੇ ਚਕਰਾਂ ਵਿਚ ਪਾਈ ਰਖਦੀਆਂ ਹਨ।

**ਕਟੇ ਪਾਪ ਅਸੰਖ ਨਾਵੈ ਇਕ ਕਣੀ ॥**[25]

## 2. ਵਿਅਕਤੀਗਤ ਨੈਤਿਕਤਾ :

ਗੁਰੂ ਨਾਨਕ ਬਾਣੀ ਵਿਚ ਧਾਰਮਿਕ ਨੈਤਿਕਤਾ ਦੇ ਨਾਲ ਨਾਲ ਵਿਅਕਤੀਗਤ ਪੱਧਰ ਤੇ ਅਪਣਾਏ ਜਾਣ ਵਾਲੇ ਸਦਾਚਾਰ ਬਾਰੇ ਵੀ ਵਿਆਪਕ ਰੂਪ ਵਿਚ ਚਰਚਾ ਕੀਤੀ ਗਈ ਹੈ। ਇਸ ਵਿਚ ਉਨ੍ਹਾਂ ਸਦਾਚਾਰਕ-ਤੱਤਾਂ ਦੀ ਨਿਸ਼ਾਨਦੇਹੀ ਕੀਤੀ ਗਈ ਹੈ ਜੋ ਹਰ ਮਾਨਵ ਨੂੰ ਨਿਜ ਰੂਪ ਵਿਚ ਅਪਨਾਉਣ ਦੀ ਲੋੜ ਹੈ। ਇਸ ਦੇ ਅੰਤਰਗਤ, ਨਿਮਰਤਾ, ਕਿਰਤ ਕਰਨ, ਸੱਚ ਬੋਲਣ, ਸੇਵਾ, ਧੀਰਜ, ਹੌਂਸਲਾ, ਸੰਜਮ, ਪਰਉਪਕਾਰ ਆਦਿ ਧਾਰਨ ਕਰਨ ਅਤੇ ਇਸ ਦੇ ਵਿਪਰੀਤ ਪਰਧਨ, ਪਰਤਨ, ਪਰਨਿੰਦਾ, ਝੂਠ, ਫਰੇਬ, ਠੱਗੀ, ਚੋਰੀ, ਚੁਗਲੀ, ਈਰਖਾ ਆਦਿ ਨੂੰ ਤਿਆਗਣ ਦੀ ਰੁਚੀ ਪੈਦਾ ਕਰਨ ਦੀ ਭਾਵਨਾ ਆਦਿ ਦੇ ਤੱਥ ਰੱਖੇ ਗਏ ਹਨ। ਖੂਬੀ ਇਹ ਹੈ ਕਿ ਇਨ੍ਹਾਂ ਵਿਅਕਤੀਗਤ ਨੈਤਿਕ ਪੱਖਾਂ ਦੀ ਇਸ ਬਾਣੀ ਵਿਚ ਕੇਵਲ ਚਰਚਾ ਜਾਂ ਨਿਸ਼ਾਨਦੇਹੀ ਹੀ ਨਹੀਂ ਕੀਤੀ ਗਈ ਸਗੋਂ ਮਾਨਵ-ਜੀਵਨ ਵਿਚ ਇਨ੍ਹਾਂ ਦੀ ਭੂਮਿਕਾ ਬਾਰੇ ਵੀ ਬੜੀ ਦਾਰਸ਼ਨਿਕ ਤੇ ਵਿਗਿਆਨਕ ਪੱਧਰ ਦੀ ਵਿਚਾਰ ਚਰਚਾ ਕੀਤੀ ਗਈ ਹੈ। ਵਿਅਕਤੀਗਤ ਰੂਪ ਵਿਚ ਰਹਿੰਦਾ ਵਿਅਕਤੀ ਜਦੋਂ ਬਾਕੀ ਵਿਅਕਤੀਆਂ ਨਾਲ ਸਾਂਝ ਪਾ ਲੈਂਦਾ ਹੈ ਤਾਂ ਉਹ ਸਮਾਜ ਦਾ ਹਿੱਸਾ ਬਣ ਜਾਂਦਾ ਹੈ। ਇਸੇ ਲਈ ਵਿਅਕਤੀਗਤ ਨੈਤਿਕਤਾ ਨੂੰ ਵੀ ਦੋ ਪ੍ਰਮੁਖ ਪਹਿਲੂਆਂ ਵਿਚ ਵੰਡਿਆ ਜਾਂਦਾ ਹੈ। ਪਹਿਲੇ ਪਹਿਲੂ ਦੀ ਨੈਤਿਕਤਾ ਦਾ ਸੰਬੰਧ ਉਸ ਦੇ ਅੰਤਰੀਵ ਨਾਲ ਹੁੰਦਾ ਹੈ ਜਿਸ ਦੇ ਅੰਤਰਗਤ ਉਹ ਨਿਜ ਦਾ ਵਿਕਾਸ ਕਰਦਾ ਹੈ ਅਤੇ ਦੂਜੇ ਪਹਿਲੂ ਦੇ ਅੰਤਰਗਤ ਉਹ ਆਪਣੇ ਆਲੇ ਦੁਆਲੇ ਦੇ ਜੀਵਨ ਦੀ ਸਦਾਚਾਰਕ ਉਸਾਰੀ ਇਸ ਤਰ੍ਹਾਂ ਕਰਦਾ ਹੈ ਜਿਸ ਤੋਂ ਉਸ ਨਾਲ ਜੁੜਿਆ ਸਮਾਜ ਪ੍ਰਭਾਵਤ ਹੁੰਦਾ ਹੈ। ਗੁਰੂ ਨਾਨਕ ਬਾਣੀ ਵਿਚ ਇਨ੍ਹਾਂ ਦੋਹਾਂ ਪਹਿਲੂਆਂ ਦੀ ਵਿਸਥਾਰਪੂਰਕ ਵਿਚਾਰ-ਚਰਚਾ ਪ੍ਰਾਪਤ ਹੁੰਦੀ ਹੈ ਜਿਸ ਦਾ ਪੂਰਾ ਵੇਰਵਾ ਦੇ ਸਕਣਾਂ ਤਾਂ ਇਸ ਪੇਪਰ ਵਿਚ ਸੰਭਵ ਨਹੀਂ ਹੋ ਸਕਦਾ ਹਾਂ ਇਸ਼ਾਰੇ ਮਾਤਰ ਕੁੱਝ ਹਵਾਲੇ ਜ਼ਰੂਰ ਦਿੱਤੇ ਜਾ ਰਹੇ ਹਨ ਜੋ ਇਸ ਪ੍ਰਕਾਰ ਹਨ :

## ਨਿਮਰਤਾ :

ਗੁਰੂ ਨਾਨਕ ਬਾਣੀ ਦੀ ਵਿਵਹਾਰਕ ਨੈਤਿਕਤਾ ਦਾ ਇਹ ਅਜਿਹਾ ਗੁਣ ਹੈ ਜਿਸ ਨੂੰ **ਗੁਣ ਚੰਗਿਆਈਆ ਤਤੁ**[25] ਦੀ ਸੰਗਿਆ ਦਿੱਤੀ ਗਈ ਹੈ। ਜਿਸ ਦੀ ਥਾਂ ਥਾਂ ਪੁਸ਼ਟੀ ਕੀਤੀ ਪ੍ਰਾਪਤ ਹੋ ਜਾਂਦੀ ਹੈ :

- **ਮਿਠਤੁ ਨੀਵੀ ਨਾਨਕਾ ਗੁਣ ਚੰਗਿਆਈਆ ਤਤੁ ॥**[26]
- **ਜੋ ਲੋੜਹਿ ਚੰਗਾ ਆਪਨਾ**
  **ਕਰਿ ਪੁੰਨਹੁ ਨੀਚੁ ਸਦਾਈਐ ॥**[27]
- **ਭਾਉ ਭਗਤ ਕਰਿ ਨੀਚੁ ਸਦਾਏ ॥**
  **ਤਉ ਨਾਨਕ ਮੋਖੰਤਰੁ ਪਾਇ ॥**[28]

ਉਪਰੋਕਤ ਕੁੱਝ ਹਵਾਲੇ ਇਸ ਤੱਥ ਨੂੰ ਉਭਾਰਦੇ ਹਨ ਕਿ ਨਿਮਰਤਾ, ਗੁਰੂ ਨਾਨਕ ਬਾਣੀ ਦੇ ਸਦਾਚਾਰ-ਸ਼ਾਸਤਰ ਦੀ ਪਉੜੀ ਦਾ ਉਹ ਡੰਡਾ ਹੈ, ਜਿਸ ਨੂੰ ਫੜ ਕੇ ਵਿਅਕਤੀ ਆਸਾਨੀ ਨਾਲ ਆਪਣੀ ਮੰਜ਼ਿਲ ਤੇ ਪੁਜ ਸਕਦਾ ਹੈ।

## ਕਿਰਤ ਕਰਨੀ :

ਗੁਰੂ ਨਾਨਕ ਸਾਹਿਬ ਇਸ ਤੱਥ ਤੋਂ ਭਲੀ ਭਾਂਤ ਜਾਣੂ ਸਨ ਕਿ ਵਿਹਲੜ ਤੇ ਨਿਖੱਟੂ ਮਾਨਵ, ਆਪਣੇ ਆਪ ਉੱਤੇ ਭਾਰ ਹੁੰਦਾ ਹੈ, ਪਰਿਵਾਰ ਤੇ ਭਾਰ ਹੁੰਦਾ ਹੈ ਅਤੇ ਸਮਾਜ ਤੇ ਵੀ ਭਾਰ ਹੁੰਦਾ ਹੈ। ਏਸੇ ਲਈ ਉਨ੍ਹਾਂ ਨੇ ਨਾਮ-ਜਪਣ ਦੇ ਨਾਲ ਨਾਲ ਕਿਰਤ ਕਰਨ ਨੂੰ ਵੀ ਵਿਅਕਤੀਗਤ ਵਿਵਹਾਰਕ ਨੈਤਿਕਤਾ ਦਾ ਅੰਗ ਬਣਾਇਆ। ਜੋ ਵਿਅਕਤੀ ਦਸਾਂ ਨਹੁੰਆਂ ਦੀ ਕਿਰਤ ਕਰਨ ਦੇ ਨਾਲ ਨਾਮ ਵੀ ਜਪਦਾ ਹੈ ਉਹੋ ਦੂਸਰੇ ਦੇ ਦੁਖ ਦਰਦ ਨੂੰ ਭਾਂਪ ਕੇ ਵੰਡ ਛਕਣ ਦੀ ਪਿਰਤ ਪਾਲਦਾ ਹੈ। ਏਸੇ ਲਈ ਗੁਰੂ ਨਾਨਕ ਬਾਣੀ ਵਿਚ ਕਿਰਤ ਕਰਨ ਵਾਲੀ ਇਸ ਵਿਅਕਤੀਗਤ ਨੈਤਿਕਤਾ ਦੀ ਵਿਆਪਕ ਪੱਧਰ ਵਿਚਾਰ-ਚਰਚਾ ਕੀਤੀ ਪ੍ਰਾਪਤ ਹੁੰਦੀ ਹੈ। ਨਮੂਨੇ ਵਜੋਂ ਹੇਠ ਲਿਖੇ ਹਵਾਲੇ ਧਿਆਨ ਗੋਚਰ ਕਰਨ ਦੀ ਲੋੜ ਹੈ:

- **ਘਾਲਿ ਖਾਇ ਕਿਛੁ ਹਥਹੁ ਦੇਇ ॥**
  **ਨਾਨਕ ਰਾਹੁ ਪਛਾਣਹਿ ਸੇਇ ॥**[29]
- **ਜਿਨੀ ਨਾਮੁ ਧਿਆਇਆ ਗਏ ਮਸਕਤਿ ਘਾਲਿ ॥**
  **ਨਾਨਕ ਤੇ ਮੁਖ ਉਜਲੇ ਕੇਤੀ ਛੁਟੀ ਨਾਲਿ ॥**[30]

## ਸੇਵਾ :

ਗੁਰੂ ਨਾਨਕ ਬਾਣੀ ਵਿਚ ਵਿਅਕਤੀਗਤ ਵਿਵਹਾਰਕ ਨੈਤਿਕਤਾ ਦਾ ਤੀਸਰਾ ਮਹੱਤਵਪੂਰਨ ਅੰਗ ਸੇਵਾ ਨੂੰ ਪ੍ਰਵਾਨ ਕੀਤਾ ਗਿਆ ਹੈ। ਹੈਰਾਨੀ ਹੁੰਦੀ ਹੈ ਕਿ ਜਾਤੀਵਾਦ ਸਿਸਟਮ ਅਨੁਸਾਰ ਸੇਵਾ ਕਰਨ ਵਾਲੀ ਜਮਾਤ ਨੂੰ ਪ੍ਰਚਲਤ ਪਰੰਪਰਾ ਅਨੁਸਾਰ ਸਭ ਤੋਂ ਹੇਠਾਂ ਰਖਦਿਆਂ ਸ਼ੂਦਰ ਦੀ ਉਪਾਧੀ ਦਿੱਤੀ ਗਈ ਹੈ ਜਿਸ ਦਾ ਕਰਮ ਹੀ ਉਪਰਲੀਆਂ ਤਿੰਨ ਸ਼੍ਰੇਣੀਆਂ (ਬ੍ਰਾਹਮਣ, ਖ਼ਤਰੀ, ਵੈਸ਼) ਦੀ ਸੇਵਾ ਕਰਨਾ ਹੈ। ਉਹ ਉਪਰਲੀਆਂ ਤਿੰਨ ਸ਼੍ਰੇਣੀਆਂ ਨੂੰ ਮਿਲਦੀਆਂ ਹਰ ਪ੍ਰਕਾਰ ਦੀਆਂ ਸਹੂਲਤਾਂ ਵਿਚੋਂ ਕਿਸੇ ਦਾ ਵੀ ਅਧਿਕਾਰੀ ਨਹੀਂ ਹੁੰਦਾ। ਉਪਰਲੀਆਂ ਤਿੰਨੇ ਸ਼੍ਰੇਣੀਆਂ ਲਈ ਸੇਵਾ ਕਰਨ ਵਾਲੀ ਇਹ ਸ਼੍ਰੇਣੀ ਨਫ਼ਰਤ, ਤ੍ਰਿਸਕਾਰ, ਫਿਟਕਾਰ ਅਤੇ ਅਤਿਆਚਾਰ ਸਹਿਣ ਦੀ ਪਾਤਰ ਹੈ। ਪਰ ਸਿੱਖ ਧਰਮ ਵਿਚ ਸੇਵਾ ਕਰਨ ਵਾਲਾ ਭਾਈ ਲਹਿਣਾ ਗੁਰੂ ਅੰਗਦ ਬਣਿਆ, ਭਾਈ ਅਮਰੂ, ਗੁਰੂ ਅਮਰ ਦਾਸ ਬਣਿਆ, ਘੁੰਗਣੀਆਂ ਵੇਚਣ ਵਾਲਾ ਯਤੀਮ ਭਾਈ ਜੇਠਾ, ਗੁਰੂ ਰਾਮਦਾਸ ਬਣ ਗਿਆ ਅਤੇ ਘੋੜਿਆਂ ਦੀ ਲਿਦ ਚੁੱਕਣ ਵਾਲਾ ਨਵਾਬ ਕਪੂਰ ਸਿੰਘ ਬਣਿਆ। ਏਸੇ ਲਈ ਗੁਰੂ ਨਾਨਕ ਬਾਣੀ ਨੇ ਸੇਵਾ ਦੀ ਨੈਤਿਕਤਾ ਨੂੰ ਥਾਂ ਥਾਂ ਉਜਾਗਰ ਕੀਤਾ ਹੈ।

- **ਵਿਚਿ ਦੁਨੀਆ ਸੇਵ ਕਮਾਈਐ ॥**
  **ਤਾ ਦਰਗਹ ਬੈਸਣੁ ਪਾਈਐ ॥**[31]
- **ਜੇਤੇ ਜੀਅ ਤੇਤੇ ਸਭਿ ਤੇਰੇ**
  **ਵਿਣੁ ਸੇਵਾ ਫਲੁ ਕਿਸੈ ਨਾਹੀ ॥**[32]
- **ਬਿਨੁ ਸੇਵਾ ਫਲੁ ਕਬਹੂ ਨ ਪਾਵਸਿ**
  **ਸੇਵਾ ਕਰਣੀ ਸਾਰੀ ॥**[33]

ਇਕ ਹੋਰ ਨੁਕਤਾ ਇਸ ਪ੍ਰਸੰਗ ਵਿਚ ਇਹ ਹੈ ਕਿ ਸੇਵਾ ਕਰਨ ਵਾਲਾ ਵਿਅਕਤੀ ਹੰਕਾਰ-ਰਹਿਤ ਹੁੰਦਾ ਹੈ। ਹੰਕਾਰ-ਰਹਿਤ ਵਿਅਕਤੀ ਹੀ ਮਾਨਵ-ਸੇਵਾ ਕਰ ਸਕਦਾ ਹੈ। ਮਾਨਵ-ਸੇਵਾ ਕਰਨ ਵਾਲਾ ਹੀ ਨਾਮ-ਸਿਮਰਨ ਨਾਲ ਜੁੜਦਾ ਹੈ ਅਤੇ ਨਾਮ-ਸਿਮਰਨ ਨਾਲ ਜੁੜਿਆਂ ਹੀ, ਵਿਸਮਾਦਕ-ਆਨੰਦ ਪ੍ਰਾਪਤ ਕਰਦਾ ਹੈ। ਵਿਸਮਾਦਕ ਅਨੰਦ ਪ੍ਰਾਪਤ ਕਰਨ ਵਾਲਾ ਵਿਅਕਤੀ ਹੀ ਪਰਮ-ਆਨੰਦ ਦੀ ਪਦਵੀ ਨੂੰ ਪ੍ਰਾਪਤ ਕਰਦਾ ਹੈ।

ਗੌਰਤਲਬ ਹੈ ਕਿ ਗੁਰੂ ਨਾਨਕ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ 'ਚ ਵਿਅਕਤੀਗਤ ਵਿਵਹਾਰਕ ਨੈਤਿਕਤਾ ਦੇ ਅੰਤਰਗਤ ਸੱਚ ਅਥਵਾ ਪ੍ਰਭੂ ਨਾਲ ਜੁੜਨ **ਪਾਰਬ੍ਰਹਮੁ ਪਰਮੇਸਰੁ ਗੁਰਮੁਖਿ ਜਾਣਿਆ॥**[34] ਧੀਰਜ, ਸਹਿਨਸ਼ੀਲਤਾ, ਸਹਜ, ਸਬਰ, ਸੰਤੋਖ **ਕਹਤਉ ਪੜਤਉ ਸੁਣਤਉ ਏਕ ॥ ਧੀਰਜ ਧਰਮੁ ਧਰਣੀਧਰ ਟੇਕ ॥**[35] ਖਾਣ-ਪੀਣ, ਸੌਣ, ਬੋਲਣ ਚਾਲਣ, ਭੋਗ ਵਿਲਾਸ, ਵਰਤ, ਵਿਹਾਰ ਵਿਚ ਸੰਜਮ **ਖ਼ਿਮਾ ਗਹੀ ਬ੍ਰਤੁ ਸੀਲ ਸੰਤੋਖੰ ॥ ਰੋਗੁ ਨ ਬਿਆਪੈ ਨ ਜਮ ਦੋਖੰ॥**[36] ਦੁਬਿਧਾ ਤੋਂ ਬਚਣਾ **ਦੁਬਿਧਾ ਬਉਰੀ ਮਨੁ ਬਉਰਾਇਆ ॥ ਝੂਠੈ ਲਾਲਚਿ ਜਨਮੁ ਗਵਾਇਆ ॥**[37] ਪਰਉਪਕਾਰ **ਓਇ ਦਰਗਹ ਪੈਧੇ ਸਤਿਗੁਰੂ ਛਡਾਏ ॥**[38] ਅਤੇ **ਅਉਗਣੁ ਜਾਣੈ ਤ ਪੁੰਨ ਕਰੇ ਕਿਉ ਕਿਉ ਨੇਖਾਸਿ ਬਿਕਾਈ ॥**[39] ਆਦਿ ਅਜਿਹੇ ਗੁਣ ਦਰਸਾਏ ਗਏ ਹਨ ਜਿਨ੍ਹਾਂ ਦੀ ਪਾਲਣਾ ਕਰਨ ਵਾਲਾ ਵਿਅਕਤੀ ਲੋਕ ਸੁਖੀ ਤੇ ਪਰਲੋਕ ਸੁਹੇਲਾ ਬਣਾ ਸਕਦਾ ਹੈ।

## 3. ਵਿਅਕਤੀ ਅਤੇ ਸਮਾਜ

ਗੁਰੂ ਨਾਨਕ ਬਾਣੀ ਦੇ ਵਿਵਹਾਰਕ ਨੈਤਿਕ ਸਰੋਕਾਰ ਵਿਅਕਤੀ ਅਤੇ ਸਮਾਜ ਦੇ ਆਪਸੀ ਸੰਬੰਧਾਂ ਨੂੰ ਹਾਂ ਪੱਖੀ ਦ੍ਰਿਸ਼ਟੀ

ਤੋਂ ਉਭਾਰਦੇ ਹਨ। ਪਰੰਪਰਾਗਤ ਭਾਰਤੀ ਚਿੰਤਨ, ਸਮਾਜਿਕ ਜੀਵਨ ਨੂੰ ਝੂਠਾ, ਮਾਇਆ, ਛਲ, ਮਿਥਿਆ ਆਦਿ ਮੰਨਦਾ ਸੀ ਅਤੇ ਮਾਨਵ-ਸਮਾਜ ਦੇ ਸਰੋਕਾਰਾਂ ਨੂੰ ਮੁੱਢੋਂ ਹੀ ਨਜ਼ਰ ਅੰਦਾਜ਼ ਕਰਦਾ ਸੀ। ਜੋਗ-ਸਾਧਨਾ, ਸੰਨਿਆਸ ਅਤੇ ਤਿਆਗਵਾਦ ਨੇ ਮਾਨਵ-ਸੋਚ ਵਿਚ ਸਮਾਜ-ਪ੍ਰਤੀ ਭਾਂਜਵਾਦੀ ਰੁਚੀਆਂ ਪੈਦਾ ਕਰ ਦਿੱਤੀਆਂ ਸਨ। ਸਿੱਟਾ ਇਹ ਨਿਕਲਿਆ ਕਿ ਮਨੁਖ ਵਿਅਕਤੀਗਤ-ਵਿਕਾਸ ਤਕ ਸੀਮਿਤ ਹੋ ਕੇ ਰਹਿ ਗਿਆ। ਇਸ ਰੁਚੀ ਨੇ ਮਾਨਵ-ਸੋਚ ਵਿਚ ਜੀਵਨ ਨੂੰ ਇਕ ਬੋਝ ਤੇ ਸਰਾਪ ਸਮਝਣ ਕਾਰਨ ਸੰਸਾਰ ਤੋਂ ਉਪਰਾਮ ਕਰ ਦਿੱਤਾ। **ਘਰਿ ਘਰਿ ਮਾਗੈ ਜਗੁ ਪਰਬੋਧੈ ਮਨਿ ਅੰਧੈ ਪਤਿ ਹਾਰੀ ॥**[40] ਆਖ ਮਨੁੱਖ ਨੂੰ ਆਪਣੇ ਜੀਵਨ ਦੀ ਕੀਮਤ ਨੂੰ ਪਹਿਚਾਨਣ, **ਗੁਰੁ ਪੀਰੁ ਸਦਾਇ ਮੰਗਣ ਜਾਇ॥ ਤਾ ਕੈ ਮੂਲਿ ਨ ਲਗੀਐ ਪਾਇ ॥**[41] ਦਸ ਕੇ, ਸਮਾਜਿਕ ਜੀਵਨ ਨਾਲ ਜੋੜਨ ਦੀ ਅਹਿਮ ਭੂਮਿਕਾ ਨਿਭਾਈ। ਵਿਸ਼ੇਸ਼ਤਾ ਇਹ ਕਿ ਆਪ ਜੀ ਨੇ ਮਨੁੱਖ ਨੂੰ ਹੈਵਾਨੀ ਜ਼ਿੰਦਗੀ ਵੱਲ ਮੁੜਨ ਦੀ ਥਾਂ ਦੈਵੀ ਜ਼ਿੰਦਗੀ ਵੱਲ ਵੱਧਣ ਦੀ ਪ੍ਰੇਰਨਾ ਕੀਤੀ। ਮਾਨਵ-ਸੋਚ ਵਿਚ ਸਰਬ ਸਾਂਝੀਵਾਲਤਾ, ਪ੍ਰੇਮ-ਪਿਆਰ, ਸਹਿਣਸ਼ੀਲਤਾ ਅਤੇ ਨਿਰਲੇਪਤਾ ਦੀ ਭਾਵਨਾ ਇਨ੍ਹਾਂ ਨੇ ਹੀ ਪੈਦਾ ਕੀਤੀ ਜੋ ਵਿਸਥਾਰ ਪੂਰਵਕ ਆਪ ਜੀ ਦੀ ਬਾਣੀ ਵਿਚ ਪ੍ਰਾਪਤ ਹੁੰਦੀ ਹੈ। ਇਸ ਸੰਦਰਭ ਵਿਚ ਹੇਠ ਲਿਖੇ ਹਵਾਲੇ ਸਨਮੁਖ ਰਖਣ ਦੀ ਲੋੜ ਹੈ :

### ਰੱਬੀ ਏਕਤਾ :

ਇਸ ਨੈਤਿਕ ਸਰੋਕਾਰਾਂ ਦੇ ਸਰੂਪ ਤੇ ਸੰਦਰਭ ਦੀ ਪਹਿਲੀ ਕੜੀ ਹੈ ਸਾਰੇ ਮਾਨਵ-ਸੰਸਾਰ ਨੂੰ ਇਕ ਅਕਾਲ ਪੁਰਖ ਦੀ ਰਚਨਾ ਸਵੀਕਾਰ ਕਰਕੇ ਸਾਰੇ ਮਨੁੱਖਾਂ ਨੂੰ ਉਸ ਇਕੋ ਅਕਾਲ ਪੁਰਖ ਦੇ ਪੁਤਰ, ਭਾਈ ਸਮਝਣਾ।

**ਸਭ ਮਹਿ ਜੋਤਿ ਜੋਤਿ ਹੈ ਸੋਇ ॥**
**ਤਿਸ ਦੈ ਚਾਨਣਿ ਸਭ ਮਹਿ ਚਾਨਣੁ ਹੋਇ ॥**[42]

ਏਸੇ ਲਈ ਆਪ ਜੀ ਮਨੁੱਖ ਨੂੰ ਆਪਸੀ ਸਾਂਝ ਵਧਾਉਣ ਅਤੇ ਇਕ ਦੂਜੇ ਨਾਲ ਸਾਂਝ ਪਾਉਣ ਲਈ ਵਿਚਾਰ-ਚਰਚਾ ਕਰਨ ਸਮੇਂ ਪਹਿਲੋਂ ਸੁਣਨ ਤੇ ਫਿਰ ਕਹਿਣ ਦੀ ਪ੍ਰੇਰਨਾ ਕਰਦੇ ਹਨ ਕਿ **ਜਬ ਲਗੁ ਦੁਨੀਆ ਰਹੀਐ ਨਾਨਕ ਕਿਛੁ ਸੁਣੀਐ ਕਿਛੁ ਕਹੀਐ ॥** ਇਸ ਸੁਣਨ, ਕਹਿਣ ਦੀ ਪ੍ਰਕਿਰਿਆ ਵਿਚ ਹੀ ਆਪਸੀ ਮਤ ਭੇਦ ਮਿਟਾਏ ਜਾ ਸਕਦੇ ਹਨ।

### ਸਹਿਣਸ਼ੀਲਤਾ :

ਗੁਰੂ ਨਾਨਕ ਬਾਣੀ ਵਿਚ ਨੈਤਿਕ ਸਰੋਕਾਰਾਂ ਦੇ ਅੰਤਰਗਤ ਜਿਥੇ ਰਬੀ ਏਕਤਾ ਦੇ ਸੰਕਲਪ ਰਾਹੀਂ ਆਪਸੀ ਸਹਿਯੋਗ, ਮਿਲਵਰਤਨ, ਸਤਿ ਤੇ ਗਿਆਨ ਦੇ ਮਾਧਿਅਮ ਰਾਹੀਂ ਭਾਵਕ-ਏਕਤਾ ਵਿਚਾਰਾਂ ਦਾ ਆਦਾਨ-ਪ੍ਰਦਾਨ ਕਰਨ ਦੀ ਭਾਵਨਾ ਦ੍ਰਿੜ੍ਹ ਕਰਾਉਂਦੀ ਹੈ ਓਥੇ ਮਾਨਵ-ਸੋਚ ਨੂੰ ਸਹਿਣਸ਼ੀਲਤਾ ਅਪਨਾਉਣ ਦੀ ਪ੍ਰੇਰਨਾ ਕਰਦੀ ਹੈ। ਅਜਿਹਾ ਕਰਨਾ ਇਸ ਲਈ ਜ਼ਰੂਰੀ ਸੀ ਕਿਉਂਕਿ ਹਰੇਕ ਸਮਾਜ ਵਿਚ ਵਿਭਿੰਨ ਵਿਚਾਰਾਂ, ਧਰਮਾਂ, ਜਾਤਾਂ, ਨਸਲਾਂ, ਰੰਗਾਂ ਆਦਿ ਦੇ ਲੋਕ ਵਸਿਆ ਕਰਦੇ ਹਨ। ਉਨ੍ਹਾਂ ਦੇ ਵਿਚਾਰ, ਆਹਾਰ, ਵਿਵਹਾਰ ਵੀ ਵਿਭਿੰਨ-ਪੱਧਰ ਦੇ ਹੁੰਦੇ ਹਨ। ਅਜਿਹੀ ਸਥਿਤੀ ਵਿਚ ਇਕਸੁਰਤਾ ਤੇ ਭਾਵਕ-ਏਕਤਾ ਓਦੋਂ ਤੱਕ ਕਾਇਮ ਰੱਖ ਸਕਣੀ ਸੰਭਵ ਨਹੀਂ ਹੋ ਸਕਦੀ ਜਦੋਂ ਤਕ ਇਕ ਦੂਜੇ ਦੇ ਸਭਿਆਚਾਰਕ ਜੀਵਨ ਨੂੰ ਸਹਿਣ ਕਰਨ ਦੀ ਭਾਵਨਾ ਪੈਦਾ ਨਹੀਂ ਹੋਵੇਗੀ। ਸਹਿਣਸ਼ੀਲਤਾ ਖ਼ੇਤਰ ਵਿਚ ਰਹਿੰਦਿਆਂ ਆਪਣੀਆਂ ਸਮਾਜਿਕ ਜ਼ਿੰਮੇਵਾਰੀਆਂ ਪੂਰੀਆਂ ਕਰਨ ਦੇ ਸਮਰਥ ਬਣਿਆ ਜਾ ਸਕਦਾ ਹੈ। ਏਸੇ ਲਈ ਸਹਿਣਸ਼ੀਲਤਾ ਦੇ ਗੁਣ ਨੂੰ ਧਾਰਨ ਕਰਨ ਲਈ ਜ਼ੋਰਦਾਰ ਪ੍ਰੇਰਨਾ ਕੀਤੀ ਗਈ ਹੈ ਕਿ :

**ਆਵਹੁ ਭੈਣੇ ਗਲ ਮਿਲਹ ਅੰਕਿ ਸਹੇਲੜੀਆਹ ॥**[43]

ਉਪਰੋਕਤ ਵਿਚਾਰ-ਚਰਚਾ ਦੇ ਸਨਮੁਖ ਸੰਖੇਪ ਵਿਚ ਏਹੋ ਆਖਿਆ ਜਾ ਸਕਦਾ ਹੈ ਕਿ ਗੁਰੂ ਨਾਨਕ ਬਾਣੀ ਵਿਚ ਉਸਾਰਿਆ ਗਿਆ ਨੈਤਿਕਤਾ ਦੇ ਸਰੋਕਾਰਾਂ ਦਾ ਸਰੂਪ ਤੇ ਸੰਦਰਭ, ਮਾਨਵ-ਚੇਤਨਾ ਵਿਚ ਅਜਿਹੀ ਸੋਚ ਪੈਦਾ ਕਰਨ ਵਾਲਾ ਹੈ ਜੋ ਮਨੁੱਖ ਨੂੰ ਕਰਮ-ਖੇਤਰ ਵਿਚ ਸਮੁਚੀ ਮਾਨਵ-ਜਾਤੀ ਦੀ ਭਲਾਈ ਹਿਤ ਸਮਾਜਿਕ ਜ਼ਿੰਮੇਵਾਰੀ ਨੂੰ ਨਿਭਾਉਣ ਹਿਤ ਕਾਰਜਸ਼ੀਲ ਹੋਣ ਦੀ ਪ੍ਰੇਰਣਾ ਕਰਦਾ ਹੈ। ਇਸ ਸਮਾਜਿਕ ਜ਼ਿੰਮੇਵਾਰੀ ਨੂੰ ਨਿਭਾਉਣ ਸਮੇਂ ਗੁਰੂ ਨਾਨਕ ਦੇਵ ਜੀ ਨੇ ਬਾਬਰ ਦੀ ਫੌਜ ਨੂੰ ਪਾਪ ਦੀ ਜੰਞ ਜ਼ੋਰ ਜੁਲਮ ਕਰਨ ਵਾਲੇ ਰਾਜਿਆਂ ਨੂੰ ਸ਼ੀਹ ਅਤੇ ਉਨ੍ਹਾਂ ਦੇ ਹਾਕਮਾਂ ਨੂੰ ਕੁਤੇ ਕਹਿਣ ਸਮੇਂ ਸੰਕੋਚ ਨਹੀਂ ਕੀਤਾ। ਘਰ ਬਾਰ ਛੱਡ ਕੇ ਪਰਿਵਾਰ ਤੇ ਸਮਾਜਿਕ ਜ਼ਿੰਮੇਵਾਰੀਆਂ ਤੋਂ ਮੂੰਹ ਮੋੜ ਕੇ ਜੰਗਲਾਂ ਵਲ ਰੁਖ ਕਰਨ ਦੀ ਥਾਂ ਗ੍ਰਹਿਸਤ ਧਰਮ ਨੂੰ ਪ੍ਰਮੁਖਤਾ ਦਿੱਤੀ **ਮਨਮੁਖ ਲਹਰਿ ਘਰੁ ਤਜਿ ਵਿਗੂਚੈ ਅਵਰਾ ਕੇ ਘਰ ਹੇਰੈ ॥ ਗ੍ਰਿਹ ਧਰਮੁ ਗਵਾਏ ਸਤਿਗੁਰੁ ਨ ਭੇਟੈ ਦੁਰਮਤਿ ਘੂਮਨ ਘੇਰੈ ॥**[44] ਏਸੇ ਲਈ ਗੁਰੂ ਨਾਨਕ ਬਾਣੀ **ਗ੍ਰਿਹ ਕੁਟੰਬ ਮਹਿ ਸਦਾ ਉਦਾਸ**[45] ਵਾਲੇ ਮਾਰਗ ਨੂੰ ਅਪਨਾਉਣ ਦੀ ਹਾਮੀ ਭਰਦੀ ਹੈ। ਗੁਰੂ ਨਾਨਕ ਬਾਣੀ ਦੀ ਇਸ ਨੈਤਿਕਤਾ ਦੀ ਪ੍ਰਮੁਖ ਵਿਸ਼ੇਸ਼ਤਾ ਹੀ ਇਹ ਹੈ ਕਿ ਇਸ ਦੇ ਸਰੋਕਾਰ ਕੇਵਲ ਵਿਅਕਤੀਗਤ-ਵਿਕਾਸ ਤਕ ਸੀਮਿਤ ਨਹੀਂ। ਇਸ ਦਾ ਘੇਰਾ ਸਮਸਤ ਮਾਨਵ-ਸੰਸਾਰ ਤਕ ਫ਼ੈਲਦਾ ਹੈ। ਆਪਣੀ ਕਥਨੀ ਤੇ ਕਰਨੀ ਵਿਚ ਉਨ੍ਹਾਂ ਨੇ ਇਕਸੁਰਤਾ ਪੈਦਾ ਕਰਦਿਆਂ, ਦੇਸ਼ ਕਾਲ ਦੀਆਂ ਸਮਕਾਲੀਨ ਮਜਬੂਰੀਆਂ ਦੇ ਬਾਵਜੂਦ ਸਿਧ ਕਰ ਦਿੱਤਾ ਕਿ ਉਹ ਅਧਿਆਤਮਵਾਦੀ ਹੁੰਦੇ ਹੋਏ, ਮਾਨਵ-ਸਮਾਜ ਦੇ ਵਿਕਾਸ ਲਈ ਪੂਰੇ ਚੇਤੰਨ ਤੇ ਚਿੰਤਤ ਸਨ। ਏਸੇ ਲਈ ਮਾਨਵਵਾਦੀ ਦ੍ਰਿਸ਼ਟੀਕੋਨ ਤੋਂ ਗੁਰੂ ਨਾਨਕ ਬਾਣੀ ਦੇ ਨੈਤਿਕ ਸਰੋਕਾਰ ਦੀ ਵਿਵਹਾਰਕਤਾ ਦਾ ਸਥਾਨ ਬਹੁਤ ਉਚਾ ਮੰਨਿਆ ਜਾਂਦਾ ਹੈ।

ਦਰਅਸਲ ਮਨੁਖ ਹੈ ਕੀ? ਇਸ ਦੀ ਹੋਂਦ ਦਾ ਉਦੇਸ਼ ਕੀ

ਹੈ? ਇਹ ਕਿਥੋਂ ਆਉਂਦਾ ਹੈ ਤੇ ਕਿੱਥੇ ਜਾਂਦਾ ਹੈ ਆਦਿ ਅਜਿਹੇ ਬੁਨਿਆਦੀ ਪ੍ਰਸ਼ਨ ਹਨ ਜੋ ਆਦਿ-ਕਾਲ ਤੋਂ ਹੀ ਮਾਨਵ-ਜੀਵਨ ਨਾਲ ਜੁੜੇ ਹੋਏ ਹਨ।

ਗੁਰੂ ਨਾਨਕ ਬਾਣੀ ਦੇ ਨੈਤਿਕ ਸਰੋਕਾਰ ਮਨੁੱਖ ਨੂੰ ਇਸ ਪੱਖੋਂ ਸਾਵਧਾਨ ਕਰਦੇ ਹਨ ਕਿ **ਐਸੀ ਕਲਾ ਨ ਖੇਡੀਐ ਜਿਤੁ ਦਰਗਹ ਗਇਆ ਹਾਰੀਐ ॥**[46] ਕਿਉਂਕਿ ਮਾਨਵ ਜੀਵਨ ਉਦੇਸ਼ **ਪ੍ਰਾਣੀ ਹਰਿ ਜਪਿ ਜਨਮੁ ਗਇਓ ॥**[47] ਇਸ ਨੈਤਿਕਤਾ ਦੇ ਸੰਗੀਤ ਦੀ ਪ੍ਰਧਾਨ ਸੁਰ ਨਿਰਧਾਰਤ ਕੀਤੀ ਗਈ ਹੈ। ਅਜਿਹੇ ਸਦਾਚਾਰ-ਗੁਣਾਂ ਨਾਲ ਸੰਪੰਨ, ਗੁਰੂ ਨਾਨਕ ਬਾਣੀ ਵਿਚ ਪ੍ਰਦਰਸ਼ਤ ਹੁੰਦਾ ਨੈਤਿਕਤਾ ਦਾ ਸਰੂਪ ਤੇ ਸੰਦਰਭ ਮਾਨਵ-ਸੰਸਾਰ ਵਿਚ ਵਿਚਰਦੇ ਮਨੁੱਖ ਦੇ ਵਿਅਕਤੀਗਤ ਅਤੇ ਭਾਈਚਾਰਕ ਜੀਵਨ ਦੀ ਉਚ-ਸੁਚ ਦੀ ਉਤਮਤਾ ਦੇ ਨਿਰੋਏ ਤੇ ਨਿਗਰ ਆਧਾਰ ਸਿਰਜਦਾ ਹੈ। ਇਸ ਦੇ ਅੰਤਰਗਤ ਨਿਰਧਾਰਤ ਨਿਯਮਾਂਵਲੀ ਦੀ ਪਾਲਨਾ ਹੀ **ਸਭੁ ਕੋ ਤੇਰਾ ਤੂੰ ਸਭਨਾ ਕਾ ਸੋਇ ॥**[48] ਦੀ ਭਾਵਨਾ ਵਾਲੇ ਮਾਨਵ-ਸਮਾਜ ਦੀ ਸਿਰਜਨਾ ਕਰ ਸਕਦੀ ਹੈ। ਇਸ ਦ੍ਰਿਸ਼ਟੀਕੋਣ ਤੋਂ ਗੁਰੂ ਨਾਨਕ ਬਾਣੀ ਵਿਚ ਪ੍ਰਕਾਸ਼ ਹੁੰਦੇ ਨੈਤਿਕ ਸਰੋਕਾਰਾਂ ਦੀ ਵਿਵਹਾਰਕਤਾ ਨੂੰ ਗੰਭੀਰਤਾ ਨਾਲ ਵਿਚਾਰਨ ਦੀ ਲੋੜ ਹੈ। ਅਜਿਹਾ ਉਪਰਾਲਾ ਹੀ ਮਾਨਵ-ਸੁਰਤ, ਮਤਿ, ਮਨ, ਬੁਧਿ ਨੂੰ, ਸੁਰਾਂ ਸਿਧਾ ਵਾਲੀ ਘਾੜਤ ਵਿਚ ਘੜ ਸਕਦਾ ਹੈ।

—●-●—


– ਜਸਬੀਰ ਸਿੰਘ ਸਾਬਰ (ਡਾ.)

ਮੋਬਾਇਲ : 09888460180


**ਹਵਾਲੇ :**


1-6 ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ 1251, 1243, 142, 764, 472, 2, 4

7-8 ਗੁਰਭਗਤ ਸਿੰਘ (ਡਾ.) ਵਿਸ਼ਵ ਚਿੰਤਨ ਅਤੇ ਪੰਜਾਬੀ ਸਾਹਿਤ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, 2003.

9. ਗੁਰੂ ਗ੍ਰੰਥ ਸਾਹਿਬ, ਪੰਨਾ 4.

10. ਸੁਰਿੰਦਰ ਸਿੰਘ ਕੋਹਲੀ (ਡਾ.), (ਗੁਰੂ ਨਾਨਕ ਦੀ ਸਦਾਚਾਰਕ ਨੀਤੀ) ਗੁਰੂ ਨਾਨਕ ਜੀਵਨ ਦਰਸ਼ਨ ਤੇ ਕਾਵਿ ਕਲਾ, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ, ਪੰਨਾ 65

11. ਵਜ਼ੀਰ ਸਿੰਘ (ਡਾ.) ਸਿੱਖ ਦਰਸ਼ਨਧਾਰਾ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1995, ਪੰਨੇ 1188, 2,1035

12-14 ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ 1188, 2, 1035

15. ਕਾਨ੍ਹ ਸਿੰਘ, ਨਾਭਾ, ਗੁਰਸ਼ਬਦ ਰਤਨਾਕਰ ਮਹਾਨ ਕੋਸ਼, ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, 1960, ਪੰਨਾ 151.

16. ਪਦਮ, ਪਿਆਰਾ ਸਿੰਘ, ਸ੍ਰੀ ਗੁਰੂ ਗ੍ਰੰਥ ਸਾਹਿਬ, ਕਲਮ ਮੰਦਰ ਪਟਿਆਲਾ, 1977, ਅੰਗ 143-144

17-48 ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ 434, 635, 728, 1232, 432, 470, 258, 831, 1283, 470, 465, 470, 1245, 8, 26, 354, 992, 1281, 223, 1342, 311, 1028, 1344, 1012-13, 1245, 663, 17, 1012, 232, 469, 1125, 151.


## ਸ਼ਹਿਰ ਤਲਵੰਡੀ ਦਾ

ਉਹ ਸ਼ਹਿਰ ਤਲਵੰਡੀ ਦਾ ਕਾਲੂ ਦਾ ਤ੍ਰਿਪਤਾ ਦਾ
ਰਾਇ ਬੁਲਾਰ ਦੀ ਵਾਦੀ ਸੀ ਜਿਥੇ ਜੰਮਿਆ ਸੀ ਨਾਨਕ।
ਜਿੱਥੇ ਪੜ੍ਹਨੇ ਪਾਇਆ ਸੀ ਪਾਂਧੇ ਨੂੰ ਪੜਾਇਆ ਸੀ
ਪੈਂਤੀ ਲਿਖ ਪੱਟੀ 'ਤੇ ਬ੍ਰਹਮ ਗਿਆਨ ਸਿਖਾਇਆ ਸੀ।

ਜਿੱਥੇ ਚਾਰੀਆਂ ਸੀ ਮੱਝਾਂ ਉਹ ਖੇਤ ਹਰੇ ਰਹੇ
ਭੱਟੀ ਦੇ ਉਲਾਂਭੇ ਦਾ ਕੁੱਝ ਵੱਸ ਨਹੀਂ ਚੱਲਿਆ।

ਜਿੱਥੇ ਮਰਦਾਨਾ ਜਿਹਾ ਸਾਥੀ ਇੱਕ ਡੂੰਮ ਤੇ ਰਬਾਬੀ
ਹਰ ਪਲ ਨਾਲ ਰਿਹਾ ਨਾਨਕ ਦਾ ਬਣ ਛਾਇਆ।

ਜਿੱਥੇ ਜਨੇਊ ਕੀ ਪਾਉਣਾ ਸੀ ਸੱਚ ਸੰਤੋਖ ਨਿਭਾਇਆ ਸੀ
ਦਇਆ ਦੀ ਰੱਖ ਬਿਰਤੀ ਪੰਡਿਤ ਨੋ ਫੁਰਮਾਇਆ ਸੀ।

ਜਿੱਥੇ ਰਹੇ ਸਮਾਧੀਆਂ 'ਚ ਸਾਧਾਂ ਦਾ ਸੰਗ ਕਰੇ
ਗਿਆਨ ਦੀ ਕੋਈ ਗੱਲ ਮੂਹਰੇ ਜਾ ਧਰਦਾ।

ਕਦੇ ਗਾਉਂਦਾ ਵਿੱਚ ਵਾਦੀਆਂ ਉਹ ਸੁਰ ਇਲਾਹੀ ਦਾ
ਵੈਦ ਬੁਲਾਇਆ ਕਾਲੂ ਨੇ ਜੋ ਫ਼ਕੀਰੀ ਰੋਗ ਜਾਣੇ ਨਾ।

ਜਿੱਥੋਂ ਵੀਹ ਰੁਪਇਆ ਦਾ ਕਿਰਤ ਸੌਦਾ ਕਰ ਸੱਚਾ
ਗਰੀਬ ਦਾ ਮੂੰਹ ਸਮਝ ਗੋਲਕ ਭੁੱਖਿਆਂ ਨੂੰ ਰਜਾ ਦਿੱਤਾ।

ਪਿਤਾ ਮਾਰੀਆਂ ਸੀ ਝਿੜਕਾਂ ਸਭ ਚੁੱਪ 'ਤੇ ਸਹਿ ਲਿਆ
ਭੈਣ ਨਾਨਕੀ ਆ ਅੱਗੇ ਵੀਰ ਦਾ ਬਚਾਅ ਕੀਤਾ।

ਜਿੱਥੋਂ ਤੁਰਿਆ ਉਦਾਸੀਆਂ ਨੂੰ ਉਹ ਜ਼ਿੰਮੇਵਾਰੀ ਲੈ ਕੇ
ਰਾਹ ਸਿੱਧੇ ਪਾਵਣ ਲਈ ਬੇੜਾ ਪਾਰ ਲਗਾ ਦਿੱਤਾ।

ਉਹ ਸਭਾ ਦਾ ਸਾਂਝਾ ਸੀ ਤੇ ਅੱਜ ਵੀ ਸਭ ਦਾ ਏ
ਉਹਦਾ ਘਰ ਹੈ ਧਰਮਸ਼ਾਲ ਵਿੱਚ ਕੀਰਤਨ ਚਲਾ ਦਿੱਤਾ।

ਉਹ ਨਨਕਾਣੇ ਦਾ ਸੂਰਜ ਉਹ ਸੱਚ ਦਾ ਪਾਂਧੀ
ਜੁੜਿਆ ਸੀ ਨਾਲ ਸੱਚ ਦੇ ਬਾਣੀ 'ਚ ਸੱਚ ਸੁਣਾ ਦਿੱਤਾ।


– ਡਾ. ਅਮਨਪ੍ਰੀਤ ਸਿੰਘ

ਮੋਬਾਇਲ : 7973328390



# ਗੁਰੂ ਨਾਨਕ ਬਾਣੀ

## ਬਾਰਹਮਾਹ ਤੁਖਾਰੀ ਵਿੱਚ ਵਿਵਹਾਰਿਕ ਨੈਤਿਕਤਾ

ਮਨੁੱਖ ਨੂੰ ਸਮਾਜਿਕ ਪ੍ਰਾਣੀ ਦਾ ਦਰਜਾ ਦਿੱਤਾ ਗਿਆ ਹੈ, ਜਿਸ ਤੋਂ ਭਾਵ ਹੈ ਕਿ ਸੁਭਾਵਕ ਤੌਰ 'ਤੇ ਮਨੁੱਖ ਹੋਰਨਾਂ ਦੇ ਸਾਥ ਵਿੱਚ ਰਹਿਣ ਵਾਲਾ ਜੀਵ ਹੈ। ਪਰ ਜੇਕਰ ਮਨੁੱਖ ਪੂਰਨ ਰੂਪ ਵਿੱਚ 'ਸਮਾਜਿਕ' ਹੁੰਦਾ ਤਾਂ ਉਸ ਨੂੰ ਸਮਾਜ ਵਿੱਚ ਆਪਣਾ ਵਤੀਰਾ ਠੀਕ ਰੱਖਣ ਲਈ ਕਿਸੇ ਨੈਤਿਕ ਨਿਯਮ ਦੀ ਲੋੜ ਨਾ ਹੁੰਦੀ। ਉਸ ਵਿਚ ਸਮਾਜਿਕ ਅੰਸ਼ ਮੌਜੂਦ ਹੈ; ਪਰ ਨਾਲ ਹੀ ਵਿਅਕਤੀਗਤ ਭਾਵਨਾ ਵੀ ਪ੍ਰਬਲ ਹੈ। ਇਸ ਸੰਭਾਵੀ ਤੇ ਅਧੂਰੇ ਸਮਾਜਿਕ ਪ੍ਰਾਣੀ ਨੂੰ,ਆਪਣੇ ਸਾਥੀਆਂ ਨਾਲ ਸੁਖਾਵੇਂ ਸੰਬੰਧ ਸਥਾਪਿਤ ਕਰਨ ਹਿਤ, ਧਰਮ ਅਤੇ ਸਦਾਚਾਰ ਲਗਾਤਾਰ ਅਗਵਾਈ ਦੇਂਦੇ ਰਹੇ ਹਨ। ਨੈਤਿਕ ਨਿਯਮਾਂ ਦੀ ਸਥਾਪਨਾ ਦਾ ਮੁੱਖ ਆਧਾਰ ਵਿਅਕਤੀ ਜੀਵਨ ਦੀ ਉਹ ਲੋੜ ਹੈ, ਜਿਸ ਅਨੁਸਾਰ ਸਮੂਹਿਕ ਹਿੱਤਾਂ ਦੀ ਘੱਟ ਤੋਂ ਘੱਟ ਉਲੰਘਣਾ ਕੀਤਿਆਂ ਵਿਅਕਤੀਗਤ ਹਿੱਤਾਂ ਦੀ ਪੂਰਤੀ ਹੁੰਦੀ ਰਹੇ। ਇਨ੍ਹਾਂ ਨਿਯਮਾਂ ਦੀ ਮੰਗ ਹੈ ਕਿ ਜਿੱਥੇ ਕਿਧਰੇ ਵਿਅਕਤੀ ਲੋਭ ਜਾਂ ਲਾਲਸਾ ਵੱਸ ਅਜਿਹਾ ਕਰਨ ਲਈ ਪ੍ਰੇਰਿਆ ਜਾਵੇ, ਜਿਸ ਨਾਲ ਉਸ ਦੇ ਸੰਗੀਆਂ-ਸਾਥੀਆਂ ਜਾਂ ਸਮਾਜਿਕ ਢਾਂਚੇ ਨੂੰ ਹਾਨੀ ਹੁੰਦੀ ਹੋਵੇ, ਤਾਂ ਉਹ ਇਸ ਕਰਮ ਤੋਂ ਹੋੜਿਆ ਰਹੇ।[1]

ਨੈਤਿਕ ਫ਼ਲਸਫਾ ਮਨੁੱਖੀ ਜੀਵਨ ਦੀ ਅਲੋਚਨਾ ਹੈ ਜਾਂ ਸੁਕਰਾਤ ਦੇ ਸ਼ਬਦਾਂ ਵਿੱਚ ਜੀਵਨ ਦੀ ਪਰਖ-ਪੜਤਾਲ ਹੈ।[2] ਵਿਵਹਾਰਿਕ ਨੈਤਿਕਤਾ ਸਾਡੇ ਵਿਵਹਾਰ ਨੂੰ ਚੰਗਿਆਈ ਵਿਚ ਢਾਲਦੀ ਹੈ। ਮਨੁੱਖ ਸਮਾਜ ਵਿੱਚ ਰਹਿੰਦਾ ਹੋਇਆ ਆਪਣੀਆਂ ਲੋੜਾਂ ਲਈ ਹੋਰਨਾਂ ਜੀਵਾਂ ਉੱਪਰ ਨਿਰਭਰ ਕਰਦਾ ਹੈ। ਜਿਸ ਕਾਰਨ ਉਸ ਨੂੰ ਹੋਰਨਾਂ ਮਨੁੱਖਾਂ ਨਾਲ ਆਪਣਾ ਸੰਬੰਧ ਸਥਾਪਿਤ ਕਰਨਾ ਪੈਂਦਾ ਹੈ। ਇਸ ਤਰ੍ਹਾਂ ਮਨੁੱਖ ਆਪਣੇ ਪੂਰੇ ਜੀਵਨ ਕਾਲ ਵਿੱਚ ਬਹੁਤ ਸਾਰੇ ਸੰਬੰਧ ਬਣਾਉਂਦਾ ਹੈ। ਜਿਨ੍ਹਾਂ ਵਿੱਚ ਕੁਝ ਸੰਬੰਧ ਰਿਸ਼ਤੇ-ਨਾਤਿਆਂ ਦੇ ਰੂਪ ਵਿੱਚ ਲੰਮਾ ਸਮਾਂ ਬਣੇ ਰਹਿੰਦੇ ਹਨ ਅਤੇ ਕੁਝ ਸੰਬੰਧ ਸੀਮਿਤ ਸਮੇਂ ਤੱਕ ਹੀ ਹੁੰਦੇ ਹਨ। ਜੇਕਰ ਦੇਖਿਆ ਜਾਵੇ ਤਾਂ ਸਾਡੇ ਇਹਨਾਂ ਸੰਬੰਧਾਂ ਦਾ ਆਧਾਰ ਸਾਡਾ ਆਪਣਾ ਵਿਵਹਾਰ ਹੁੰਦਾ ਹੈ। ਇਕ ਚੰਗੇ ਆਚਰਨ ਅਤੇ ਵਿਵਹਾਰ ਵਾਲਾ ਮਨੁੱਖ ਜਿੱਥੇ ਸਮਾਜ ਵਿੱਚ ਵਡਿਆਈ ਦਾ ਪਾਤਰ ਬਣਦਾ ਹੈ, ਉੱਥੇ ਨਾਲ ਹੀ ਉਹ ਚੰਗੇਰੇ ਸੰਬੰਧ ਸਥਾਪਿਤ ਕਰਨ ਵਿਚ ਵੀ ਕਾਮਯਾਬ ਹੁੰਦਾ ਹੈ।

ਸਾਡਾ ਵਿਵਹਾਰ ਸਾਡੇ ਆਪਣੇ ਨਿਜ 'ਤੇ ਨਿਰਭਰ ਕਰਦਾ ਹੈ। ਵਿਵਹਾਰਿਕ ਨੈਤਿਕਤਾ ਸਾਡੇ ਨਿਜ ਦੀ ਘਾੜਤ ਘੜਦੀ ਹੋਈ ਸਾਡੇ ਸਮਾਜ ਵਿੱਚ ਸੰਬੰਧ ਸਥਾਪਿਤ ਕਰਨ ਵਿੱਚ ਮਦਦਗਾਰ ਹੁੰਦੀ ਹੈ। ਧਰਮ ਅਤੇ ਨੈਤਿਕਤਾ ਵਿੱਚ ਇਕ ਵਿਸ਼ੇਸ਼ ਸਾਂਝ ਮੌਜੂਦ ਹੈ, ਉਹ ਹੈ ਮਨੁੱਖ ਦੀ ਉੱਤਮਤਾ ਦਾ ਉਦੇਸ਼। ਧਾਰਮਿਕ ਅਕੀਦੇ ਅਨੁਸਾਰ, ਈਸ਼ਵਰ ਹੀ ਸਾਰੀਆਂ ਉਚਤਮ ਕੀਮਤਾਂ ਦਾ ਆਦਿ ਸੋਮਾ ਹੈ। ਧਰਮ ਦਾ ਆਦੇਸ਼ ਹੈ ਕਿ ਵਿਅਕਤੀ ਇਨ੍ਹਾਂ ਕੀਮਤਾਂ ਵਿੱਚ ਵਿਸ਼ਵਾਸ ਕਰੇ ਅਤੇ ਸਭ ਸ਼ੰਕੇ ਤਿਆਗ ਕੇ ਈਸ਼ਵਰੀ ਕਿਰਪਾ ਦਾ ਪਾਤਰ ਬਣਨ ਲਈ ਤਤਪਰ ਹੋਵੇ।[3]

ਸਿੱਖ ਧਰਮ ਵਿਚ, ਭਾਰਤ ਦੇ ਪ੍ਰਾਚੀਨ ਮੱਤਾਂ ਅਤੇ ਧਰਮਾਂ ਵਾਂਗ, ਅਧਿਆਤਮਿਕ ਅਤੇ ਨੈਤਿਕ ਧਾਰਾਵਾਂ ਦਾ ਸੁਮੇਲ ਪ੍ਰਾਪਤ ਹੈ। ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਵਿੱਚ ਜਿੱਥੇ ਅਧਿਆਤਮਿਕ ਉਪਦੇਸ਼ ਹੈ, ਉੱਥੇ ਨਾਲ ਸਮਾਜਿਕ ਅਤੇ ਨੈਤਿਕ ਸਿਖਿਆਵਾਂ ਦਾ ਭੰਡਾਰ ਮੌਜੂਦ ਹੈ। ਸਿੱਖ ਨੈਤਿਕਤਾ ਨੇ ਸਮਾਜਿਕ ਜੀਵਨ ਲਈ ਮਾਨਵ ਹਿਤਕਾਰੀ ਇਨਸਾਫ਼, ਦਇਆ, ਪ੍ਰੇਮ ਅਤੇ ਸੇਵਾ ਦੇ ਆਦਰਸ਼ ਸਥਾਪਿਤ ਕੀਤੇ ਹਨ। ਕਿਸੇ ਦਾ ਹੱਕ ਮਾਰਨਾ ਨੈਤਿਕ ਅਵਗੁਣ ਹੀ ਨਹੀਂ, ਸਗੋਂ ਪਾਪ ਮੰਨਿਆ ਗਿਆ ਹੈ।[4] ਇਸ ਖੋਜ-ਪੱਤਰ ਦਾ ਆਧਾਰ ਗੁਰੂ ਨਾਨਕ ਦੇਵ ਜੀ ਦੀ ਰਚਨਾ ਬਾਰਹ ਮਾਹ ਤੁਖਾਰੀ ਨੂੰ ਬਣਾਇਆ ਹੈ। ਇਸ ਬਾਣੀ ਵਿੱਚ ਵਿਵਹਾਰਿਕ ਨੈਤਿਕਤਾ ਸੰਬੰਧੀ ਵਰਣਨ ਕਿਸੇ ਵਿਵਸਥਿਤ ਰੂਪ ਵਿਚ ਨਹੀਂ ਮਿਲਦਾ। ਇਸ ਦਾ ਨਿਯਮਿਤ ਰੂਪ ਬਾਣੀ ਦੇ ਅਧਿਐਨ ਅਤੇ ਵਿਸ਼ਲੇਸ਼ਣ ਦੁਆਰਾ ਉਸਾਰਨ ਦਾ ਯਤਨ ਕੀਤਾ ਹੈ। ਪੰਜਾਬੀ ਸਾਹਿਤ ਕੋਸ਼ ਅਨੁਸਾਰ ਬਾਰਾਂ ਮਾਹ ਉਹ ਕਾਵਿ ਰੂਪ ਹੈ ਜਿਸ ਵਿੱਚ ਬਾਰਾਂ ਮਹੀਨਿਆਂ ਦੇ ਆਸਰੇ ਕਵਿਤਾ ਰਚ ਕੇ ਜ਼ਿੰਦਗੀ ਨੂੰ ਵਿਯੋਗ ਵੱਲੋਂ ਸੰਯੋਗ ਵੱਲ

ਕਦਮ ਵਧਾਉਂਦਾ ਦਰਸਾਇਆ ਜਾਂਦਾ ਹੈ।[5]

ਸਿੱਖ ਪੰਥ ਵਿਸ਼ਵਕੋਸ਼ ਅਨੁਸਾਰ ਬਾਰਹ ਮਾਹ ਤੁਖਾਰੀ, ਤੁਖਾਰੀ ਰਾਗ ਅਧੀਨ ਗੁਰੂ ਨਾਨਕ ਦੇਵ ਜੀ ਦੀ ਅੰਤਮ ਉਮਰ ਦੀ ਰਚਨਾ ਮੰਨੀ ਜਾਂਦੀ ਹੈ, ਜਦ ਉਹ ਕਰਤਾਰਪੁਰ ਵਿੱਚ ਨਿਵਾਸ ਕਰਦੇ ਸਨ। ਇਸ ਬਾਣੀ ਵਿਚ ਜੀਵਾਤਮਾ ਦੁਆਰਾ ਪਰਮਾਤਮਾ ਨਾਲ ਇਕਮਿਕਤਾ ਦੀ ਅਵਸਥਾ ਤੱਕ ਪਹੁੰਚਣ ਦੀ ਸਾਰੀ ਕਾਰਵਾਈ ਦਾ ਚਿਤਰਣ ਹੋਇਆ ਹੈ। ਇਹ ਵਿਯੋਗ ਤੋਂ ਸੰਯੋਗ ਵੱਲ ਸਹਿਜ ਢੰਗ ਨਾਲ ਕੀਤੀ ਯਾਤਰਾ ਹੈ। ਨਾਇਕਾ ਨੂੰ ਵਿਯੋਗ ਦੀਆਂ ਸਥਿਤੀਆਂ ਵਿਚੋਂ ਗੁਜ਼ਰਦੇ ਹੋਇਆਂ ਸੰਯੋਗ ਵੱਲ ਲੈ ਜਾਣ ਵਾਲਾ ਕਾਵਿ ਰੂਪ 'ਬਾਰਹਮਾਹਾ' ਹੈ।[6]

ਇਸ ਬਾਣੀ ਵਿੱਚ 'ਜਪੁ ਜੀ' ਅਤੇ 'ਸਿਧ ਗੋਸਟਿ' ਵਾਲੀ ਦਾਰਸ਼ਨਿਕਤਾ ਨਹੀਂ ਹੈ ਅਤੇ ਨਾ ਹੀ ਪਰਿਭਾਸ਼ਿਕ ਸ਼ਬਦਾਵਲੀ ਦੀ ਵਰਤੋਂ ਹੋਈ ਹੈ, ਕਿਉਂ ਕਿ ਇੱਥੇ ਪ੍ਰਮਾਤਮਾ ਗਿਆਨ ਦਾ ਵਿਸ਼ਾ ਨਾ ਰਹਿ ਕੇ ਮਧੁਰ-ਭਾਵ ਦਾ ਪ੍ਰੀਤਮ ਬਣ ਗਿਆ ਹੈ। ਇੱਥੇ ਸੰਸਾਰਿਕ ਰਤਿ ਨੂੰ ਪ੍ਰਮਾਤਮਾ ਦੇ ਪ੍ਰੇਮ ਦੀ ਉਜਲੀ ਰਤਿ ਵਿਚ ਬਦਲਿਆ ਗਿਆ ਹੈ। ਬਿਰਹੋਂ ਦੀਆਂ ਤੜਪਾਂ ਤੋਂ ਸ਼ੁਰੂ ਹੋ ਕੇ ਅੰਤ ਮੇਲ ਦੇ ਆਨੰਦ ਤੱਕ ਦਾ ਬੜਾ ਸੁੰਦਰ ਤੇ ਦਿਲ-ਖਿਚਵਾਂ ਵਰਣਨ ਹੈ ਤੇ ਆਮ ਮਨੁੱਖਾਂ ਅੰਦਰ ਵੀ ਪਿਆਰ ਜਗਾਉਣ ਦੀ ਸਮਰੱਥਾ ਰੱਖਦਾ ਹੈ।[7] ਇਸ ਬਾਣੀ ਦਾ ਸਾਰਾ ਵਰਨਨ ਇਕ ਪਤਨੀ ਵੱਲੋਂ ਹੈ ਜੋ ਆਪਣੇ ਪਤੀ ਦੇ ਵਿਛੋੜੇ ਵਿੱਚ ਤੜਫ ਰਹੀ ਹੈ। ਇਸ ਬਿਰਹੋਂ ਦੇ ਵਰਨਨ ਦੇ ਵਿਸ਼ਲੇਸ਼ਣ ਵਿਚੋਂ ਅਥਾਹ ਪਿਆਰ, ਸਹਿਜ, ਸੰਜਮਤਾ, ਮੁਲਵਾਨ ਜੀਵਨ, ਅੰਦਰੂਨੀ ਟਿਕਾਅ ਤੇ ਵਿਸ਼ਵ ਏਕਤਾ ਆਦਿ ਜਿਹੇ ਵਿਵਹਾਰਿਕ ਨੈਤਿਕ ਗੁਣਾਂ ਨੂੰ ਸਥਾਪਿਤ ਕੀਤਾ ਜਾ ਸਕਦਾ ਹੈ। ਜਿਸ ਵਿੱਚ ਇਕ ਇਸਤਰੀ ਨੂੰ ਪਤਨੀ ਦੇ ਰੂਪ ਵਿੱਚ ਸੁਚੱਜੀ ਸੇਧ ਪ੍ਰਦਾਨ ਕਰਨ ਦੇ ਨਾਲ, ਮਾਨਵ ਕਲਿਆਣ ਦੀ ਬਿਰਤੀ ਨੂੰ ਉਜਾਗਰ ਕੀਤਾ ਜਾ ਸਕਦਾ ਹੈ। ਸਾਡੇ ਨਿੱਤ ਦੇ ਵਿਵਹਾਰਾਂ ਲਈ ਇਕ ਅਜਿਹੀ ਸ਼ਖ਼ਸ਼ੀਅਤ ਦੀ ਉਸਾਰੀ ਕੀਤੀ ਜਾ ਸਕਦੀ ਹੈ ਜੋ ਵਿਵਹਾਰਿਕ ਨੈਤਿਕ ਗੁਣਾਂ ਨਾਲ ਭਰਪੂਰ ਹੋਵੇ।

ਬਾਰਹ ਮਾਹ ਤੁਖਾਰੀ ਦੀਆਂ ਕੁੱਲ ਸਤਾਰਾਂ ਪਉੜੀਆਂ ਹਨ। ਜਿਨ੍ਹਾਂ ਵਿੱਚ ਇਕ ਜਗਿਆਸੂ ਪਉੜੀ ਦਰ ਪਉੜੀ ਅੱਗੇ ਵੱਧਦਾ ਹੋਇਆ, ਫ਼ਰਸ਼ ਤੋਂ ਅਰਸ਼ ਤੱਕ ਅੱਪੜਦਾ ਹੈ ਭਾਵ ਉਤਮ ਜੀਵਨ ਨੂੰ ਹਾਸਿਲ ਕਰਦਾ ਅਤੇ ਵਿਯੋਗੀ ਅਵਸਥਾ ਤੋਂ ਛੁਟਕਾਰਾ ਪਾ ਕੇ ਸੰਯੋਗ ਪ੍ਰਾਪਤ ਕਰਦਾ ਹੈ। ਬਾਰਾਂ ਮਹੀਨਿਆਂ ਵਿੱਚ ਕੁਦਰਤੀ ਵਰਤਾਰਿਆਂ ਦੇ ਦ੍ਰਿਸ਼ਾਂ ਵਰਨਣ ਕਰਦੇ ਹੋਇਆਂ ਜੀਵ ਨੂੰ ਸੇਧ ਪ੍ਰਦਾਨ ਕੀਤੀ ਗਈ ਹੈ। ਪਹਿਲੀਆਂ ਚਾਰ ਪਉੜੀਆਂ ਭੂਮਿਕਾ ਵਜੋਂ ਹਨ ਅਤੇ ਫਿਰ ਬਾਰਾਂ ਪਉੜੀਆਂ ਵਿਚ ਦੇਸੀ ਬਾਰਾਂ ਮਹੀਨਿਆਂ ਦਾ ਵਰਣਨ ਮਿਲਦਾ ਹੈ ਅਤੇ ਅਖੀਰਲੀ ਸਤਾਰਵੀਂ ਪਉੜੀ ਨੂੰ ਨਿਸ਼ਕਰਸ਼ ਵਜੋਂ ਦਿੱਤਾ ਗਿਆ ਹੈ। ਵਿਵਹਾਰਿਕ ਨੈਤਿਕਤਾ ਨੂੰ ਪ੍ਰਬਲ ਕਰਨ ਲਈ ਇਸ ਬਾਣੀ ਵਿੱਚ ਨਿੱਜ ਨੂੰ ਸਵਾਰਨ ਦਾ ਉਪਦੇਸ਼ ਮਿਲਦਾ ਹੈ। ਸਮਾਜ ਪ੍ਰਤੀ ਆਪਣਾ ਕਰਤੱਵ ਈਮਾਨਦਾਰੀ ਨਾਲ ਨਿਭਾ ਦੇਣਾ ਹੀ ਮੁਕੰਮਲ ਸਦਾਚਾਰਿਕ ਜੀਵਨ ਨਹੀਂ, ਨਿੱਜੀ ਜੀਵਨ ਦੀ ਆਦਰਸ਼ਕਤਾ ਵੀ ਓਨੀ ਹੀ ਮਹੱਤਵਪੂਰਨ ਹੈ। ਸਗੋਂ ਨਿੱਜੀ ਤੌਰ 'ਤੇ ਜਿੰਨ੍ਹੀ ਕੁ ਸਦਾਚਾਰਕ ਉਚਾਈ ਕੋਈ ਵਿਅਕਤੀ ਪ੍ਰਾਪਤ ਕਰਦਾ ਹੈ, ਓਨੇ ਹੀ ਬਲ ਨਾਲ ਉਹ ਸਮਾਜਿਕ ਕਰਤੱਵ ਨਿਭਾਉਣ ਦੇ ਸਮਰੱਥ ਹੁੰਦਾ ਹੈ।[8] ਇਸ ਪ੍ਰਕਾਰ ਨਿਜ ਦੀ ਉਤਮਤਾ ਲਈ ਇਸ ਬਾਣੀ ਵਿੱਚ ਸਾਡੀਆਂ ਮਾਨਸਿਕ ਪ੍ਰਵਿਰਤੀਆਂ ਅਤੇ ਭਾਵਨਾਵਾਂ ਨੂੰ ਪ੍ਰਮਾਤਮਾ ਨਾਲ ਜੋੜ ਕੇ ਵਿਕਾਰਾਂ ਵਲੋਂ ਹੋੜਿਆ ਗਿਆ ਹੈ। ਸਾਡੀ ਸ਼ਖਸੀਅਤ ਵਿੱਚ ਅਜਿਹੇ ਗੁਣ ਹੋਣੇ ਚਾਹੀਦੇ ਹਨ, ਜਿਨ੍ਹਾਂ ਨਾਲ ਸਾਡਾ ਵਿਵਹਾਰ ਨੈਤਿਕਤਾ ਨਾਲ ਭਰਪੂਰ ਹੋ ਸਕੇ।

ਇਸ ਬਾਣੀ ਦਾ ਆਰੰਭ ਕਰਮ ਸਿਧਾਂਤ ਤੋਂ ਹੁੰਦਾ ਹੈ। ਜਿਸ ਵਿੱਚ ਪਿਛਲੇ ਕੀਤੇ ਕਰਮਾਂ ਅਨੁਸਾਰ ਮਨੁੱਖ ਇਸ ਜਨਮ ਵਿਚ ਭੀ ਮਾਇਆ ਦੇ ਮੋਹ ਵਿਚ ਫਸਿਆ ਰਹਿੰਦਾ ਹੈ ਤੇ ਦੁਖੀ ਜੀਵਨ ਗੁਜ਼ਾਰਦਾ ਹੈ। ਹਰੇਕ ਕਰਮ ਦਾ ਪ੍ਰਤੀਕਰਮ ਜ਼ਰੂਰ ਹੁੰਦਾ ਹੈ। ਇਸ ਲਈ ਜੇ ਕਰਮ ਚੰਗਾ ਹੋਵੇਗਾ ਤਾਂ ਉਸ ਦਾ ਪ੍ਰਤਿਕਰਮ, ਪਰਿਣਾਮ ਜਾਂ ਫ਼ਲ ਵੀ ਚੰਗਾ ਹੀ ਹੋਵੇਗਾ ਅਤੇ ਜੇ ਕਰਮ ਭੈੜਾ ਹੋਵੇਗਾ ਤਾਂ ਉਸ ਦਾ ਫ਼ਲ ਵੀ ਭੈੜਾ ਹੀ ਹੋਵੇਗਾ। ਜੇ ਅਸੀਂ ਮਾਇਆ ਵਿੱਚ ਫਸੇ ਹੋਏ, ਆਪਣੇ ਵਿਵਹਾਰ ਨੂੰ ਸੁਆਰਥੀ ਬਣਾ ਲਵਾਂਗੇ ਤਾਂ ਅਸੀਂ ਕਦੇ ਵੀ ਨੈਤਿਕ ਨਹੀਂ ਹੋ ਸਕਾਂਗੇ। ਸਾਡੇ ਕਰਮ ਸਾਡੀ ਸ਼ਖਸੀਅਤ ਦੀ ਉਸਾਰੀ ਕਰਦੇ ਹਨ। ਇਸ ਬਾਣੀ ਵਿਚ ਪੂਰਬਲੇ ਕਰਮਾਂ ਅਨੁਸਾਰ ਮਿਲੇ ਸੁੱਖ ਅਤੇ ਦੁੱਖ ਨੂੰ ਝੱਲਦਾ ਹੋਇਆ ਜੀਵ, ਇਸਤਰੀ ਰੂਪ ਵਿੱਚ ਪ੍ਰਮਾਤਮਾ ਅੱਗੇ ਮਿਲਾਪ ਲਈ ਅਰਜ਼ੋਈ ਕਰਦਾ ਹੈ ਅਤੇ ਆਪਣੀ ਬਿਰਹੋਂ ਭਰੀ ਅਵਸਥਾ ਦਾ ਬਿਆਨ ਕਰਦਾ ਹੈ। ਭਾਰਤੀ ਨੀਤੀ ਸ਼ਾਸਤਰ ਦੇ ਅਨੁਸਾਰ ਸਾਡੇ ਵਰਤਮਾਨ ਜਨਮ ਦਾ ਕਾਰਨ ਪਿਛਲਾ ਕਰਮ ਹੈ। ਇਸ ਦਾ ਮਤਲਬ ਇਹ ਹੋਇਆ ਕਿ ਭੂਤ ਕਰਮ ਦੇ ਅਧਾਰ ਤੇ ਸਾਨੂੰ ਵਰਤਮਾਨ ਸਰੀਰ ਪ੍ਰਾਪਤ ਹੋਇਆ ਹੈ ਅਤੇ ਸਾਡੇ ਵਰਤਮਾਨ ਕਰਮ ਸਾਡੇ ਭਵਿੱਖ ਦਾ ਜਾਂ ਭਾਵੀ ਜਨਮ ਦਾ ਵਿਧਾਨ ਕਰਦੇ ਹਾਂ।[9] ਇਸ ਲਈ ਸਾਨੂੰ ਸਮਾਜ ਦੇ ਵਿੱਚ ਵਿਚਰਦਿਆਂ ਹੋਇਆ, ਆਪਣੇ ਕਰਮਾਂ ਨੂੰ ਨੈਤਿਕ ਬਣਾਉਣ ਲਈ ਇਸ ਬਾਣੀ ਵਿੱਚ ਕਰਮ ਸਿਧਾਂਤ ਦੁਆਰਾ ਸੇਧ ਦਿੱਤੀ ਗਈ ਹੈ।

**ਤੂ ਸੁਣਿ ਕਿਰਤ ਕਰੰਮਾ ਪੁਰਬਿ ਕਮਾਇਆ ॥**
**ਸਿਰਿ ਸਿਰਿ ਸੁਖ ਸਹੰਮਾ ਦੇਹਿ ਸੁ ਤੂ ਭਲਾ ॥**[10]

ਮਨੁੱਖ ਜਦ ਬੇ-ਕਾਬੂ ਹੋ ਜਾਂਦਾ ਹੈ ਤਾਂ ਉਹ ਮਨੁੱਖ ਨਾ ਰਹਿ ਕੇ ਪਸ਼ੂ ਬਣ ਜਾਂਦਾ ਹੈ। ਜਿਸ ਕਾਰਨ ਉਹ ਪਸ਼ੂਆਂ ਦੀ ਤਰ੍ਹਾਂ ਆਪਣੀਆਂ ਕਿਰਿਆਵਾਂ ਨੂੰ ਕਰਨ ਲੱਗਦਾ ਹੈ। ਇਸ ਲਈ ਮਨੁੱਖ ਦਾ ਸਵੈ ਕਾਬੂ ਹੋਣਾ ਬਹੁਤ ਜ਼ਰੂਰੀ ਹੈ। ਗੁਰੂ ਨਾਨਕ ਦੇਵ ਜੀ ਕਹਿੰਦੇ ਹਨ ਕਿ ਮਨੁੱਖ ਨੂੰ ਆਪਣੇ ਨੌਂ-ਇੰਦ੍ਰੀਆਂ ਵਾਲੇ ਸਰੀਰ ਨੂੰ ਮਰਿਯਾਦਾ

ਵਿੱਚ ਰੱਖਣਾ ਚਾਹੀਦਾ ਹੈ। ਜਿਸ ਨਾਲ ਉਹ ਮੋਹ ਤੋਂ ਉੱਚਾ ਉਠਦਾ ਹੋਇਆ ਆਤਮਿਕ ਜੀਵਨ ਪ੍ਰਾਪਤ ਕਰ ਸਕਦਾ ਹੈ।

**ਨਵ ਘਰ ਥਾਪਿ ਮਹਲ ਘਰੁ ਊਚਉ**
**ਨਿਜ ਘਰਿ ਵਾਸੁ ਮੁਰਾਰੇ ॥**[11]

ਇਸ ਤਰ੍ਹਾਂ ਸਵੈ ਕਾਬੂ ਅਤੇ ਸੰਜਮ ਦਾ ਗੁਣ ਧਾਰਨ ਕਰ ਕੇ ਜਿਸ ਵੇਲੇ ਅਸੀਂ ਆਪਣੇ ਜੀਵਨ ਨੂੰ ਮਰਿਯਾਦਾ ਵਿੱਚ ਲੈ ਆਵਾਂਗੇ ਤਾਂ ਸਾਡਾ ਵਿਵਹਾਰ ਸਮਾਜ ਦੇ ਹਰ ਖੇਤਰ ਵਿੱਚ ਨੇਕੀ ਅਤੇ ਚੰਗਿਆਈ ਵਾਲਾ ਹੋਵੇਗਾ। ਅਸੀਂ ਲਾਲਚ ਵਸ ਹੋਣ ਵਾਲੇ ਕਿਸੇ ਵੀ ਤਰ੍ਹਾਂ ਦੇ ਭ੍ਰਿਸ਼ਟਾਚਾਰ ਅਤੇ ਅੱਤਿਆਚਾਰ ਤੋਂ ਮੁਕਤ ਹੋ ਜਾਵਾਂਗੇ ਅਤੇ ਆਤਮਿਕ ਜੀਵਨ ਦੇ ਨਾਲ ਨਾਲ ਸਦਾਚਾਰਿਕ ਜੀਵਨ ਵੀ ਸਾਨੂੰ ਪ੍ਰਾਪਤ ਹੋਵੇਗਾ। ਗੁਰੂ ਜੀ ਨੇ ਜੀਵ ਰੂਪ ਇਸਤਰੀ ਰਾਹੀਂ ਅਥਾਹ ਪਿਆਰ ਨੂੰ ਬਾਣੀ ਵਿਚ ਪ੍ਰਗਟ ਕੀਤਾ ਹੈ। ਜਿਸ ਵਿੱਚ ਉਸ ਵਾਸਤੇ ਘੜੀ ਪਲ ਦਾ ਵਿਛੋੜਾ ਅਤਿਅੰਤ ਦੁਖਦਾਇਕ ਹੁੰਦਾ ਹੈ।

**ਮਨਿ ਤਨਿ ਰਵਤ ਰਵੰਨੇ ਘੜੀ ਨ ਬੀਸਰੈ ॥**
**ਕਿਉ ਘੜੀ ਬਿਸਾਰੀ ਹਉ ਬਲਿਹਾਰੀ**
**ਹਉ ਜੀਵਾ ਗੁਣ ਗਾਏ ॥**[12]

ਇਹ ਪਿਆਰ ਅਧਿਆਤਮਿਕ ਪੱਧਰ 'ਤੇ ਹੋਣ ਦੇ ਨਾਲ ਮਾਨਵੀ ਕੀਮਤ ਨੂੰ ਵੀ ਸਥਾਪਿਤ ਕਰਦਾ ਹੈ। ਸਿੱਖ ਮਤਿ ਦੇ ਨਾਮ ਮਾਰਗ ਵਿੱਚ ਭਗਤੀ ਨੂੰ ਅਧਿਅਤਾਮਿਕ ਪ੍ਰਾਪਤੀ ਦਾ ਵਿਸ਼ੇਸ਼ ਸਾਧਨ ਮੰਨਿਆ ਗਿਆ ਹੈ। ਭਗਤੀ ਪ੍ਰਭੂ-ਪ੍ਰੇਮ ਦਾ ਹੀ ਨਾਮ ਹੈ ਪਰ ਭਗਤ ਲਈ ਇਹ ਕੇਵਲ ਸਾਧਨ ਨਹੀਂ, ਉਹ ਪ੍ਰਭੂ ਨੂੰ ਪ੍ਰੇਮ-ਸਰੂਪ ਵਿੱਚ ਚਿਤਵਦਾ ਹੈ ਅਤੇ ਪ੍ਰੇਮ ਹੀ ਪ੍ਰਭੂ ਹੈ। ਪ੍ਰੇਮ ਸਮੁੱਚੀ ਮਨੁੱਖਤਾ ਨਾਲ ਭਾਵਕ ਸਾਂਝ ਦੀ ਮਾਨਵਵਾਦੀ ਕੀਮਤ ਹੈ। ਇਸ ਦਾ ਪ੍ਰਗਟਾਵਾ ਵਿਅਕਤੀ ਦੀ ਸੁਹਿਰਦਤਾ ਤੇ ਕੁਰਬਾਨੀ ਭਾਵ ਮਿਲਵਰਤਨ ਤੇ ਅਹਿੰਸਾ ਦੁਆਰਾ ਹੁੰਦਾ ਹੈ।[13] ਇਸ ਪ੍ਰਕਾਰ ਹਰੇਕ ਮਨੁੱਖ ਨੂੰ ਆਪਣੇ ਹਰੇਕ ਵਿਵਹਾਰਿਕ ਰਿਸ਼ਤੇ ਨੂੰ ਪਿਆਰ ਦੇ ਅਧਾਰ 'ਤੇ ਉਸਾਰਨਾ ਚਾਹੀਦਾ ਹੈ ਨਾ ਕਿ ਕਿਸੇ ਲੋਭ-ਲਾਲਚ ਦੇ।

ਕੁਦਰਤ ਸਮੇਂ ਸਮੇਂ ਆਪਣੇ ਰੰਗ ਬਦਲ ਕੇ ਮਨੁੱਖ ਨੂੰ ਪ੍ਰਭਾਵਿਤ ਕਰਦੀ ਹੈ। ਮਨੁੱਖ ਕੁਦਰਤ ਦੇ ਭਿਆਨਕ ਵਰਤਾਰਿਆਂ ਨੂੰ ਦੇਖ ਕੇ ਸਹਿਮ ਅਤੇ ਹੈਰਾਨੀਜਨਕ ਦ੍ਰਿਸ਼ਾਂ ਨੂੰ ਦੇਖ ਅਸਚਰਜ ਅਵਸਥਾ ਵਿਚ ਚਲਾ ਜਾਂਦਾ ਹੈ। ਜਿਸ ਕਾਰਨ ਉਹ ਆਪਣੇ ਅੰਦਰ ਅੰਦਰੂਨੀ ਟਿਕਾਅ ਨੂੰ ਨਹੀਂ ਬਣਾ ਪਾਉਂਦਾ। ਸੁੱਖ ਦੇ ਵਿੱਚ ਉਹ ਆਪਣੇ ਫ਼ਰਜ਼ ਨੂੰ ਭੁਲਾ ਬੈਠਦਾ ਹੈ। ਗੁਰੂ ਜੀ ਮਨੁੱਖ ਨੂੰ ਅੰਦਰੂਨੀ ਟਿਕਾਅ ਬਣਾ ਕੇ ਰੱਖਣ ਲਈ ਉਪਦੇਸ਼ ਕਰਦੇ ਹਨ। ਬਾਹਰੀ ਪ੍ਰਭਾਵ ਚਾਹੇ ਉਹ ਕੁਦਰਤੀ ਵਰਤਾਰਿਆਂ ਦੇ ਹੋਣ ਜਾਂ ਮਨੁੱਖ ਦੀ ਰੋਜ਼ਾਨਾ ਜ਼ਿੰਦਗੀ ਦੇ ਇਹਨਾਂ ਵਿੱਚ ਆਪਣੇ ਆਪ ਨੂੰ ਸਥਿਰ ਰੱਖਣਾ ਮਨੁੱਖ ਲਈ ਜ਼ਰੂਰੀ ਹੈ। ਇਸ ਵਾਸਤੇ ਗੁਰੂ ਜੀ ਕਹਿੰਦੇ ਹਨ ਕਿ ਜਿਸ ਮਨੁੱਖ ਦਾ ਮਨ ਅੰਦਰਲੇ ਹਿਰਦੇ ਕੌਲ ਫੁੱਲ ਨੂੰ ਛੱਡ ਕੇ ਦੁਨੀਆ ਦੇ ਰੰਗ ਤਮਾਸ਼ਿਆਂ ਵਿਚ ਭਟਕਦਾ ਫਿਰਦਾ ਹੈ, ਉਸ ਦਾ ਇਹ ਜਿਉਣਾ ਅਸਲ ਵਿੱਚ ਆਤਮਿਕ ਮੌਤ ਹੈ।

**ਭਵਰੁ ਭਵੰਤਾ ਫੂਲੀ ਡਾਲੀ ਕਿਉ ਜੀਵਾ ਮਰੁ ਮਾਏ ॥**[14]

ਨਿਮਰਤਾ ਚੰਗੇ ਵਿਵਹਾਰ ਦੀ ਉਤਮ ਨਿਸ਼ਾਨੀ ਹੈ। ਨਿਮਰ ਵਿਅਕਤੀ ਸਮਾਜ ਦੇ ਵਿੱਚ ਆਪਣੀ ਨਿਮਰਤਾ ਦੇ ਨਾਲ ਅਨੰਦਮਈ ਜੀਵਨ ਬਤੀਤ ਕਰ ਸਕਦਾ ਹੈ। ਗੁਰੂ ਜੀ ਅਨੁਸਾਰ ਪ੍ਰਮਾਤਮਾ ਨੂੰ ਪਾਉਣ ਦੇ ਲਈ ਜ਼ਰੂਰੀ ਹੈ ਕਿ ਅਸੀਂ ਉਸ ਅੱਗੇ ਨਿਮਰ ਹੋ ਜਾਈਏ ਅਤੇ ਪ੍ਰਮਾਤਮਾ ਨੂੰ ਸਰਬ ਉਚ ਮੰਨਦਿਆ ਹੋਇਆਂ, ਆਪਣੀ ਅਸਮਰਥਾ ਨੂੰ ਜ਼ਾਹਿਰ ਕਰਦਿਆਂ ਬੇਨਤੀ ਕਰੀਏ।

**ਨਿਮਾਣੀ ਨਿਤਾਣੀ ਹਰਿ ਬਿਨੁ**
**ਕਿਉ ਪਾਵੈ ਸੁਖ ਮਹਲੀ ॥**[15]

ਇਸ ਤਰ੍ਹਾਂ ਅਧਿਆਤਮਿਕ ਪੱਧਰ ਤੇ ਨਿਮਰ ਹੋਇਆ ਮਨੁੱਖ ਆਪਣੇ ਵਿਵਹਾਰਿਕ ਜੀਵਨ ਵਿਚ ਵੀ ਨਿਮਰਤਾ ਲੈ ਕੇ ਆਉਂਦਾ ਹੈ। ਜਿਸ ਨਾਲ ਆਪਸੀ ਸਾਝਾਂ ਮਜ਼ਬੂਤ ਹੁੰਦੀਆਂ ਹਨ।

ਗੁਣੀ ਮਨੁੱਖ ਦੀ ਹਰ ਕਿਸੇ ਦੁਆਰਾ ਕਦਰ ਕੀਤੀ ਜਾਂਦੀ ਹੈ। ਦੂਜੇ ਪਾਸੇ ਅਵਗੁਣੀ ਵਿਅਕਤੀ ਜਿੱਥੇ ਆਪਣੀ ਕਦਰ ਗਵਾ ਬੈਠਦਾ ਹੈ, ਉੱਥੇ ਨਾਲ ਹੀ ਉਸ ਨੂੰ ਆਪਣੇ ਅਵਗੁਣਾਂ ਦੇ ਕਾਰਨ ਦੁੱਖ ਵੀ ਸਹਿਣਾ ਪੈਂਦਾ ਹੈ। ਗੁਰੂ ਜੀ ਕਹਿੰਦੇ ਹਨ ਕਿ ਉਹ ਜੀਵ ਰੂਪ ਇਸਤਰੀ ਦੁੱਖਾਂ ਦੀ ਭਾਗੀ ਬਣਦੀ ਹੈ ਜੋ ਆਪਣੇ ਨਾਲ ਅਵਗੁਣਾਂ ਦੀ ਪੰਡ ਚੁੱਕੀ ਫਿਰਦੀ ਹੈ। ਸੁੱਖ ਕੇਵਲ ਗੁਣਾਂ ਦੇ ਖ਼ਜਾਨੇ ਪ੍ਰਮਾਤਮਾ ਨੂੰ ਆਪਣੇ ਹਿਰਦੇ ਘਰ ਵਿੱਚ ਵਸਾ ਕੇ ਹੀ ਪ੍ਰਾਪਤ ਹੁੰਦਾ ਹੈ।

**ਅਵਗਣ ਬਾਧਿ ਚਲੀ ਦੁਖੁ ਆਗੈ**
**ਸੁਖ ਤਿਸੁ ਸਾਚੁ ਸਮਾਲੇ ॥**[16]

ਇਸ ਤਰ੍ਹਾਂ ਗੁਣਾਂ ਦਾ ਧਾਰਨੀ ਮਨੁੱਖ ਇਕ ਚੰਗੇ ਸਮਾਜ ਦੀ ਸਿਰਜਣਾ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦਾ ਹੈ ਅਤੇ ਅਵਗੁਣੀ ਸਮਾਜ ਨੂੰ ਨਿਘਾਰ ਵੱਲ ਲੈ ਜਾਂਦਾ ਹੈ।

ਸਾਡੇ ਦੁਆਰਾ ਕੀਤੇ ਗਏ ਹਰ ਕਰਮ ਦਾ ਫ਼ਲ ਸਾਨੂੰ ਮਿਲਦਾ ਹੈ। ਜੀਵ ਵਲੋਂ ਕੀਤੀਆਂ ਗਈਆਂ ਅਰਜ਼ੋਈਆਂ, ਧਾਰਨ ਕੀਤੇ ਗੁਣਾਂ ਅਤੇ ਚੰਗੇ ਕਰਮਾਂ ਦਾ ਫ਼ਲ ਉਸ ਨੂੰ ਮਿਲਦਾ ਹੈ। ਉਸ ਦਾ ਪਿਆਰ ਤੋੜ ਚੜ੍ਹਨ ਲੱਗਦਾ ਹੈ। ਮਨੁੱਖ ਨੂੰ ਆਤਮਿਕ ਸੂਝ ਪ੍ਰਾਪਤ ਹੁੰਦੀ ਹੈ। ਇਹ ਸੂਝ ਹੀ ਬਿਬੇਕ ਬੁੱਧੀ ਹੈ। ਜਿਸ ਦੁਆਰਾ ਮਨੁੱਖ ਚੰਗੇ ਮੰਦੇ ਦੀ ਪਛਾਣ ਕਰਦਾ ਹੋਇਆ ਚੰਗਿਆਈ ਨਾਲ ਜੁੜਿਆ ਰਹਿ ਸਕਦਾ ਹੈ। ਚੰਗਿਆਈ ਅਤੇ ਨੇਕੀ ਦਾ ਜੀਵਨ ਹੀ ਉਤਮ ਮਨੁੱਖੀ ਸ਼ਖ਼ਸੀਅਤ ਦੀ ਨਿਸ਼ਾਨੀ ਹੈ।

**ਕਤਕਿ ਕਿਰਤੁ ਪਇਆ ਜੋ ਪ੍ਰਭ ਭਾਇਆ ॥**
**ਦੀਪਕੁ ਸਹਜਿ ਬਲੈ ਤਤਿ ਜਲਾਇਆ ॥**[17]

ਸਮਾਜ ਨੂੰ ਇਕ ਜੁਟਤਾ ਦੇ ਵਿੱਚ ਬੰਨ੍ਹ ਕੇ ਰੱਖਣ ਲਈ ਵਿਸ਼ਵ ਏਕਤਾ ਬਹੁਤ ਜ਼ਰੂਰੀ ਹੈ। ਜਿਸ ਨਾਲ ਦੁਨੀਆ ਦੇ ਕਰ ਕੋਨੇ

ਵਿੱਚ ਵਸਦਾ ਮਨੁੱਖ ਆਪਣੀ ਜ਼ਿੰਦਗੀ ਦੇ ਅਨੰਦ ਨੂੰ ਮਾਣ ਸਕੇ। ਗੁਰੂ ਜੀ ਇਸ ਵਿਸ਼ਵ ਏਕਤਾ ਦੀ ਸਥਾਪਨਾ ਕਰਦੇ ਹਨ। ਗੁਰੂ ਜੀ ਕਹਿੰਦੇ ਹਨ ਕਿ ਹਰ ਜੀਵ ਜੋ ਅੰਡਜ, ਜੇਰਜ, ਸੇਤਜ ਜਾਂ ਉਤਭੁਜ ਕਿਸੇ ਵੀ ਖਾਣੀ ਰਾਹੀਂ ਪੈਦਾ ਹੋਇਆ ਹੈ, ਉਹਨਾਂ ਸਭਨਾਂ ਵਿੱਚ, ਹਰੇਕ ਘਟ-ਘਟ ਵਿੱਚ ਪ੍ਰਭੂ ਦੀ ਇਕੋ ਜੋਤਿ ਹੀ ਸਮਾਈ ਹੋਈ ਹੈ।

**ਅੰਡਜ ਜੇਰਜ ਸੇਤਜ ਉਤਭੁਜ**
**ਘਟਿ ਘਟਿ ਜੋਤਿ ਸਮਾਣੀ ॥**[18]

ਇਹ 'ਸਰਬ' ਵਿੱਚ 'ਏਕੇ' ਦਾ ਅਹਿਸਾਸ ਜਗਾਉਣ ਵਾਲੀ ਪ੍ਰਚੰਡ ਬ੍ਰਹਿਮੰਡੀ ਚੇਤਨਾ ਹੈ ਜਿੱਥੇ ਹਰ ਪ੍ਰਕਾਰ ਦੀ ਦੂਈ, ਦਵੈਤ ਅਤੇ ਦੋਖ ਦੀ ਭਾਵਨਾ ਲੋਪ ਹੋ ਜਾਂਦੀ ਹੈ ਅਤੇ ਆਪਣੇ ਪਰਾਏ ਅਤੇ ਦੋਸਤ ਦੁਸ਼ਮਣ ਦਾ ਅੰਤਰ ਮਿਟ ਜਾਂਦਾ ਹੈ।

ਗੁਰੂ ਜੀ ਤੀਰਥਾਂ 'ਤੇ ਜਾਣ ਦੇ ਪਖੰਡ ਦਾ ਵੀ ਖੰਡਨ ਕਰਦੇ ਹਨ। ਉਹਨਾਂ ਅਨੁਸਾਰ ਸਾਡੇ ਅੰਦਰ ਹੀ ਤੀਰਥ ਹੈ। ਮਨੁੱਖ ਤੀਰਥਾਂ ਦੀ ਆੜ ਵਿਚ ਆਪਣੀ ਸਮਾਜਿਕ ਜਿੰਮੇਵਾਰੀ ਤੋਂ ਭੱਜਦਾ ਹੈ। ਇਸ ਲਈ ਗੁਰੂ ਜੀ ਸਾਡੇ ਅੰਦਰ ਨੂੰ ਹੀ ਤੀਰਥ ਦੱਸਦੇ ਹੋਏ ਅੰਦਰੂਨੀ ਟਿਕਾਅ ਲਈ ਕਹਿੰਦੇ ਹਨ।

**ਮਾਘਿ ਪੁਨੀਤ ਭਈ ਤੀਰਥੁ ਅੰਤਰਿ ਜਾਨਿਆ ॥**[19]

ਮਨੁੱਖ ਅਗਿਆਨਤਾ ਦੇ ਵਿਚ ਫਸਿਆ ਹੋਇਆ ਅਨੇਕਾਂ ਪ੍ਰਕਾਰ ਦੇ ਵਹਿਮ-ਭਰਮ ਕਰਦਾ ਹੈ। ਉਹ ਆਪਣੀ ਰੋਜ਼ਾਨਾ ਜ਼ਿੰਦਗੀ ਦੀਆਂ ਅਨੇਕਾਂ ਕਿਰਿਆਵਾਂ ਵਿੱਚ ਘੜੀ, ਮਹੂਰਤ, ਦਿਨ, ਮਹੀਨੇ ਆਦਿ ਬਾਰੇ ਭਰਮਾਂ ਵਿੱਚ ਫਸਿਆ ਰਹਿੰਦਾ ਹੈ। ਗੁਰੂ ਜੀ ਹਰ ਮਹੀਨੇ, ਰੁੱਤ, ਵਾਰ, ਘੜੀ, ਮਹੂਰਤ ਨੂੰ ਭਲਾ ਕਹਿੰਦੇ ਹਨ, ਜਿਸ ਵਿੱਚ ਪ੍ਰਮਾਤਮਾ ਨਾਲ ਮੇਲ ਹੋਵੇ। ਇਸ ਲਈ ਜ਼ਰੂਰੀ ਹੈ ਕਿ ਅਜਿਹੇ ਵਹਿਮਾਂ ਭਰਮਾਂ ਦਾ ਤਿਆਗ ਕੀਤਾ ਜਾਵੇ।

**ਬੇ ਦਸ ਮਾਹ ਰੁਤੀ ਥਿਤੀ ਵਾਰ ਭਲੇ ॥**
**ਘੜੀ ਮੂਰਤ ਪਲ ਸਾਚੇ ਆਏ ਸਹਜਿ ਮਿਲੇ ॥**[20]

ਇਸ ਪ੍ਰਕਾਰ ਜੀਵ ਗੁਣਾਂ ਨੂੰ ਧਾਰਨ ਕਰਦਾ ਹੋਇਆ ਆਪਣੇ ਪਿਆਰ ਵਿਚ ਸਫ਼ਲਤਾ ਪ੍ਰਾਪਤ ਕਰਦਾ ਹੈ। ਉਹ ਵਿਯੋਗ ਦੀ ਅਵਸਥਾ ਵਿਚੋਂ ਨਿਕਲ ਕੇ ਸੰਯੋਗ ਪ੍ਰਾਪਤ ਕਰਦਾ ਹੈ। ਇਸ ਅਧਿਆਤਮਿਕ ਸਿੱਧੀ ਦੇ ਨਾਲ ਮਨੁੱਖ ਦਾ ਵਿਵਹਾਰਿਕ ਜੀਵਨ ਵੀ ਗੁਣਾਂ ਨਾਲ ਭਰਪੂਰ ਇਕ ਸੁਰ ਹੋ ਜਾਂਦਾ ਹੈ।

ਸੋ ਨਿਸ਼ਕਰਸ਼ ਵਜੋਂ ਕਿਹਾ ਜਾ ਸਕਦਾ ਹੈ ਕਿ ਗੁਰੂ ਨਾਨਕ ਦੇਵ ਜੀ ਦੀ ਬਾਣੀ ਬਾਰਹ ਮਾਹ ਤੁਖਾਰੀ ਵਿਚ ਅਧਿਆਤਮਿਕ ਜੀਵਨ ਦੇ ਨਾਲ ਨਾਲ ਮਨੁੱਖੀ ਆਚਰਨ ਅਤੇ ਵਿਵਹਾਰਿਕ ਜੀਵਨ ਨੂੰ ਉੱਚਾ ਚੁੱਕਣ ਲਈ ਨੈਤਿਕ ਸੇਧਾਂ ਵੀ ਦਿੱਤੀਆਂ ਗਈਆਂ ਹਨ। ਗੁਰੂ ਨਾਨਕ ਬਾਣੀ ਉਚਤਮ ਨੈਤਿਕ ਗੁਣਾਂ ਦਾ ਭਰਪੂਰ ਖ਼ਜਾਨਾ ਹੈ। ਜਿਸ ਦੇ ਸੰਦੇਸ਼ ਦੀ ਅਜੋਕੇ ਯੁੱਗ ਵਿੱਚ ਬਹੁਤ ਹੀ ਮਹੱਤਵਪੂਰਨ ਲੋੜ ਹੈ। ਗੁਰੂ ਜੀ ਨੇ ਮਨੁੱਖ ਨੂੰ ਅਵਗੁਣਾਂ ਦਾ ਤਿਆਗ ਕਰਕੇ ਸਦਗੁਣਾਂ ਨੂੰ ਧਾਰਨ ਕਰਨ ਦਾ ਉਪਦੇਸ਼ ਦਿੱਤਾ ਹੈ। ਜਿਸ ਮਨੁੱਖ ਦਾ ਜੀਵਨ ਨੈਤਿਕਤਾ ਨਾਲ ਭਰਪੂਰ ਹੋਵੇਗਾ, ਉਸ ਦਾ ਲੋਕ ਅਤੇ ਪ੍ਰਲੋਕ ਵਿੱਚ ਆਦਰ ਸਤਿਕਾਰ ਹੋਵੇਗਾ ਕਿਉਂ ਕਿ ਉੱਚੇ ਅਤੇ ਸੁੱਚੇ ਜੀਵਨ ਦਾ ਧਾਰਨੀ ਮਨੁੱਖ ਹੀ ਪ੍ਰਮਾਤਮਾ ਨਾਲ ਪਿਆਰ ਪਾ ਸਕਦਾ ਹੈ। ਇਹ ਉਹ ਕਸਵੱਟੀ ਹੈ, ਜੋ ਮਨੁੱਖ ਦੀ ਪਰਮ ਮਨੋਰਥ ਦੀ ਪ੍ਰਾਪਤੀ ਵਿੱਚ ਸਹਾਇਤਾ ਕਰਦੀ ਹੈ।

—●-●—


– ਵਿਕਰਮਜੀਤ ਸਿੰਘ 'ਤਿਹਾੜਾ'

ਮੋਬਾਇਲ : +91 9855534961


**ਹਵਾਲੇ ਅਤੇ ਟਿੱਪਣੀਆਂ :**


1. ਵਜ਼ੀਰ ਸਿੰਘ, ਨੈਤਿਕ ਨਿਯਮ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1990, ਪੰਨਾ-9.
2. ਵਜ਼ੀਰ ਸਿੰਘ, ਨੈਤਿਕ ਨਿਯਮ, ਉਪਰੋਕਤ ਲਿਖਤ, ਪੰਨਾ-64.
3. ਵਜ਼ੀਰ ਸਿੰਘ, ਨੈਤਿਕ ਨਿਯਮ, ਉਪਰੋਕਤ ਲਿਖਤ, ਪੰਨਾ-17.
4. ਜਗਬੀਰ ਸਿੰਘ, 'ਗੁਰਮਤਿ ਦੀ ਨੈਤਿਕਤਾ' , ਸਿੱਖ ਫ਼ਲਸਫੇ ਦੀ ਰੂਪ-ਰੇਖਾ, (ਸੰਪਾ: ਪ੍ਰੀਤਮ ਸਿੰਘ), ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, 2001, ਪੰਨਾ-152.
5. ਕੇਸਰ ਸਿੰਘ ਕੇਸਰ (ਸੰਪਾ:), ਪੰਜਾਬੀ ਸਾਹਿਤ ਕੋਸ਼, ਪੰਜਾਬ ਯੂਨੀਵਰਸਿਟੀ, ਪਬਲੀਕੇਸ਼ਨ ਬਿਊਰੋ, ਚੰਡੀਗੜ੍ਹ, 1992, ਪੰਨਾ-165.
6. ਰਤਨ ਸਿੰਘ ਜੱਗੀ, ਸਿੱਖ ਪੰਥ ਵਿਸ਼ਵਕੋਸ਼, ਗੁਰ ਰਤਨ ਪਬਲੀਸ਼ਰ, ਪਟਿਆਲਾ, 2005, ਪੰਨਾ-1258.
7. ਤੇਜਾ ਸਿੰਘ, ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ, ਪੰਨਾ-1107.
8. ਵਜ਼ੀਰ ਸਿੰਘ, ਨੈਤਿਕ ਨਿਯਮ, ਉਪਰੋਕਤ ਲਿਖਤ, ਪੰਨਾ-64.
9. ਡਾ. ਰਾਮਦਾਸ ਨਿਰੰਕਾਰੀ (ਸੰਪਾ.), ਭਾਰਤੀ ਨੀਤੀ-ਸ਼ਾਸ਼ਤਰ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1997, ਪੰਨਾ-107.
10. ਗੁਰੂ ਨਾਨਕ ਦੇਵ ਜੀ, ਬਾਰਹ ਮਾਹ ਤੁਖਾਰੀ, ਪਉੜੀ ਨੰ: 1
11. ਉਹੀ, ਪਉੜੀ ਨੰ: 2
12. ਉਹੀ, ਪਉੜੀ ਨੰ: 3
13. ਵਜ਼ੀਰ ਸਿੰਘ, 'ਸਿੱਖ ਧਰਮ ਦਾ ਨੈਤਿਕ ਪੱਖ', ਸਿੱਖ ਫ਼ਲਸਫੇ ਦੀ ਰੂਪ-ਰੇਖਾ, (ਸੰਪਾ: ਪ੍ਰੀਤਮ ਸਿੰਘ), ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, 2001, ਪੰਨਾ-157.
14. ਗੁਰੂ ਨਾਨਕ ਦੇਵ ਜੀ, ਬਾਰਹ ਮਾਹ ਤੁਖਾਰੀ, ਪਉੜੀ ਨੰ: 5
15. ਉਹੀ, ਪਉੜੀ ਨੰ: 7.
16. ਉਹੀ, ਪਉੜੀ ਨੰ: 8.
17. ਉਹੀ, ਪਉੜੀ ਨੰ: 12.
18. ਉਹੀ, ਪਉੜੀ ਨੰ: 14.
19. ਉਹੀ, ਪਉੜੀ ਨੰ: 15.
20. ਉਹੀ, ਪਉੜੀ ਨੰ: 17.



ਗੁਰਦੁਆਰਾ ਪਹਿਲੀ ਪਾਤਸ਼ਾਹੀ, ਮਾਣਕ ਦੇਕੇ, ਲਾਹੌਰ



ਗੁਰਦੁਆਰਾ ਪਹਿਲੀ ਪਾਤਸ਼ਾਹੀ ਚਾਵਲੀ ਮਸਾਇਖ, ਬੂਰੇਵਾਲਾ

# ਗੁਰੂ ਨਾਨਕ ਦੇਵ ਜੀ ਦੀਆਂ ਪੰਜਾਬ ਵਿਚ ਯਾਤਰਾਵਾਂ

### ਸਾਹੋਵਾਲ

ਗੁਰੂ ਨਾਨਕ ਦੇਵ ਜੀ ਸਾਹੋਵਾਲ ਆਏ ਜੋ ਕਿ ਸਿਆਲਕੋਟ ਤੋ 8 ਕਿਲਮੀਟਰ ਦੀ ਦੂਰੀ ਤੇ ਹੈ । ਏਥੇ ਗੁਰੂ ਜੀ ਕੁਝ ਦਿਨ ਤਲਾਬ ਦੇ ਨੇੜੇ ਬੇਰ ਦੇ ਦਰਖਤ ਥਲੇ ਰਹੇ ਜਿਸ ਨੂੰ ਪਿਛੋਂ ਇਕ ਸਰੋਵਰ ਦਾ ਰੂਪ ਦਿਤਾ ਗਿਆ ਜੋ ਨਾਨਕਸਰ ਨਾਮ ਨਾਲ ਪ੍ਰਸਿਧ ਹੈ। ਇਥੇ ਜੋ ਯਾਦਗਰ ਸਥਿਤ ਹੈ ਉਸਨੂੰ ਵੀ ਗੁਰਦਵਾਰਾ ਨਾਨਕਸਰ ਦੇ ਨਾਮ ਨਾਲ ਯਾਦ ਕੀਤਾ ਜਾਂਦਾ ਹੈ । ਪੁਰਾਣਾ ਬੇਰ ਦਾ ਦਰਖਤ ਜੋ ਗੁਰਦੁਆਰਾ ਕੰਪਲੈਕਸ ਵਿਚ ਮੋਜੂਦ ਸੀ ਬਟਵਾਰੇ ਵੇਲੇ ਨੁਕਸਾਨਿਆ ਗਿਆ ਸੀ ਅਤੇ ਹੁਣ ਇਸ ਦੀ ਹੋਂਦ ਚਿੰਤਾ ਦਾ ਵਿਸ਼ਾ ਹੈ।

### ਪਸਰੂਰ ਅਤੇ ਮਿੱਠਣ ਦਾ ਕੋਟਲਾ

ਗੁਰੂ ਨਾਨਕ ਦੇਵ ਜੀ ਇਸ ਤੋ ਬਾਅਦ ਪਸਰੂਰ ਅਤੇ ਮਿੱਠਣ ਦੇ ਕੋਟਲੇ ਵੱਲ ਰਵਾਨਾ ਹੋਏ ਜਿਥੇ ਮਿਠਣ ਸ਼ਾਹ ਦੇ ਹੰਕਾਰ ਨੂੰ ਸਾਂਤ ਕੀਤਾ ਲੋਕਾ ਦੇ ਵਿਚਾਰਾਂ ਨੂੰ ਬਦਲ ਕੇ ਪ੍ਰਮਾਤਮਾਂ ਨਾਲ ਜੋੜਿਆ। ਮਿਠਣ ਸ਼ਾਹ ਹਿੰਦੂਆਂ ਨੂੰ ਮੁਰਦਿਆਂ ਦਾ ਸਸਕਾਰ ਨਹੀਂ ਸੀ ਕਰਨ ਦਿੰਦਾ ਤੇ ਦਬਣ ਲਈ ਕਹਿੰਦਾ ਸੀ । ਗੁਰੂ ਨਾਨਕ ਜੀ ਨੇ ਮਿਠਣ ਸ਼ਾਹ ਤੇ ਹਾਜ਼ਰ ਲੋਕਾਂ ਨੂੰ ਜ਼ਿੰਦਗੀ ਜਿਉਣ ਦੇ ਵੱਖਰੇ ਵੱਖਰੇ ਰਸਤਿਆਂ ਬਾਰੇ ਦਸਿਆ ਅਤੇ ਮਿਰਤਕ ਦੇਹ ਨੂੰ ਦਬਾਉਣ ਦੀ ਥਾਂ ਵਾਤਾਵਰਨ ਨੂੰ ਸ਼ੁਧ ਰਖੱਣ ਦੇ ਮੰਤਵ ਨਾਲ ਅਗਨ ਭੇਟ ਕਰਨ ਦੇ ਫਾਇਦੇ ਦੱਸੇ । ਗੁਰੂ ਸਾਹਿਬ ਦੀ ਗੱਲ ਮਿਠਣ ਸ਼ਾਹ ਤੇ ਸਾਰੇ ਹਾਜ਼ਰ ਲੋਕ ਸਮਝ ਗਏ । ਇਸ ਪਿਛੋਂ ਹਿੰਦੂਆ ਨੂੰ ਮਿਰਤਕ ਦੇਹਾਂ ਨੂੰ ਅਗਨ ਭੇਟ ਕਰਨ ਦੀ ਆਗਿਆ ਮਿਲ ਗਈ ।

### ਮਾਣਕ ਦੇਕੇ, ਲਾਹੌਰ

ਪਿੰਡ ਮਾਨਕ ਦੇਕੇ ਕਸੂਰ ਜਿਲ੍ਹੇ ਦੇ ਚੂਨੀ ਤਹਿਸੀਲ ਵਿਖੇ ਸਥਿਤ ਹੈ ਜੋ ਕਿ ਕੰਗਨਪੁਰ ਰੇਲਵੇ ਸਟੇਸ਼ਨ ਤੋ 2 ਕਿਲਮੀਟਰ ਦੀ ਦੂਰੀ ਤੇ ਹੈ । ਪਿੰਡ ਦੇ ਲੋਕਾਂ ਨੇ ਪਹਿਲਾਂ ਤਾਂ ਗੁਰੂ ਸਾਹਿਬ ਦਾ ਸਵਾਗਤ ਕੀਤਾ ਪਰ ਬਾਅਦ ਵਿਚ ਠੱਠਾ-ਮਜ਼ਾਕ ਉਡਾਇਆ । ਗੁਰੂ ਨਾਨਕ ਦੇਵ ਜੀ ਨੇ ਪਿੰਡ ਛੱਡ ਦਿਤਾ ਅਤੇ ਪਿੰਡ ਤੋ ਬਾਹਰ ਇਕ ਜਗ੍ਹਾ ਤੇ ਡੇਰਾ ਪਾ ਕੇ ਰਹਿਣ ਲਗੇ। ਕੁਝ ਪਿੰਡ ਵਾਲਿਆ ਨੂੰ ਗੁਰੂ ਜੀ ਤੋਂ ਪਿੰਡੋਂ ਬਾਹਰ ਰਹਿਣ ਦਾ ਕਾਰਣ ਪੁਛਿਆ ਤਾਂ ਗੁਰੂ ਜੀ ਨੰ ਕਿਹਾ ਕਿ ਉਹ ਪਾਜੀ ਹਨ ਜੋ ਕਹਿੰਦੇ ਕੁਝ ਹੋਰ ਹਨ ਤੇ ਕਰਦੇ ਕੁਝ ਹੋਰ ਹਨ। ਇਸ ਪਿਛੋਂ ਇਸ ਪਿੰਡ ਦਾ ਨਾਮ 'ਪਾਜੀ' ਪੈ ਗਿਆ। ਜਿਥੇ ਗੁਰੂ ਸਾਹਿਬ ਨੇ ਡੇਰਾ ਲਾਇਆ ਉਸ ਦਾ ਨਾਮ ਮਾਣਕ ਪੈ ਗਿਆ ਅਤੇ ਉਹ ਇਕ ਵਡਾ ਪਿੰਡ ਬਣ ਗਿਆ ਤੇ ਹੁਣ ਇਕ ਪੱਕੀ ਸੜਕ ਉਸ ਪਿੰਡ ਨੂੰ ਜਾਂਦੀ ਹੈ ।ਗੁਰੂ ਦੀ ਯਾਦ ਵਿਚ ਗੁਰਦੁਆਰਾ ਪਹਿਲੀ ਪਾਤਸ਼ਾਹੀ ਬਣਿਆ ਜੋ 82 ਘੁਮਾਂ ਜ਼ਮੀਨ ਵਿਚ ਸਥਿਤ ਇਕ ਵਿਸ਼ਾਲ ਕਪਲੈਕਸ ਸੀ ਜਿਸ ਵਿਚ 1947 ਦੀ ਵੰਡ ਤੋ ਪਹਿਲਾ ਬਾਰਾਦਰੀ, ਦਿਵਾਨ ਹਾਲ ਅਤੇ ਗੁਰਦਵਾਰੇ ਦੀ ਦੇਖ ਭਾਲ ਕਰਨ ਵਾਲੇ ਉਦਾਸੀ ਸਾਧੂਆਂ ਦੀਆਂ ਸਮਾਧਾਂ ਸਨ । ਗੁਰਦੁਆਰਾ ਹੁਣ ਹੋਂਦ ਵਿਚ ਨਹੀ ਹੈ ਅਤੇ ਗੁੰਬਦ ਵੀ ਢਹਿ ਗਿਆ ਹੈ।

### ਗੁਰਦੁਆਰਾ ਛੋਟਾ ਨਨਕਾਣਾ, ਹੁਜਰਾ ਸ਼ਾਹ ਮੁਕੀਮ, ਉਕਾੜਾ

ਹੁਜਰਾ ਸਾਹਿਬ ਮੁਕੀਮ ਤੋ ਬਗਾ ਅਵਾਨ ਵੱਲ ਜਾਂਦੀ ਸੜਕ ਉਤੇ ਸ਼ਹਿਰ ਤੋਂ ਲਗਭਗ ਇਕ ਕਿਲਮੀਟਰ ਦੀ ਦੂਰੀ ਤੇ ਸਥਿਤ ਗੁਰਦੁਆਰਾ ਛੋਟਾ ਨਨਕਾਣਾ ਹੈ । ਗੁਰੂ ਨਾਨਕ ਦੇਵ ਜੀ ਮਾਣਕ ਦੇ ਤੋਂ ਚਲਦੇ ਹੋਏ ਇਸ ਸਥਾਨ ਤੇ ਆਏ । ਇਕ ਸਮੇਂ ਇਹ ਬੜਾ ਸੁੰਦਰ ਗੁਰ ਅਸਥਾਨ ਸੀ ਪਰ ਹੁਣ ਉਥੇ ਕੇਵਲ ਖੇਤ ਹੀ ਹਨ । ਭਾਵੇਂ ਕਿ ਇਥੋਂ ਦੀ ਮੁਸਲਮਾਨ ਅਬਾਦੀ ਇਸ ਨੂੰ ਛੋਟੇ ਨਨਕਾਣੇ ਦੇ ਨਾਮ ਨਾਲ ਜਾਣਦੀ ਹੈ। ਇਸ ਪਿੰਡ ਵਿੱਚ 9.5 ਘੁਮਾਂ ਜ਼ਮੀਨ ਗੁਰਦੁਆਰਾ ਸਾਹਿਬ ਦੇ ਨਾਮ ਤੇ ਹੈ। ਇਸ ਤੋ ਇਲਾਵਾ ਗੁਰਦੁਆਰਾ ਸਾਹਿਬ ਦੀ ਹੋਰ ਵੀ ਕਈ ਪਿੰਡਾਂ ਵਿਚ ਜ਼ਮੀਨ ਹੈ । ਹੁਣ ਇਕ ਬੋਹੜ ਅਤੇ ਇਕ ਖੂਹ ਗੁਰੂ ਸਾਹਿਬ ਦੇ ਫੇਰੀ ਦੀ ਯਾਦ ਕਰਵਾਉਂਦੇ ਹਨ ।

### ਗੁਰਦੁਆਰਾ ਨਾਨਕਿਆਣਾ ਸਾਹਿਬ, ਮਾਂਗਾ

ਇਸ ਤੋ ਅੱਗੇ ਉਹ ਛਾਂਗਾ ਮਾਂਗਾ ਪਿੰਡ ਦੇ ਬਾਹਰ ਜੰਗਲ



ਗੁਰਦੁਆਰਾ ਨਨਕਿਆਣਾ ਸਾਹਿਬ, ਮਾਂਗਾ



ਗੁਰਦੁਆਰਾ ਨਾਨਕਸਾਰ, ਟਿੱਬਾ ਅਬੋਹਰ, ਪਾਕਪਟਨ

ਵਿੱਚ ਠਹਿਰੇ ਜਿਥੋ ਗੁਰਦੁਆਰਾ ਨਨਕਾਣਾ ਤਲਾਬ ਬਣਿਆ । ਛਾਂਗਾ ਮਾਂਗਾ ਲਾਹੌਰ ਦੇ ਦੱਖਣ ਪਛਮ ਵਿਚ 40 ਕਿਲਮੀਟਰ ਦੀ ਦੂਰੀ ਤੇ ਹੈ ਅਤੇ ਲਾਹੌਰ-ਮੁਲਤਾਲ ਹਾਈਵੇ ਤੇ ਪੈਂਦਾ ਹੈ । ਗੁਰੂ ਸਾਹਿਬ ਤਲਵੰਡੀ ਤੋ ਮੁੜਦੇ ਹੋਏ ਸੁਲਤਾਨ ਪੁਰ ਜਾਂਦੇ ਹੋਏ ਇਸ ਸਥਾਨ ਤੇ ਆਏ।ਇਕ ਸਾਧੂ ਰਾਜਸੰਤ ਨੂੰ ਇਸ ਸਥਾਨ ਤੇ ਗਿਆਨ ਪ੍ਰਾਪਤ ਹੋਇਆ । ਸਿੱਖ ਰਾਜ ਵੇਲੇ ਗੁਰਦੁਆਰਾ ਸਾਹਿਬ ਦੇ ਨਾਮ 135 ਏਕੜ ਜ਼ਮੀਨ ਸੀ ਜੋ 1947 ਦੀ ਵੰਡ ਪਿਛੋਂ ਜਸਟਿਸ ਮੌਲਵੀ ਮੁਸ਼ਤਾਕ ਦੇ ਪਰਿਵਾਰ ਦੇ ਕਬਜ਼ੇ ਵਿਚ ਹੈ।

### ਪਾਕਪਟਨ

ਜਦ ਗੁਰੂ ਨਾਨਕ ਦੇਵ ਜੀ ਪਾਕਪਟਨ ਪਹੁੰਚੇ, ਤਦ ਸ਼ੇਖ ਇਬਰਾਹਮ ਫਰੀਦ ਸਾਨੀ ਪਾਕਪਟਨ ਵਿਚ ਖਾਨਕਾਹ ਦੇ 12ਵੇਂ ਸ਼ੇਖ ਫਰੀਦ ਸਯਦਾ ਨਸ਼ੀਨ ਸਨ । ਜਦੋ ਗੁਰੂ ਨਾਨਕ ਦੇਵ ਜੀ ਉਨ੍ਹਾ ਨੂੰ ਮਿਲੇ, ਤਾਂ ਉਹ ਬੜੇ ਜਵਾਨ ਅਤੇ ਅਪਣੀ ਸਮਝਦਾਰੀ ਲਈ ਜਾਣੇ ਜਾਦੇ ਸਨ । ਜਦ ਕਸਬੇ ਤੋਂ ਬਾਹਰ ਗੁਰੂ ਨਾਨਕ ਸਾਹਿਬ ਨੇ ਬਾਣੀ ਦਾ ਉਚਾਰਣ ਕੀਤਾ :

**ਆਪੇ ਪਟੀ ਕਲਮ ਆਪਿ ਉਪਰਿ ਲੇਖੁ ਭਿ ਤੂੰ॥**
**ਏਕੋ ਕਹੀਐ ਨਾਨਕਾ ਦੂਜਾ ਕਾਹੇ ਕੂ ॥**
**(ਮਲ੍ਹਾਰ ਵਾਰ, ਅੰਗ ੧੨੯੧)**

ਜੋ ਇਬਰਾਹਮ ਦੇ ਇਕ ਚੇਲੇ ਕਮਾਲ ਨੇ ਇਹ ਸੁਣਿਆਂ ਜੋ ਲਕੜਾਂ ਇਕੱਠੀਆਂ ਕਰਨ ਆਇਆ ਹੋਇਆ ਸੀ ।ਸ਼ਬਦ ਸੁਣ ਕੇ ਕਮਾਲ ਗੁਰੂ ਨਾਨਕ ਦੇਵ ਜੀ ਕੋਲ ਗਿਆ ਤੇ ਇਸ ਸ਼ਬਦ ਦਾ ਅਰਥ ਪੁਛਿਆ । ਗੁਰੂ ਸਾਹਿਬ ਨੇ ਸਮਝਾਇਆ ਕਿ 'ਸਾਰੀ ਦੁਨੀਆਂ ਦੇ ਲੇਖ ਲਿਖਣ ਵਾਲਾ ਤਾਂ ਇਕੋ ਪ੍ਰਮਾਤਮਾਂ ਹੀ ਹੈ । ਜੇ ਉਹ ਇਕ ਹੀ ਸਭ ਦਾ ਰਚਣਹਾਰਾ ਤੇ ਭਾਗ ਉਲੀਕਣ ਵਾਲਾ ਹੈ ਤਾਂ ਫਿਰ ਦੁਨੀਆਂ ਦੂਜਿਆਂ ਨੂੰ ਕਿਉਂ ਮੰਨਦੀ ਪੂਜਦੀ ਫਿਰਦੀ ਹੈ?" ਗੁਰੂ ਜੀ ਦੇ ਬੜੇ ਪਿਆਰ ਨਾਲ ਸਮਝਾਏ ਇਨ੍ਹਾਂ ਸ਼ਬਦ ਅਰਥਾਂ ਨੇ ਕਮਾਲ ਦਾ ਮਨ ਮੋਹ ਲਿਆ ਤਾਂ ਉਸ ਸ਼ੇਖ ਇਬਰਾਹਮ ਕੋਲ ਗੁਰੂ ਜੀ ਦੀ ਪ੍ਰਸੰਸਾ ਕਰਦਿਆਂ ਕਿਹਾ,"ਮੈਂ ਅਜ ਇਕ ਮਹਾਨ ਸੰਤ ਦੇ ਦਰਸ਼ਨ ਕੀਤੇ ਹਨ ਜੋ ਲਗਦਾ ਤਾਂ ਹਿੰਦੂ ਹੈ ਪਰ ਉਸ ਦੇ ਵਿਚਾਰ ਕੁਰਾਨ ਅਨੁਸਾਰ ਹਨ। ਉਹ ਵੀ ਇਕ ਅੱਲਾ ਬਾਰੇ ਹੀ ਗਾਉਂਦਾ ਹੈ ਤੇ ਸਭ ਨੂੰ ਉਸੇ ਕਲਮ ਦੀ ਲੇਖਣੀ ਦਸਦਾ ਹੈ ਉਵੇਂ ਜਿਵੇਂ ਕੁਰਾਨ ਵਿਚ ਲਿਖਿਆ ਹੈ।ਉਸ ਦੇ ਮੁੱਖ ਤੇ ਅੰਤਾਂ ਦਾ ਜਲਾਲ ਹੈ ਜਿਸ ਤੋਂ ਜ਼ਾਹਿਰ ਹੈ ਕਿ ਉਸਨੂੰ ਅੱਲਾ ਦੀ ਪ੍ਰਾਪਤੀ ਹੋ ਗਈ ਹੈ" ।ਇਹ ਸੁਣ ਕੇ ਸ਼ੇਖ ਇਬਰਾਹਮ ਸੋਚਾਂ ਵਿਚ ਪੈ ਗਿਆ, "ਹਿੰਦੂ ਨੂੰ ਅੱਲਾ ਦੀ ਪ੍ਰਾਪਤੀ ਕਿਵੇਂ ਹੋ ਗਈ?" ਅਪਣਾ ਸ਼ਕ ਦੂਰ ਕਰਨ ਲਈ ਉਸਨੇ ਕਮਲ ਨੂੰ ਗੁਰੂ ਨਾਨਕ ਦੇਵ ਜੀ ਤੋਂ ਇਕ ਸਵਾਲ ਪੁੱਛਣ ਲਈ ਕਿਹਾ, "ਪ੍ਰਮਾਤਮਾਂ ਇਕ ਹੈ ਪਰ ਰਸਤੇ ਦੋ ਹਨ ਹਿੰਦੂ ਅਤੇ ਮੁਸਲਿਮ। ਇਨ੍ਹਾਂ ਵਿੱਚੋਂ ਕਿਹੜਾ ਰਸਤਾ ਅੱਲਾ ਤਕ ਪਹੁੰਚਾਉਂਦਾ ਹੈ ਜਿਸ ਨੂੰ ਅਪਣਾਈਏ ਤੇ ਕਿਸ ਰਸਤੇ ਨੂੰ ਨਕਾਰੀਏ?" ਗੁਰੂ ਨਾਨਕ ਦੇਵ ਜੀ ਨੇ ਜਵਾਬ ਦਿਤਾ, "ਪ੍ਰਮਾਤਮਾਂ ਇਕ ਹੈ ।ਉਸ ਦਾ ਰਸਤਾ ਵੀ ਇਕੋ ਹੈ ਤੇ ਉਹ ਹੈ ਸੱਚ ਦਾ । ਸੱਚ ਅਪਣਾਉ ਤੇ ਝੂਠ ਨਕਾਰੋ"। ਜਵਾਬ ਤੋਂ ਪ੍ਰਭਾਵਿਤ ਹੋ ਕੇ ਸ਼ੇਖ ਇਬਰਾਹਮ ਇਕ ਦਮ ਗੁਰੂ ਸਾਹਿਬ ਨੂੰ ਸ਼ਰਧਾ ਦੇ ਫੁਲ ਭੇਟ ਕਰਨ ਚਲ ਪਏ । ਪਹੁੰਚ ਕੇ ਸ਼ੇਖ ਇਬਰਾਹਮ ਨੇ ਗੁਰੂ ਜੀ ਨੂੰ ਸਿੱਧਾ ਸਵਾਲ ਪਾਇਆ, "ਤੁਸੀਂ ਹਿੰਦੂ ਹੋ ਯਾ ਮੁਸਲਮਾਨ?" । ਗੁਰੂ ਨਾਨਕ ਦੇਵ ਜੀ ਨੇ ਜਵਾਬ ਦਿਤਾ, "ਜੇ ਮੈ ਕਿਹਾ ਕਿ ਮੈ ਹਿੰਦੂ ਹਾ ਤਾਂ ਇਹ ਝੂਠ ਹੋਵੇਗਾ।ਮੈ ਮੁਸਲਿਮ ਵੀ ਨਹੀ ਹਾ" । ਅੱਗੇ ਬੋਲੇ "ਹਿੰਦੂ ਅਤੇ ਮੁਸਲਮਾਨ ਦਾ ਸਰੀਰ ਤੇ ਰਤ ਇਕੋ ਪਦਾਰਥ ਦਾ ਬਣੇ ਹੋਏ ਹਨ । ਇਸ ਲਈ ਮੈਨੂੰ ਦੋਨਾਂ ਵਿਚ ਕੋਈ ਫਰਕ ਨਜ਼ਰ ਨਹੀ ਆਉਦਾ। ਇਕੋ ਪ੍ਰਮਾਤਮਾਂ ਹੀ ਸਾਰੇ ਹਿੰਦੂਆਂ ਅਤੇ ਮੁਸਲਮਾਨਾਂ ਵਿਚ ਵਸਦਾ ਹੈ । ਇਕੋ ਪ੍ਰਮਾਤਮਾਂ ਸਭ ਦੇ ਕਰਮਾਂ ਨੂੰ ਵਾਚਦਾ ਹੈ । ਜੋ ਉਸ ਇਕ ਪ੍ਰਮਾਤਮਾਂ ਨੂੰ ਸਚਾਈ ਅਤੇ ਇਮਾਨਦਾਰੀ ਨਾਲ ਧਿਆਉਂਦਾ ਹੈ ਉਹ ਹੀ ਉਸ ਤੋ ਗਿਆਨ ਅਤੇ ਪਿਆਰ ਪ੍ਰਾਪਤ ਕਰਦਾ ਹੈ । ਹਿੰਦੂ ਅਤੇ ਮੁਸਲਮਾਨ ਦੇ ਚੰਗੇ ਗੁਣਾਂ ਦੀ ਪ੍ਰਮਾਤਮਾਂ ਵੱਲੋ ਤਾਰੀਫ ਹੁੰਦੀ ਹੈ ਅਤੇ ਗਲਤ ਕੰਮਾ ਲਈ ਨਿਖੇਧੀ ਵੀ ਜਿਸ ਲਈ ਉਸ ਨੂੰ ਸਜ਼ਾ ਵੀ ਭੁਗਤਨੀ ਪੈਦੀ ਹੈ । ਮੈਂ ਪ੍ਰਮਾਤਮਾਂ ਦਾ ਚਾਕਰ ਹਾ ਅਤੇ ਪ੍ਰਮਾਤਮਾਂ ਦੇ ਸਚੇ ਭਗਤਾਂ ਦਾ ਭਾਈ ਹਾ ਚਾਹੇ ਉਹ ਕਿਸੇ ਵੀ ਧਰਮ ਨਾਲ ਸਬੰਧ

ਰਖਦੇ ਹੋਣ ਇਸ ਦਾ ਨਾ ਪ੍ਰਮਾਤਮਾ ਨੂੰ ਤੇ ਨਾ ਮੈਨੂੰ ਕੋਈ ਫਰਕ ਨਹੀ ਪੈਂਦਾ। ਇਥੇ ਮੈਂ ਇਹ ਵੀ ਦਸ ਦਿਆਂ ਕਿ ਜਦ ਪ੍ਰਮਾਤਮਾ ਨੇ ਇਨਸਾਨ ਬਣਾਏ ਤਾਂ ਉਸ ਵੇਲੇ ਕੋਈ ਧਰਮ ਨਹੀਂ ਸੀ ਕਿਉਂਕਿ ਪ੍ਰਮਾਤਮਾ ਤਾਂ ਸਭ ਦਾ ਸਾਂਝਾ ਹੈ ਧਰਮ ਤਾਂ ਇਨਸਾਨ ਨੇ ਬਾਦ ਵਿਚ ਬਣਾ ਲਏ ਤੇ ਹੋਰ ਵੀ ਬਣਾਈ ਜਾਵੇਗਾ ਤੇ ਲੋਕਾਂ ਨੂੰ ਫਿਰਕਿਆਂ ਵਿਚ ਵੰਡੀ ਜਾਏਗਾ। ਪਰ ਪ੍ਰਮਾਤਮਾਂ ਲਈ ਕੋਈ ਧਰਮ ਅਪਣਾ ਨਹੀਂ ਉਹ ਤਾਂ ਸਭ ਨੂੰ ਇਕੋ ਜਿਹਾ ਪਿਆਰ ਕਰਦਾ ਹੈ"। ਸ਼ੇਖ ਇਬਰਾਹਮ ਗੁਰੂ ਜੀ ਦੇ ਜਵਾਬ ਨੇ ਕੀਲ ਲਿਆ ਤੇ ਫਿਰ ਉਸ ਨੇ ਕਈ ਦਿਨ ਗੁਰੂ ਸਾਹਿਬ ਦੀ ਸੇਵਾ ਕੀਤੀ। ਇਹ ਕਿਹਾ ਜਾਦਾ ਹੈ ਕਿ ਆਸਾ ਦੀ ਵਾਰ ਦੀ ਰਚਨਾ ਵੀ ਇਸੇ ਸਥਾਨ ਤੇ ਸ਼ੇਖ ਫਰੀਦ ਦੀ ਬੇਨਤੀ ਤੇ ਕੀਤੀ। ਆਦਿ ਗ੍ਰੰਥ ਦੀ ਰਚਨਾ ਕਰਨ ਵੇਲੇ ਗੁਰੂ ਅਰਜਨ ਦੇਵ ਜੀ ਨੇ ਆਸਾ ਦੀ ਵਾਰ ਪਾਕਪਟਨ ਤੋਂ ਹੀ ਪ੍ਰਾਪਤ ਕੀਤਾ। ਸੇਖ ਇਬਰਾਹਮ ਨੇ ਸ਼ੇਖ ਫਰੀਦ ਦੀਆਂ ਰਚਨਾਵਾਂ ਦੀ ਇਕ ਸਹੀ ਕਾਪੀ ਗੁਰੂ ਨਾਨਕ ਦੇਵ ਸਾਹਿਬ ਨੂੰ ਦਿਤੀ ਜੋ ਗੁਰੂ ਸਾਹਿਬ ਨੇ ਸੰਭਾਲ ਕੇ ਰੱਖੀ। ਗੁਰੂ ਨਾਨਕ ਦੇਵ ਸਾਹਿਬ ਨੇ ਸੁਹਰਾਵਰਦੀ ਸਿਲਸਿਲਾ ਦੇ ਸੰਤਾਂ ਨਾਲ ਵੀ ਏਥੇ ਹੀ ਧਾਰਮਿਕ ਚਰਚਾ ਵੀ ਕੀਤੀ।

### ਗੁਰਦੁਆਰਾ ਨਾਨਕਸਰ, ਪਾਕਪਟਨ ਸ਼ਹਿਰ

ਪਾਕਪਟਨ ਸ਼ਹਿਰ ਦੇ ਬਾਹਰਲੇ ਪਾਸੇ ਸਮਾਧਾਂ ਵਿਚ ਗੁਰੂ ਨਾਨਕ ਜੀ ਨਾਲ ਸਬੰਧਤ ਗੁਰਦੁਆਰਾ ਸੀ ਜਿਸਨੂੰ ਉਦਾਸੀ ਸੰਤ ਸੰਭਾਲਦੇ ਸਨ।ਹਜ਼ਾਰ ਘੁਮਾਂ ਜ਼ਮੀਨ ਇਸ ਪਵਿਤਰ ਇਮਾਰਤ ਦਾ ਨਾਮ ਹਨ। ਗੁਰਦੁਆਰਾ ਅਤੇ ਸਮਾਧ ਹੁਣ ਢਹਿ ਢੇਰੀ ਹੋ ਗਏ ਹਨ ਤੇ ਇਸ ਸਥਾਨ ਤੇ ਹੁਣ ਬਾਬਾ ਫਰੀਦ ਸ਼ਕਰਗੰਜ ਕਾਲਜ ਹੈ। ਇਸ ਦੀ ਨਵੀਂ ਇਮਾਰਤ ਬਨਣ ਤੋ ਪਹਿਲਾਂ ਕਾਲਜ ਗੁਰਦੁਆਰੇ ਦੀ ਇਮਾਰਤ ਵਿੱਚ ਹੀ ਸੀ, ਜੋ ਕਿ ਗੁਰਦੁਆਰਾ ਸਾਹਿਬ ਦੀ ਪੁਰਾਣੀ ਬਿਲਡਿੰਗ ਦੇ ਢਹਿਣ ਤੋਂ ਪਿਛੋਂ ਬਣਾਈ ਗਈ।

### ਟਿਬਾ ਨਾਨਕਸਰ ਚੱਕ ਨੰ: 38 ਐਸ.ਪੀ.

ਪਾਕਪਟਨ ਤੋ 6 ਕਿਲਮੀਟਰ ਦੀ ਦੂਰੀ ਤੇ ਟਿਬਾ ਨਾਨਕਸਰ ਚੱਕ ਨੰ: 38 ਐਸ.ਪੀ. ਹੈ ਜੋ ਰੇਲਵੇ ਸਟੇਸ਼ਨ ਦੇ ਨਜਦੀਕ ਹੀ ਹੈ ਜਿਥੇ ਗੁਰੂ ਨਾਨਕ ਦੇਵ ਜੀ ਇਬਰਾਹਮ ਫਰੀਦ ਸਾਨੀ ਕੋਲ ਗੁਰੂ ਜੀ ਠਹਿਰੇ ਸਨ।ਏਥੇ ਇਕ ਦੋ ਮੰਜਿਲੀ ਬਿਲਡਿਗ ਹੁਣ ਵੀ ਹੈ। ਵੰਡ ਤੋ ਬਾਅਦ ਇਸ ਜਗ੍ਹਾ ਤੇ ਜਿਸ ਪਰਿਵਾਰ ਨੇ ਇਹ ਥਾਂ ਮੱਲਿਆ ਹੁਣ ਇਸ ਜਗ੍ਹਾ ਨੂੰ ਸਾਲਾਨਾ ਮੇਲਾ ਲਗਾਉਣ ਲਈ ਵਰਤਦੇ ਹਨ। ਪਿੰਡ ਦਾ ਨਾਮ ਹੁਣ ਵੀ ਨਾਨਕ ਟਿਬਾ ਹੈ। ਸਾਹੀਵਾਲ ਦੇ ਪਖਤੂਨ ਸਿੱਖ ਨੇ ਨਾਨਕ ਟਿਬਾ ਗੁਰਦੁਆਰਾ ਵਿਖੇ ਇਕ ਕਮਰੇ ਨੂੰ ਦੁਬਾਰਾ ਬਣਾਇਆ ਹੈ। ਬਾਕੀ ਗੁਰਦੁਆਰਾ ਸਾਹਿਬ ਦੀ ਹਾਲਤ ਬੜੀ ਖਰਾਬ ਹੈ ਅਤੇ ਮੁਰੰਮਤ ਦੀ ਲੋੜ ਹੈ। ਇਸ ਸਥਾਨ ਨੂੰ ਸੰਭਾਲਣਾ ਬੜਾ ਜ਼ਰੂਰੀ ਹੈ ਕਿਉਂਕਿ ਇਸ ਸਥਾਨ ਦਾ ਪੰਜਾਬ ਦੇ ਇਤਿਹਾਸ ਵਿੱਚ ਬੜਾ ਮਹਤਵਪੂਰਨ ਸਥਾਨ ਹੈ।

### ਟਿੱਬਾ ਅਬੋਹਰ 1 ਈ.ਬੀ.

ਪਾਕਪਟਨ ਤੋਂ 30 ਕਿਲਮੀਟਰ ਦੀ ਦੂਰੀ ਤੇ ਰੰਗਸ਼ਾਹ ਦੇ ਨਜ਼ਦੀਕ ਪਾਕਪਟਨ-ਆਰਿਫਵਾਲਾ ਸੜਕ ਤੇ ਗੁਰੂ ਨਾਨਕ ਦੇਵ ਜੀ ਦੀ ਯਾਦ ਦਿਵਾਉਦਾ ਇਕ ਸੁੰਦਰ ਬਣਿਆ ਗੁਰਦੁਆਰਾ ਸਾਹਿਬ ਸੀ। ਗੁਰਦੁਆਰੇ ਕੋਲ ਪੜੋਸੀ ਪਿੰਡਾਂ ਦੀ ਇਕ ਵੱਡੀ ਜਗੀਰ ਅਤੇ 12 ਘੁਮਾਂ ਦੇ ਕਰੀਬ ਜ਼ਮੀਨ ਹੈ।

### ਚਾਵਲੀ ਮਸਾਇਕ (ਜ਼ਿਲਾ ਮੁਲਤਾਨ)

ਸ਼ੇਖ ਇਬਰਾਹਮ ਦੇ ਜਿਗਰੀ ਦੋਸਤ ਚਾਵਲੀ ਮਸ਼ਾਇਕ ਦੇ ਦੀਵਾਨ ਨੂੰ ਜਦ ਪਤਾ ਲੱਗਿਆ ਕਿ ਨਾਨਕ ਦਰਵੇਸ਼ ਇਬਰਾਹਮ ਕੋਲ ਰਹਿ ਰਿਹਾ ਹੈ ਤਾਂ ਖਾਸ ਤੌਰ ਤੇ ਮਿਲਣ ਆਇਆ, ਬਚਨ-ਬਿਲਾਸ ਕੀਤੇ ਤੇ ਗੁਰੂ ਨਾਨਕ ਦੇਵ ਜੀ ਨੂੰ ਮੁਲਤਾਨ ਆਉਣ ਲਈ ਸੱਦਾ ਦਿਤਾ ਜੋ ਗੁਰੂ ਜੀ ਨੇ ਸਵੀਕਾਰ ਕੀਤਾ ਅਤੇ ਮੁਲਤਾਨ ਜਾ ਕੇ ਚਾਵਲੀ ਮਸ਼ਾਇਕ ਦੇ ਦੀਵਾਨ ਦੇ ਘਰ ਠਹਿਰੇ ਜਿਸਨੇ ਅਪਣੇ ਘਰ ਨੂੰ ਬਦਲ ਕੇ ਗੁਰੂ ਸਾਹਿਬ ਦੇ ਯਾਦਗਾਰੀ ਸਥਾਨ ਬਣਾ ਦਿਤਾ ਜਿਸਨੂੰ ਹੁਣ ਵੀ ਪਾਕਿਸਤਾਨ ਸਰਕਾਰ ਨੇ ਇਤਾਹਿਸਕ ਗੁਰਦੁਆਰੇ ਦੇ ਰੂਪ ਵਿੱਚ ਸੰਭਾਲ ਕੇ ਰੱਖਿਆ ਹੈ। ਇਥੇ ਹਰ ਸਾਲ ਮੇਲਾ ਲਗਦਾ ਹੈ ਜਿਸ ਵਿੱਚ ਗੁਰੂ ਸਾਹਿਬ ਦੇ ਫੇਰੀ ਨੂੰ ਯਾਦ ਕੀਤਾ ਜਾਂਦਾ ਹੈ।

ਇਕ ਛੋਟਾ ਗੁਰਦੁਆਰਾ ਗੁਰੂ ਨਾਨਕ ਦੇਵ ਸਾਹਿਬ ਦੀ ਇਥੇ ਦੀ ਫੇਰੀ ਦੀ ਯਾਦ ਕਰਵਾਉਦੀ ਹੈ। ਇਹ ਪਵਿਤਰ ਜਗ੍ਹਾ ਚੱਕ ਨੰ: 317 ਈ ਬੀ ਵਿਖੇ ਸਥਿਤ ਹੈ ਜੋ ਕਿ ਬੂਰੇਵਾਲਾ-ਸਾਹੋਕੀ ਸੜਕ ਤੇ ਹੈ। ਇਹ ਥਾਂ ਚੱਕ ਦੀਵਾਨ ਸਾਹਿਬ ਚਾਵਲੀ ਮਸਾਇਕ ਜਾਂ ਚੱਕ ਹਾਜੀ ਸ਼ੇਰ ਮੁਹੰਮਦ ਦੇ ਨਾਮ ਨਾਲ ਵੀ ਜਾਣਿਆ ਜਾਂਦਾ ਹੈ।ਸ਼ੇਖ ਬਹਾਉਦੀਨ ਜ਼ਕਰੀਆ ਸੁਹਰਾਵਰਦੀ ਇਸ ਇਲਾਕੇ ਵਿਚ ਧਾਰਮਿਕ ਪ੍ਰਭਾਵ ਰਖਦਾ ਸੀ।ਗੁਰੂ ਨਾਨਕ ਦੇਵ ਜੀ ਨੇ ਸੁਹਰਾਵਰਦੀ ਸਿਲਸਿਲੇ ਦੇ ਲੋਕਾਂ ਨਾਲ ਬਚਨ ਬਿਲਾਸ ਕੀਤੇ ਤੇ ਸਨਮਾਨ ਤੇ ਪ੍ਰਭਾਵ ਵਧਾਇਆ।ਇਸ ਇਲਾਕੇ ਵਿਚ ਬੂਰੇਵਾਲ ਰੇਲਵੇ ਸਟੇਸ਼ਨ ਤੋਂ ਬੱਸ ਇਸ ਪਿੰਡ ਨੂੰ ਜਾਂਦੀ ਹੈ। ਲੋਕ ਇਸ ਨੂੰ ਹੁਣ ਵੀ ਗੁਰੂ ਨਾਨਕ ਜੀ ਦੇ ਤਪ ਸਥਾਨ ਦੇ ਨਾਮ ਨਾਲ ਜਾਣਦੇ ਹਨ। ਹੁਣ ਇਕ ਮੁਸਲਿਮ ਪਰਿਵਾਰ ਇਸ ਸਥਾਨ ਦੀ ਦੇਖਭਾਲ ਕਰਦਾ ਹੈ।ਏਥੋਂ ਮੁਲਤਾਨ ਹੁੰਦੇ ਹੋਏ ਗੁਰੂ ਨਾਨਕ ਦੇਵ ਜੀ ਤੁਲੰਭੇ ਵਲ ਵਧੇ।

### ਮਹਮੂਦਪੁਰ

ਪਿੰਡ ਤੋਂ 2 ਕਿਲਮੀਟਰ ਦੀ ਦੂਰੀ ਤੇ ਗੁਰੂ ਨਾਨਕ ਦੇਵ ਸਾਹਿਬ ਦੀ ਯਾਦ ਵਿੱਚ ਗੁਰਦੁਆਰਾ ਹੈ ਜਿਥੇ ਗੁਰੂ ਸਾਹਿਬ ਦੀ ਚਿਸ਼ਤੀ ਸਮਨ ਨਾਲ ਵਿਚਾਰ ਹੋਈ ਸੀ। ਇਸ ਸਥਾਨ ਦੀ ਦੇਖਭਾਲ ਉਦਾਸੀ ਕਰਦੇ ਸਨ ਪਰ ਹੁਣ ਇਸ ਦੀ ਦੇਖ ਭਾਲ ਨਹੀਂ ਹੈ।

- ਕਰਨਲ ਡਾਕਟਰ ਦਲਵਿੰਦਰ ਸਿੰਘ ਗਰੇਵਾਲ
ਮੋਬਾਇਲ : 9815366726



# ਸ੍ਰੀ ਗੁਰੂ ਰਾਮਦਾਸ ਜੀ

ਸੁੰਦਰਤਾ ਦੀ ਸ਼ਿਖ਼ਰ, ਤਿੱਖੇ ਨੈਣ ਨਕਸ਼, ਚੌੜੇ ਮੱਥੇ ਤੇ ਤੇਜ਼ ਪ੍ਰਭਾਵ ਵਾਲੇ ਭਾਈ ਜੇਠਾ ਜੀ ਬਚਪਨ ਵਿੱਚ ਹੀ ਅਤੀ ਡੂੰਘੀ ਬੁੱਧੀ ਦੇ ਮਾਲਕ ਸਨ। ਆਪ ਦਾ ਬਚਪਨ ਤੋਂ ਹੀ ਪ੍ਰਭੂ-ਪਰਮਾਤਮਾ ਨਾਲ ਪ੍ਰੇਮ ਪਿਆਰ ਦਿੱਸਦਾ ਸੀ। ਆਪ ਅਡੋਲ ਚਿੱਤ, ਧੀਰਜਵਾਨ ਅਤੇ ਧਰਮ ਸਰੂਪ ਸਨ। ਬਾਲ ਅਵਸਥਾ ਵਿੱਚ ਦੂਜੇ ਹਾਣੀਆਂ ਨਾਲ ਖੇਡਣ ਸਮੇਂ ਵੀ ਆਪ ਭਗਤੀ ਭਾਵ ਦੀਆਂ ਗੱਲਾਂ ਕਰਦੇ ਸਨ।

**ਮਾਤਾ-ਪਿਤਾ ਦਾ ਚਲਾਣਾ :**

ਭਾਈ ਜੇਠਾ ਜੀ (ਸ੍ਰੀ ਗੁਰੂ ਰਾਮਦਾਸ ਜੀ) ਅਜੇ ਕੋਈ ਸੱਤ ਕੁ ਸਾਲ ਦੀ ਉਮਰ ਦੇ ਹੀ ਸਨ ਕਿ ਆਪ ਜੀ ਦੇ ਮਾਤਾ ਪਿਤਾ ਅਕਾਲ ਚਲਾਣਾ ਕਰ ਗਏ। ਜਦੋਂ ਇਸ ਗੱਲ ਦਾ ਪਤਾ ਆਪ ਜੀ ਦੀ ਨਾਨੀ, ਜੋ ਕਿ ਬਾਸਰਕੇ ਪਿੰਡ ਵਿੱਚ ਰਹਿੰਦੇ ਸਨ, ਨੂੰ ਲੱਗਾ ਤਾਂ ਉਹ ਆਪ ਜੀ ਪਾਸ ਲਾਹੌਰ ਆ ਗਏ। ਦਾਦਕੇ ਪਰਿਵਾਰ ਅਤੇ ਰਿਸ਼ਤੇਦਾਰੀ ਵਿੱਚੋਂ ਕੋਈ ਵੀ ਇਨ੍ਹਾਂ ਦੀ ਬਾਂਹ ਫੜਨ ਵਾਲਾ ਅੱਗੇ ਨਾ ਆਇਆ ਪਰ ਉਸ ਸਮੇਂ ਇਹ ਕੌਣ ਜਾਣਦਾ ਸੀ ਕਿ ਯਤੀਮ ਹੋਇਆ ਇਹ ਬਾਲਕ ਇੱਕ ਦਿਨ 'ਸੋਢੀ ਪਾਤਿਸ਼ਾਹ' ਕਹਾਵੇਗਾ ਤੇ ਗੁਰੂ ਨਾਨਕ ਦੇ ਘਰ ਦੀ ਗੱਦੀ ਦਾ ਵਾਰਸ ਬਣ ਕੇ ਕੁੱਲ ਲੋਕਾਈ ਦਾ ਆਸਰਾ ਬਣੇਗਾ। ਸੋ ਕਿਸੇ ਵੀ ਸ਼ਰੀਕ (ਰਿਸ਼ਤੇਦਾਰ) ਨੂੰ ਅੱਗੇ ਨਾ ਆਉਂਦੇ ਹੋਏ ਵੇਖ ਕੇ ਭਾਈ ਜੇਠਾ ਜੀ ਨੂੰ ਆਪ ਜੀ ਦੀ ਨਾਨੀ ਆਪਣੇ ਪਿੰਡ ਬਾਸਰਕੇ ਲੈ ਆਈ।

**ਘੁੰਙਣੀਆਂ ਵੇਚਣ ਦੀ ਕਿਰਤ :**

ਭਾਈ ਜੇਠਾ ਜੀ ਨੇ ਬਾਸਰਕੇ ਵਿਖੇ ਰਹਿੰਦਿਆਂ ਹੋਇਆਂ ਘੁੰਙਣੀਆਂ ਵੇਚਣ ਦੀ ਕਿਰਤ ਅਰੰਭ ਕਰ ਦਿੱਤੀ। ਆਪ ਥੱਕੇ ਟੁੱਟੇ ਰਾਹੀਆਂ ਨੂੰ ਘੁੰਙਣੀਆਂ ਵੇਚਦੇ ਅਤੇ ਲੋੜਵੰਦਾਂ ਨੂੰ ਬਿਨਾਂ ਕੋਈ ਪੈਸਾ ਲਏ, ਛਕਾ ਦਿੰਦੇ।

**ਬਾਸਰਕੇ ਤੋਂ ਗੋਇੰਦਵਾਲ ਸਾਹਿਬ :**

ਭਾਈ ਜੇਠਾ ਜੀ ਆਪਣੇ ਜਿਸ ਨਾਨਕੇ ਪਿੰਡ ਬਾਸਰਕੇ ਵਿਖੇ

ਰਹਿ ਕੇ ਘੁੰਙਣੀਆਂ ਵੇਚਣ ਦੀ ਕਿਰਤ ਕਰਦੇ ਸਨ, ਇਹੀ ਪਿੰਡ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਗੱਦੀ ਦੇ ਤੀਜੇ ਵਾਰਸ ਸ੍ਰੀ ਗੁਰੂ ਅਮਰਦਾਸ ਜੀ ਦਾ ਪ੍ਰਕਾਸ਼ ਅਸਥਾਨ ਵੀ ਹੈ। ਸ੍ਰੀ ਗੁਰੂ ਅੰਗਦ ਦੇਵ ਜੀ ਦੇ ਜੋਤੀ ਜੋਤ ਸਮਾ ਜਾਣ ਤੋਂ ਬਾਅਦ ਸ੍ਰੀ ਗੁਰੂ ਅਮਰਦਾਸ ਜੀ ਨੇ ਆਪਣਾ ਪੱਕਾ ਵਸੇਬਾ ਸ੍ਰੀ ਗੋਇੰਦਵਾਲ ਸਾਹਿਬ ਕਰ ਲਿਆ। ਗੋਇੰਦਵਾਲ ਨਗਰ ਦੀ ਮਹਿਮਾ ਚਾਰੇ ਪਾਸੇ ਫੈਲ ਚੁੱਕੀ ਸੀ। ਭਾਈ ਜੇਠਾ ਜੀ ਸ੍ਰੀ ਗੁਰੂ ਅਮਰਦਾਸ ਜੀ ਦੇ ਦਰਸ਼ਨ ਕਰਨ ਵਾਸਤੇ ਬਾਸਰਕੇ ਤੋਂ ਸੰਗਤਾਂ ਦੇ ਨਾਲ ਸ੍ਰੀ ਗੁਰੂ ਅਮਰਦਾਸ ਜੀ ਦੇ ਦਰਬਾਰ ਵੱਲ ਤੁਰ ਪਏ।

ਸੰਗਤ ਦੇ ਸੰਗ ਨਾਲ ਆਏ ਭਾਈ ਜੇਠਾ ਜੀ ਨੇ ਗੋਇੰਦਵਾਲ ਸਾਹਿਬ ਵਿਖੇ ਸ੍ਰੀ ਗੁਰੂ ਅਮਰਦਾਸ ਜੀ ਦੀ ਸਖ਼ਸ਼ੀਅਤ ਤੋਂ ਪ੍ਰਭਾਵਿਤ ਹੁੰਦਿਆਂ ਬਾਸਰਕੇ ਵਾਪਸ ਪਰਤਣ ਦਾ ਵਿਚਾਰ ਤਿਆਗ ਕੇ ਸਦਾ ਲਈ ਸ੍ਰੀ ਗੁਰੂ ਅਮਰਦਾਸ ਜੀ ਦੀ ਸੇਵਾ ਵਿਚ ਰਹਿਣ ਦਾ ਵਿਚਾਰ ਬਣਾ ਲਿਆ। ਜੇਠਾ ਜੀ ਗੋਇੰਦਵਾਲ ਸਾਹਿਬ ਵਿਖੇ ਰਹਿੰਦਿਆਂ ਹੋਇਆਂ ਗੁਰੂ ਸਾਹਿਬ ਅਤੇ ਸੰਗਤ ਦੀ ਸੇਵਾ ਵਿੱਚ ਜੁੱਟ ਗਏ। ਇੱਥੇ ਸੰਗਤ ਦੀ ਸੇਵਾ ਕਰਦਿਆਂ ਹੋਇਆਂ ਵੀ ਆਪ ਨੇ ਆਪਣਾ ਗੁਜ਼ਾਰਾ ਕਿਰਤ ਕਰ ਕੇ ਭਾਵ ਘੁੰਙਣੀਆਂ ਵੇਚ ਕੇ ਹੀ ਕੀਤਾ।

### ਬੀਬੀ ਭਾਨੀ ਜੀ ਨਾਲ ਵਿਆਹ :

ਸ੍ਰੀ ਗੁਰੂ ਅਮਰਦਾਸ ਜੀ ਦੀਆਂ ਦੋ ਸਪੁੱਤਰੀਆਂ ਸਨ। ਵੱਡੀ ਸਪੁੱਤਰੀ ਬੀਬੀ ਦਾਨੀ ਜੀ ਦਾ ਵਿਆਹ ਭਾਈ ਰਾਮਾ ਜੀ ਨਾਲ ਹੋ ਗਿਆ ਸੀ ਜਦਕਿ ਛੋਟੀ ਸਪੁੱਤਰੀ ਬੀਬੀ ਭਾਨੀ ਜੀ ਦਾ ਵਿਆਹ ਅਜੇ ਹੋਣਾ ਸੀ। ਇੱਕ ਦਿਨ ਸ੍ਰੀ ਗੁਰੂ ਅਮਰਦਾਸ ਜੀ ਦੀ ਸੁਪਤਨੀ (ਮਾਤਾ) ਮਨਸਾ ਦੇਵੀ ਜੀ ਨੇ ਸ੍ਰੀ ਗੁਰੂ ਅਮਰਦਾਸ ਜੀ ਨੂੰ ਬੀਬੀ ਭਾਨੀ ਜੀ ਦੇ ਵਿਆਹ ਦਾ ਜ਼ਿਕਰ ਕੀਤਾ ਤਾਂ ਉਸ ਸਮੇਂ ਮਾਤਾ ਜੀ ਨੇ ਸ੍ਰੀ ਗੁਰੂ ਅਮਰਦਾਸ ਜੀ ਦੇ ਪੁੱਛਣ 'ਤੇ ਭਾਈ ਜੇਠਾ ਜੀ ਦੀ ਸਖ਼ਸ਼ੀਅਤ ਵਰਗਾ ਵਰ ਲੱਭਣ ਲਈ ਆਖਿਆ।

ਸ੍ਰੀ ਗੁਰੂ ਅਮਰਦਾਸ ਜੀ ਤਾਂ ਭਾਈ ਜੇਠਾ ਜੀ ਦੀ ਸਖ਼ਸ਼ੀਅਤ ਤੋਂ ਪਹਿਲਾਂ ਹੀ ਬਹੁਤ ਪ੍ਰਭਾਵਿਤ ਸਨ। ਭਾਈ ਜੇਠਾ ਜੀ ਦੀ ਅਦੁੱਤੀ ਸੇਵਾ ਅਤੇ ਨਿਮਰਤਾ ਭਾਵਨਾ ਨੇ ਸ੍ਰੀ ਗੁਰੂ ਅਮਰਦਾਸ ਜੀ ਦਾ ਮਨ ਪਹਿਲਾਂ ਤੋਂ ਹੀ ਮੋਹਿਆ ਹੋਇਆ ਸੀ। ਸ੍ਰੀ ਗੁਰੂ ਅਮਰਦਾਸ ਜੀ ਨੇ ਭਾਈ ਜੇਠਾ ਜੀ ਅੰਦਰ ਗੁਣਾਂ ਦਾ ਖ਼ਜ਼ਾਨਾ ਹੋਣ ਕਾਰਨ ਉਨ੍ਹਾਂ ਨੂੰ ਹੀ ਬੀਬੀ ਭਾਨੀ ਜੀ ਵਾਸਤੇ ਯੋਗ ਵਰ ਚੁਣ ਲਿਆ ਅਤੇ ਬੀਬੀ ਭਾਨੀ ਜੀ ਦਾ ਵਿਆਹ ਭਾਈ ਜੇਠਾ ਜੀ ਨਾਲ ਕਰ ਦਿੱਤਾ।

### ਸੰਤਾਨ :

ਭਾਈ ਜੇਠਾ ਜੀ ਦੇ ਘਰ ਤਿੰਨ ਸਪੁੱਤਰਾਂ ਦਾ ਜਨਮ ਹੋਇਆ। ਜਿਨ੍ਹਾਂ ਦੇ ਨਾਂ ਪ੍ਰਿਥੀ ਚੰਦ, ਮਹਾਂਦੇਵ ਅਤੇ (ਸ੍ਰੀ ਗੁਰੂ) ਅਰਜਨ ਦੇਵ ਜੀ ਰੱਖੇ ਗਏ।

### ਸੇਵਾ ਭਾਵਨਾ :

ਭਾਈ ਜੇਠਾ ਜੀ ਵਿਆਹ ਤੋਂ ਬਾਅਦ ਵੀ ਤਨ, ਮਨ ਅਤੇ ਧਨ ਨਾਲ ਸ੍ਰੀ ਗੁਰੂ ਅਮਰਦਾਸ ਜੀ ਦੀ ਸੇਵਾ ਵਿੱਚ ਲੱਗੇ ਰਹੇ। ਗੁਰੂ ਜੀ ਦੀ ਸੇਵਾ ਦੇ ਨਾਲ-ਨਾਲ ਉਹ ਸੰਗਤ ਦੀ ਵੀ ਅਥਾਹ ਸੇਵਾ ਕਰਦੇ। ਭਾਈ ਜੇਠਾ ਜੀ ਗੁਰੂ ਜੀ ਨਾਲ ਸੰਸਾਰਕ ਰਿਸ਼ਤੇਦਾਰੀ ਤੋਂ ਉਚੇਰੇ ਉੱਠ ਕੇ ਗੁਰੂ ਅਤੇ ਗੁਰੂ ਘਰ ਦੀ ਸੇਵਾ-ਘਾਲ ਵਿਚ ਨਿਰੰਤਰ ਜੁਟੇ ਰਹਿੰਦੇ। ਸ੍ਰੀ ਗੁਰੂ ਅਮਰਦਾਸ ਜੀ ਭਾਈ ਜੇਠਾ ਜੀ ਦੀ ਅਣਥੱਕ ਸੇਵਾ ਵੇਖ ਕੇ ਬਹੁਤ ਹੀ ਪ੍ਰਸੰਨ ਹੁੰਦੇ ਸਨ। ਗੁਰੂ ਅਮਰਦਾਸ ਜੀ ਭਾਈ ਜੇਠਾ ਜੀ ਨੂੰ ਜ਼ਿਆਦਾਤਰ 'ਰਾਮ ਦਾਸ' ਕਹਿ ਕੇ ਬੁਲਾਉਂਦੇ ਸਨ।

### ਬਾਉਲੀ ਨਿਰਮਾਣ ਦੀ ਸੇਵਾ :

ਗੋਇੰਦਵਾਲ ਸਾਹਿਬ ਵਿਖੇ ਜਦ ਸ੍ਰੀ ਗੁਰੂ ਅਮਰਦਾਸ ਜੀ ਨੇ 'ਬਾਉਲੀ' ਦੇ ਨਿਰਮਾਣ ਦੀ ਤਿਆਰੀ ਅਰੰਭੀ ਤਾਂ ਭਾਈ ਜੇਠਾ (ਸ੍ਰੀ ਗੁਰੂ ਰਾਮ ਦਾਸ ਜੀ) ਨੇ ਇਸ ਦਾ ਸਾਰਾ ਕਾਰਜ ਸੰਭਾਲਿਆ। ਭਾਈ ਜੇਠਾ ਜੀ ਕਾਰ ਸੇਵਾ ਕਰਦੀਆਂ ਸੰਗਤਾਂ ਦੇ ਨਾਲ ਖ਼ੁਦ ਟੋਕਰੀ ਢੋਇਆ ਕਰਦੇ ਸਨ।



ਇਹ ਦੇਖ ਕੇ ਲਾਹੌਰੋਂ ਆਏ ਭਾਈ ਜੇਠਾ ਜੀ (ਸ੍ਰੀ ਗੁਰੂ ਰਾਮ ਦਾਸ ਜੀ) ਦੇ ਸ਼ਰੀਕੇ ਦੇ ਕੁੱਝ ਸੱਜਣ ਉਨ੍ਹਾਂ ਨੂੰ ਸਹੁਰੇ ਘਰ ਟੋਕਰੀ ਢੋਂਦਿਆਂ ਦੇਖ ਕੇ ਬੁਰਾ ਮਨਾਉਣ ਲੱਗੇ ਤਾਂ ਭਾਈ ਜੇਠਾ (ਸ੍ਰੀ ਗੁਰੂ ਰਾਮ ਦਾਸ ਜੀ) ਨੇ ਉਨ੍ਹਾਂ ਨੂੰ ਗੁਰੂ ਘਰ ਦੀ ਵਡਿਆਈ ਬਾਰੇ ਸਮਾਝਾਉਂਦੇ ਹੋਏ ਰਿਸ਼ਤੇਦਾਰੀ ਤੋਂ ਉਤਾਂਹ ਉੱਠ ਕੇ ਸ੍ਰੀ ਗੁਰੂ ਅਮਰਦਾਸ ਜੀ ਪ੍ਰਤੀ ਆਪਣੀ ਅਥਾਹ ਸ਼ਰਧਾ-ਭਾਵਨਾ ਪ੍ਰਗਟ ਕੀਤੀ।

### ਗੁਰਗੱਦੀ ਦੀ ਪ੍ਰਾਪਤੀ :

ਇਤਿਹਾਸ ਵਿੱਚ ਜ਼ਿਕਰ ਆਉਂਦਾ ਹੈ ਕਿ ਇੱਕ ਦਿਨ ਸ੍ਰੀ ਗੁਰੂ ਅਮਰਦਾਸ ਜੀ ਨੇ ਸ੍ਰੀ ਰਾਮਾ ਜੀ ਅਤੇ ਭਾਈ ਜੇਠਾ ਜੀ (ਸ੍ਰੀ ਗੁਰੂ ਰਾਮ ਦਾਸ ਜੀ) ਦੀ ਥੜ੍ਹੇ ਬਣਾਉਣ ਦੀ ਪ੍ਰੀਖਿਆ ਲਈ, ਜਿਸ ਵਿੱਚ ਭਾਈ ਜੇਠਾ ਜੀ ਸ਼ਰਧਾ, ਗੁਰੂ ਪ੍ਰੇਮ, ਸਿਦਕ, ਆਪਾ ਭਾਵ ਦੀ ਨਿਵਿਰਤੀ ਅਤੇ ਉੱਤਰ ਰਹਿਤ ਆਗਿਆਕਾਰਤਾ ਦੇ ਸਬੂਤ ਨਾਲ ਸਫ਼ਲ ਰਹੇ।

ਸ੍ਰੀ ਗੁਰੂ ਅਮਰਦਾਸ ਜੀ ਤਾਂ ਪਹਿਲਾਂ ਹੀ ਜਾਣਦੇ ਸਨ ਕਿ ਉਨ੍ਹਾਂ ਤੋਂ ਮਗਰੋਂ ਗੁਰਤਾ ਦੀਆਂ ਜ਼ਿੰਮੇਵਾਰੀਆਂ ਭਾਈ ਜੇਠਾ (ਸ੍ਰੀ ਗੁਰੂ ਰਾਮ ਦਾਸ ਜੀ) ਜੀ ਸੰਭਾਲਣਗੇ, ਪਰ ਇਸ ਪ੍ਰੀਖਿਆ ਨੇ ਸਭ ਸਿੱਖ ਸੰਗਤਾਂ ਨੂੰ ਇਹ ਯਕੀਨ ਕਰਾ ਦਿੱਤਾ ਕਿ ਭਾਈ ਜੇਠਾ ਜੀ ਹੀ ਗੁਰਤਾ ਦੇ ਯੋਗ ਹਨ। ਸ੍ਰੀ ਗੁਰੂ ਅਮਰਦਾਸ ਜੀ ਨੇ ਆਪਣੇ ਸੱਚਖੰਡ ਵਾਪਸੀ ਸਮੇਂ ਭਾਈ ਜੇਠਾ ਜੀ ਨੂੰ ਸੰਨ 1574 ਈ. ਨੂੰ ਗੁਰਗੱਦੀ ਬਖ਼ਸ਼ ਕੇ ਭਾਈ ਜੇਠਾ ਤੋਂ ਸ੍ਰੀ ਗੁਰੂ ਰਾਮਦਾਸ ਬਣਾ ਦਿੱਤਾ।

ਸਾਰੀ ਸੰਗਤ ਤੇ ਮੁਖੀਆਂ ਨੇ ਸ੍ਰੀ ਗੁਰੂ ਰਾਮਦਾਸ ਜੀ ਨੂੰ ਮੱਥਾ ਟੇਕਿਆ। ਸਾਰਿਆਂ ਨੇ ਨਮਸਕਾਰ ਕੀਤੀ। ਇਸ ਤਰ੍ਹਾਂ ਆਪਣੇ ਨਿਜੀ ਗੁਣਾਂ, ਅਕਾਲ ਪੁਰਖ ਦੀ ਕਿਰਪਾਲਤਾ ਅਤੇ ਸ੍ਰੀ ਗੁਰੂ ਅਮਰਦਾਸ ਜੀ ਦੀ ਦਿਆਲਤਾ ਸਦਕਾ ਸ੍ਰੀ ਗੁਰੂ ਰਾਮਦਾਸ ਜੀ 'ਤਾਰਨ ਤਰਣੰ' ਸੋਢੀ ਸੁਲਤਾਨ ਬਣ ਗਏ। ਗੁਰਬਾਣੀ ਵਿੱਚ ਜ਼ਿਕਰ ਆਉਂਦਾ ਹੈ :

**ਧੰਨੁ ਧੰਨੁ ਰਾਮਦਾਸ ਗੁਰੁ**
**ਜਿਨਿ ਸਿਰਿਆ ਤਿਨੈ ਸਵਾਰਿਆ॥**
**ਪੂਰੀ ਹੋਈ ਕਰਾਮਾਤਿ**
**ਆਪਿ ਸਿਰਜਣਹਾਰੈ ਧਾਰਿਆ॥**

**(ਅੰਗ 968)**

### ਸ੍ਰੀ ਅੰਮ੍ਰਿਤਸਰ ਦੀ ਸਥਾਪਨਾ :

ਜੋਤੀ ਜੋਤ ਸਮਾਉਣ ਤੋਂ ਕੁੱਝ ਵਰ੍ਹੇ ਪਹਿਲਾਂ ਸ੍ਰੀ ਗੁਰੂ ਅਮਰਦਾਸ ਜੀ ਨੇ ਜਿਸ ਥਾਂ ਹੁਣ ਸ੍ਰੀ ਅੰਮ੍ਰਿਤਸਰ ਹੈ, ਇਸ ਜਗ੍ਹਾ ਦਾ ਪੂਰਾ-ਪੂਰਾ ਪਤਾ ਸਮਝਾ ਕੇ ਉੱਥੇ ਸਰੋਵਰ ਬਣਾਉਣ ਅਤੇ ਨਵਾਂ ਨਗਰ ਵਸਾਉਣ ਦੀ ਆਗਿਆ ਸ੍ਰੀ ਗੁਰੂ ਰਾਮਦਾਸ ਜੀ ਨੂੰ ਕੀਤੀ ਸੀ।

ਸ੍ਰੀ ਗੁਰੂ ਰਾਮਦਾਸ ਜੀ ਨੇ ਸ੍ਰੀ ਗੁਰੂ ਅਮਰਦਾਸ ਜੀ ਦੀ ਦੱਸੀ ਜਗ੍ਹਾ 'ਤੇ ਇੱਕ ਸਰੋਵਰ ਦੀ ਖੁਦਵਾਈ ਅਰੰਭੀ ਜਿਸ ਨੂੰ 'ਸੰਤੋਖਸਰ' ਦੇ ਨਾਂ ਨਾਲ ਜਾਣਿਆ ਜਾਂਦਾ ਹੈ। ਇੱਥੇ ਇਹ ਵੀ ਜ਼ਿਕਰਯੋਗ ਹੈ ਕਿ ਇਸ 'ਸੰਤੋਖਸਰ' ਵਾਲੇ ਸਰੋਵਰ ਦੀ ਸੰਪੂਰਨਤਾ ਪੰਜਵੇਂ ਪਾਤਿਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਕੀਤੀ ਸੀ। ਸ੍ਰੀ ਗੁਰੂ ਅਮਰਦਾਸ ਜੀ ਦੀ ਆਗਿਆ 'ਤੇ ਸੰਤੋਖਸਰ ਸਾਹਿਬ ਤੋਂ ਥੋੜ੍ਹੀ ਦੂਰ ਇੱਕ ਨਗਰ ਦੀ ਨੀਂਹ ਰੱਖੀ ਗਈ ਜਿਸਦਾ ਨਾਂ 'ਗੁਰੂ ਕਾ ਚੱਕ', (ਚੱਕ ਰਾਮਦਾਸਪੁਰ) ਸੀ, ਜੋ ਬਾਅਦ ਵਿਚ ਸ੍ਰੀ ਅੰਮ੍ਰਿਤਸਰ ਦੇ ਨਾਂ ਨਾਲ ਪ੍ਰਸਿੱਧ ਹੋਇਆ। ਸੰਨ 1574 ਈ. ਨੂੰ ਸ੍ਰੀ ਗੁਰੂ ਰਾਮਦਾਸ ਜੀ ਨੇ ਇਸ ਅੰਮ੍ਰਿਤਸਰ (ਗੁਰੂ ਕਾ ਚੱਕ) ਵਾਲੀ 500 ਵਿੱਘਾ ਜ਼ਮੀਨ ਨੂੰ ਤੁੰਗ ਪਿੰਡ ਦੇ ਜ਼ਿਮੀਂਦਾਰਾਂ ਪਾਸੋਂ ਮੁੱਲ ਖਰੀਦਿਆ ਸੀ। ਨਵਾਂ ਨਗਰ ਵਸਾ ਕੇ ਸ੍ਰੀ ਗੁਰੂ ਰਾਮਦਾਸ ਜੀ ਨੇ ਆਪਣੀ ਰਿਹਾਇਸ਼ ਪੱਕੇ ਤੌਰ 'ਤੇ ਇੱਥੇ ਕਰ ਲਈ। ਇਸ ਵਸਾਏ ਨਵੇਂ ਨਗਰ ਦੀ ਸ੍ਰੀ ਗੁਰੂ ਰਾਮਦਾਸ ਜੀ ਨੇ ਧਾਰਮਿਕ, ਆਰਥਿਕ ਅਤੇ ਸਮਾਜਿਕ ਪੱਖ ਤੋਂ ਉੱਨਤੀ ਵਾਸਤੇ ਕਈ ਵਿਸ਼ੇਸ਼ ਕਾਰਜ ਅਰੰਭੇ।

ਗੁਰੂ ਜੀ ਨੇ ਇਸ ਨਗਰੀ ਨੂੰ ਧਰਮ ਦੀ ਕਿਰਤ ਕਰਨ ਵਾਲੇ, ਹੁਨਰ ਅਤੇ ਦਸਤਕਾਰੀ ਰਾਹੀਂ ਉੱਦਮ ਤੇ ਜਤਨ ਕਰ ਕੇ ਰੋਜ਼ੀ ਕਮਾਉਣ ਵਾਲੇ ਲੋਕਾਂ ਦੀ ਨਗਰੀ ਬਨਾਉਣ ਵਾਸਤੇ 52 ਕਿਸਮਾਂ ਦੇ ਵੱਖ-ਵੱਖ ਕਿੱਤੇ (ਕੰਮ) ਕਰਨ ਵਾਲੇ ਹੁਨਰਮੰਦਾਂ ਅਤੇ ਮਿਹਨਤਕਸ਼ ਲੋਕਾਂ ਨੂੰ ਪ੍ਰੇਰ ਕੇ ਇੱਥੇ ਸੱਦਿਆ। ਉਨ੍ਹਾਂ ਲੋਕਾਂ ਦੀ ਰਿਹਾਇਸ਼ ਵਾਸਤੇ ਪ੍ਰਬੰਧ ਕਰ ਕੇ ਉਨ੍ਹਾਂ ਨੂੰ ਇੱਥੇ ਵਸਾਇਆ। ਇਨ੍ਹਾਂ ਤਮਾਮ ਕਿੱਤਿਆਂ ਧੰਦਿਆਂ ਨਾਲ ਸੰਬੰਧਿਤ ਲੋਕਾਂ ਨੂੰ ਇੱਕ ਬਜ਼ਾਰ ਵਿੱਚ ਵਸਾਇਆ। ਇਸ ਬਜ਼ਾਰ ਨੂੰ 'ਗੁਰੂ ਬਜ਼ਾਰ' ਕਰਕੇ ਜਾਣਿਆ ਜਾਣ ਲੱਗਾ। ਹੁਣ ਸ੍ਰੀ ਅੰਮ੍ਰਿਤਸਰ ਸਾਹਿਬ ਭਾਰਤ ਦਾ ਵਪਾਰਕ ਪੱਖੋਂ ਇੱਕ ਪ੍ਰਸਿੱਧ ਸ਼ਹਿਰ ਹੈ।

### ਸ੍ਰੀ ਅੰਮ੍ਰਿਤਸਰ ਸਰੋਵਰ ਦੀ ਖੁਦਾਈ :

ਸ੍ਰੀ ਗੁਰੂ ਅਮਰਦਾਸ ਜੀ ਦੀ ਆਗਿਆ ਅਤੇ ਆਦੇਸ਼ ਮੁਤਾਬਿਕ ਸੰਨ 1577 ਈਸਵੀ ਵਿੱਚ ਸ੍ਰੀ ਗੁਰੂ ਰਾਮਦਾਸ ਜੀ ਨੇ 'ਦੁਖ ਭੰਜਨੀ ਬੇਰੀ' ਵਾਲੀ ਥਾਂ 'ਤੇ ਜਿੱਥੇ ਕਿ ਪਹਿਲਾਂ ਹੀ





ਪਾਣੀ ਮੌਜੂਦ ਸੀ, ਵਾਲੀ ਜਗ੍ਹਾ 'ਤੇ ਸਰੋਵਰ (ਅੰਮ੍ਰਿਤ ਸਰੋਵਰ) ਦੀ ਖੁਦਾਈ ਅਰੰਭ ਕਰਵਾਈ। ਜਿਸ ਦਾ ਬਾਅਦ ਵਿਚ ਨਾਂ ਅੰਮ੍ਰਿਤ-ਸਰ ਰੱਖਿਆ ਗਿਆ। ਇਸੇ ਨਾਮ 'ਤੇ 'ਗੁਰੂ ਕਾ ਚੱਕ' ਨਗਰੀ ਦਾ ਨਾਮ ਵੀ ਅੰਮ੍ਰਿਤਸਰ ਪ੍ਰਚਲਿਤ ਹੋ ਗਿਆ। ਇੱਥੇ ਹੀ ਸ੍ਰੀ ਗੁਰੂ ਰਾਮਦਾਸ ਜੀ ਦੇ ਸਪੁੱਤਰ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਆਪਣੇ ਗੁਰਗੱਦੀ ਕਾਲ ਸਮੇਂ ਸੰਨ 1588 ਈਸਵੀ ਵਿੱਚ ਸ੍ਰੀ ਹਰਿਮੰਦਰ ਸਾਹਿਬ ਦੀ ਸਥਾਪਨਾ ਕਰਵਾਈ ਜੋ ਕਿ ਸਿੱਖਾਂ ਦਾ ਧਾਰਮਿਕ ਕੇਂਦਰ ਬਣਿਆ।

### ਮਸੰਦਾਂ ਦੀ ਸਥਾਪਤੀ :

'ਰਾਮਦਾਸ ਪੁਰ' (ਸ੍ਰੀ ਅੰਮ੍ਰਿਤਸਰ) ਸਿੱਖੀ ਦਾ ਵੱਡਾ ਕੇਂਦਰ ਬਣਨ ਲੱਗਾ। ਇੱਥੇ ਵੀ ਸ੍ਰੀ ਗੁਰੂ ਰਾਮਦਾਸ ਜੀ ਨੇ ਸ੍ਰੀ ਕਰਤਾਰਪੁਰ ਸਾਹਿਬ, ਖਡੂਰ ਸਾਹਿਬ ਤੇ ਗੋਇੰਦਵਾਲ ਸਾਹਿਬ ਵਾਂਗ ਲੰਗਰ ਦੀ ਪ੍ਰਥਾ ਜਾਰੀ ਰੱਖੀ। ਸੰਗਤ ਦੀ ਗਿਣਤੀ ਵਿੱਚ ਵਾਧਾ ਹੋਣਾ ਸ਼ੁਰੂ ਹੋ ਗਿਆ, ਜਿਸ ਕਾਰਨ ਸ਼ਹਿਰ ਦੀ ਉਸਾਰੀ ਵਿੱਚ ਹੋਰ ਵਾਧੇ ਦੀ ਲੋੜ ਪੈ ਗਈ। ਗੁਰੂ ਜੀ ਅੰਮ੍ਰਿਤ ਸਰੋਵਰ ਨੂੰ ਵੀ ਪੱਕਾ ਕਰਨਾ ਚਾਹੁੰਦੇ ਸਨ। ਇਨ੍ਹਾਂ ਸਭ ਕਾਰਜਾਂ ਵਾਸਤੇ ਗੁਰੂ ਸਾਹਿਬ ਨੇ 'ਮਸੰਦਾਂ' ਦੀ ਸਥਾਪਨਾ ਕੀਤੀ। ਇਨ੍ਹਾਂ ਮਸੰਦਾਂ ਦਾ ਆਸ਼ਾ ਉਹੀ ਰੱਖਿਆ ਜੋ ਸ੍ਰੀ ਗੁਰੂ ਅਮਰਦਾਸ ਜੀ ਨੇ 'ਮੰਜੀਆਂ' ਦੀ ਸਥਾਪਨਾ ਲਈ ਰੱਖਿਆ ਸੀ। ਇਹ ਮਸੰਦ ਦੂਰ ਦੁਰਾਡੇ ਦੀਆਂ ਸੰਗਤਾਂ ਵਿੱਚ ਸਿੱਖੀ ਦਾ ਪ੍ਰਚਾਰ ਕਰਦੇ ਤੇ ਗੁਰੂ ਘਰ ਲਈ ਇਕੱਤਰ ਹੋਈ ਮਾਇਆ ਗੁਰੂ ਜੀ ਦੇ ਸਨਮੁੱਖ ਲਿਆਉਣ ਲੱਗੇ। ਮਸੰਦਾਂ ਦੁਆਰਾ ਸੰਗਤਾਂ ਤੋਂ ਇਕੱਠੀ ਕੀਤੀ ਮਾਇਆ ਅੰਮ੍ਰਿਤ ਸਰੋਵਰ ਦੀ ਕਾਰ ਸੇਵਾ ਅਤੇ ਹੋਰ ਸਿੱਖੀ ਕਾਰਜਾਂ ਦੇ ਅਤੇ ਸਮਾਜਿਕ ਭਲਾਈ ਦੇ ਕਾਰਜਾਂ ਵਿਚ ਖਰਚ ਕੀਤੀ ਜਾਂਦੀ।

### ਬਾਣੀ ਅਤੇ ਉਪਦੇਸ਼ :

ਸ੍ਰੀ ਗੁਰੂ ਰਾਮਦਾਸ ਜੀ ਦੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਆਏ ਕੁੱਲ 31 ਰਾਗਾਂ ਵਿੱਚੋਂ 30 ਰਾਗਾਂ ਵਿੱਚ ਬਾਣੀ ਦਰਜ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਸਭ ਤੋਂ ਵੱਧ ਰਾਗਾਂ ਵਿੱਚ ਬਾਣੀ ਸ੍ਰੀ ਗੁਰੂ ਰਾਮਦਾਸ ਜੀ ਦੀ ਹੈ। ਸ੍ਰੀ ਗੁਰੂ ਰਾਮਦਾਸ ਜੀ ਨੇ ਜੋ ਅਧਿਆਤਮਕ ਵਿਚਾਰ ਆਪਣੀ ਬਾਣੀ ਰਾਹੀਂ ਪੇਸ਼ ਕੀਤੇ ਹਨ, ਉਨ੍ਹਾਂ ਦਾ ਮੂਲ ਆਧਾਰ ਗੁਰੂ ਪਰੰਪਰਾ ਤੋਂ ਪ੍ਰਾਪਤ ਜੀਵਨ ਦਰਸ਼ਨ ਹੈ। ਸ੍ਰੀ ਗੁਰੂ ਰਾਮਦਾਸ ਜੀ ਅਨੁਸਾਰ ਪਰਮਾਤਮਾ ਆਦਿ ਪੁਰਖ, ਅਪਰ ਅਪਾਰ, ਸ੍ਰਿਸ਼ਟੀ ਕਰਤਾ, ਅਦੁੱਤੀ ਜੁਗਾਂ ਜੁਗਾਂਤਰਾਂ ਤੱਕ ਇੱਕੋ ਇੱਕ ਤੇ ਸਦੀਵੀ ਹੈ। ਆਪ ਜੀ ਦਾ ਗੁਰਬਾਣੀ ਵਿੱਚ ਫੁਰਮਾਨ ਹੈ :

**ਤੂੰ ਆਦਿ ਪੁਰਖੁ ਅਪਰੰਪਰੁ ਕਰਤਾ ਜੀ**
**ਤੁਧੁ ਜੇਵਡੁ ਅਵਰੁ ਨ ਕੋਈ॥**
**ਤੂੰ ਜੁਗੁ ਜੁਗੁ ਏਕੋ ਸਦਾ ਸਦਾ ਤੂੰ ਏਕੋ ਜੀ**
**ਤੂੰ ਨਿਹਚਲੁ ਕਰਤਾ ਸੋਈ॥**

**(ਅੰਗ 348)**

ਸ੍ਰੀ ਗੁਰੂ ਰਾਮਦਾਸ ਜੀ ਨੇ ਆਪਣੀ ਬਾਣੀ ਰਾਹੀਂ ਹਰੇਕ ਸਿੱਖ ਨੂੰ ਗੁਰਮਤਿ ਅਨੁਸਾਰ ਜੀਵਨ ਜੀਉਣ ਦੀ ਪ੍ਰੇਰਨਾ ਦਿੱਤੀ ਤੇ ਆਪਣੀ ਬਾਣੀ ਰਾਹੀਂ ਰੋਜ਼ਾਨਾ ਦੇ ਕਾਰਜਾਂ ਵਿੱਚ ਨਿਤਨੇਮ ਨੂੰ ਦ੍ਰਿੜ੍ਹ ਕਰਵਾਇਆ :

**ਗੁਰ ਸਤਿਗੁਰ ਕਾ ਜੋ ਸਿਖੁ ਅਖਾਏ**
**ਸੁ ਭਲਕੇ ਉਠਿ ਹਰਿ ਨਾਮੁ ਧਿਆਵੈ॥**
**ਉਦਮੁ ਕਰੇ ਭਲਕੇ ਪਰਭਾਤੀ**
**ਇਸਨਾਨੁ ਕਰੇ ਅੰਮ੍ਰਿਤ ਸਰਿ ਨਾਵੈ॥**

**(ਅੰਗ 305)**

ਗੁਰੂ ਸਾਹਿਬ ਨੇ ਹਰੇਕ ਸਿੱਖ ਨੂੰ ਹਰੇਕ ਕਾਰਜ ਅਕਾਲ ਪੁਰਖ ਦੇ ਭਰੋਸੇ ਕਰਨ ਅਤੇ ਉਸ ਪਰਮਾਤਮਾ ਅੱਗੇ ਅਰਦਾਸ ਕਰ ਕੇ ਅਰੰਭਣ ਦਾ ਉਪਦੇਸ਼ ਦਿੱਤਾ ਹੈ। ਆਪ ਜੀ ਦੀ ਬਾਣੀ ਵਿੱਚ ਮੁੱਖ ਰੂਪ 'ਚ ਪਦੇ, ਅਸਟਪਦੀਆਂ, ਛੰਤ, ਸਲੋਕ, ਵਾਰਾਂ, ਪਉੜੀਆਂ, ਪਹਿਰੇ, ਵਣਜਾਰੇ, ਕਰਹਲੇ ਅਤੇ ਘੋੜੀਆਂ ਸ਼ਾਮਲ ਹਨ।

### ਗੁਰਗੱਦੀ ਸੌਂਪਣੀ ਅਤੇ ਜੋਤੀ ਜੋਤ ਸਮਾਉਣਾ :

ਸ੍ਰੀ ਗੁਰੂ ਰਾਮਦਾਸ ਜੀ ਨੇ ਆਪਣਾ ਸੱਚਖੰਡ ਵਾਪਸੀ ਦਾ ਸਮਾਂ ਨੇੜੇ ਜਾਣ ਕੇ ਗੁਰਤਾਗੱਦੀ ਦੀ ਜ਼ਿੰਮੇਵਾਰੀ ਆਪਣੇ ਛੋਟੇ ਸਪੁੱਤਰ ਸ੍ਰੀ (ਗੁਰੂ) ਅਰਜਨ ਦੇਵ ਜੀ ਨੂੰ ਦਿੱਤੀ ਅਤੇ ਗੁਰੂ ਨਾਨਕ ਦੇਵ ਜੀ ਦੇ ਘਰ ਦਾ ਪੰਜਵਾਂ ਵਾਰਸ ਥਾਪਿਆ। ਸ੍ਰੀ ਗੁਰੂ ਰਾਮਦਾਸ ਜੀ 2 ਅੱਸੂ (ਭਾਦੋਂ ਸੁਦੀ 3) ਸੰਮਤ 1638 (ਸੰਨ 1581 ਈਸਵੀ) ਨੂੰ ਸ੍ਰੀ ਗੋਇੰਦਵਾਲ ਸਾਹਿਬ ਵਿਖੇ ਜੋਤੀ ਜੋਤ ਸਮਾ ਗਏ।

- ਸ੍ਰ. ਬਿਕਰਮਜੀਤ ਸਿੰਘ
2946/7 ਬਜ਼ਾਰ ਲੁਹਾਰਾਂ,
ਚੌਂਕ ਲਛਮਣਸਰ, ਸ੍ਰੀ ਅੰਮ੍ਰਿਤਸਰ (ਪੰਜਾਬ)
ਮੋਬਾਇਲ : 08727800372



# ਬਾਣੀ ਗੁਰੂ ਗੁਰੂ ਹੈ ਬਾਣੀ

ਰਾਗ ਨਟ ਵਿੱਚ ਦਰਜ ਗੁਰੂ ਰਾਮਦਾਸ ਜੀ ਦੇ ਇੱਕ ਸ਼ਬਦ ਦੀ ਅੱਧੀ ਤੁੱਕ ਹੈ 'ਬਾਣੀ ਗੁਰੂ ਗੁਰੂ ਹੈ ਬਾਣੀ'। ਪਰ ਇਸ ਅੱਧੀ ਤੁੱਕ ਵਿੱਚ ਇੱਕ ਪੂਰਾ ਫਲਸਫਾ ਸਮੋਇਆ ਹੋਇਆ ਹੈ। ਇਹ ਫਲਸਫਾ ਹੈ ਬਾਣੀ ਗੁਰੂ ਦਾ, ਸ਼ਬਦ ਗੁਰੂ ਦਾ। ਕਿਸੇ ਗੱਲ ਨੂੰ ਇੱਕੋ ਸਮੇਂ ਦੋ ਵਾਰ ਤਾਂ ਕਿਹਾ ਜਾਂਦਾ ਹੈ ਜਾਂ ਤਾਂ ਉਸ ਗੱਲ ਨੂੰ ਮਜਬੂਤੀ ਨਾਲ ਦ੍ਰਿੜ੍ਹ ਕਰਾਉਣਾ ਹੋਵੇ ਜਾਂ ਫਿਰ ਉਸ ਨੂੰ ਹੋਰ ਸਪੱਸ਼ਟਤਾ ਪ੍ਰਦਾਨ ਕਰਨੀ ਹੋਵੇ।

ਇੱਥੇ ਅਸੀਂ ਵੇਖਦੇ ਹਾਂ ਇਕੋ ਵਿਚਾਰ ਪਹਿਲਾਂ 'ਬਾਣੀ ਗੁਰੂ' ਅਤੇ ਫਿਰ 'ਗੁਰੂ ਹੈ ਬਾਣੀ' ਕਹਿ ਕੇ ਦੋਹਰਾਇਆ ਗਿਆ ਹੈ। ਮਕਸਦ ਸ਼ਾਇਦ ਇਹੋ ਹੈ ਕਿ ਸਿੱਖਾਂ ਨੂੰ ਤਾਕੀਦ ਨਾਲ ਇਹ ਵਿਚਾਰ ਦ੍ਰਿੜ੍ਹ ਹੋ ਜਾਵੇ ਕਿ 'ਗੁਰੂ' ਕੇਵਲ ਤੇ ਕੇਵਲ 'ਬਾਣੀ' ਹੈ।

ਪਰ ਸੁਆਲ ਪੈਦਾ ਹੁੰਦਾ ਹੈ ਕਿ ਕਿਹੜੀ ਬਾਣੀ ਗੁਰੂ ਹੈ। ਕਿਸ ਬਾਣੀ ਨੂੰ ਗੁਰੂ ਦਾ ਦਰਜਾ ਪ੍ਰਾਪਤ ਹੈ। ਹਰ ਇੱਕ ਬਾਣੀ, ਗੁਰੂ ਤੁੱਲ ਨਹੀਂ ਹੋ ਸਕਦੀ। ਕੋਈ ਖਾਸ ਬਾਣੀ ਹੀ ਉਸ ਮੁਕਾਮ ਤੱਕ ਪਹੁੰਚਦੀ ਹੈ, ਜਿਥੇ ਉਹ ਗੁਰੂ ਬਣ ਜਾਂਦੀ ਹੈ। ਸਿੱਖ ਚਿੰਤਨ ਦੀ ਤਹਿ ਤੱਕ ਜਾਈਏ ਤਾਂ ਕਿਸੇ ਬਾਣੀ ਨੂੰ ਪਰਖਣ ਦੀਆਂ ਦੋ ਜ਼ਰੂਰੀ ਕਸੌਟੀਆਂ ਬਣਦੀਆਂ ਹਨ। ਪਹਿਲੀ ਕਸੌਟੀ ਤਾਂ ਇਹ ਹੈ ਕਿ ਸਿਰਫ ਉਹੋ ਬਾਣੀ ਗੁਰੂ ਅਖਵਾ ਸਕਦੀ ਹੈ ਜਿਹੜੀ ਬਾਣੀ ਗੁਰੂ ਨੇ ਉਚਾਰਨ ਕੀਤੀ ਹੋਵੇ। ਦੂਜਾ, ਜਿਹੜੀ ਬਾਣੀ ਧੁਰੋਂ ਆਈ ਹੋਵੇ, ਦੈਵੀ-ਤਜਰਬੇ 'ਚੋਂ ਨਿਕਲੀ ਹੋਵੇ, ਉਸੇ ਬਾਣੀ ਨੂੰ ਗੁਰੂ ਹੋਣ ਦਾ ਸਨਮਾਨ ਹਾਸਲ ਹੋ ਸਕਦਾ ਹੈ।

ਗੁਰੂ ਗ੍ਰੰਥ ਸਾਹਿਬ ਦੀ ਬਾਣੀ 'ਚੋਂ ਇਹੋ ਜਿਹੇ ਅਨੇਕਾਂ

ਉਦਾਹਰਣ ਮਿਲ ਜਾਂਦੇ ਹਨ ਜਿਹੜੇ ਇਸ ਵਿਚਾਰ ਦੀ ਪ੍ਰੋੜ੍ਹਤਾ ਕਰਦੇ ਹਨ ਕਿ ਬਾਣੀ, ਗੁਰੂ ਦੁਆਰਾ ਹੀ ਪਰਗਟ ਹੁੰਦੀ ਹੈ ਅਤੇ ਜਿਹੜੀ ਬਾਣੀ ਗੁਰੂ ਨੇ ਕਹੀ ਹੋਵੇ, ਉਸੇ ਨੂੰ ਗੁਰੂ ਦਾ ਦਰਜਾ ਪ੍ਰਾਪਤ ਹੁੰਦਾ ਹੈ :

**ਗੁਰ ਕਾ ਸਬਦੁ ਗੁਰ ਥੈ ਟਿਕੈ**
**ਹੋਰ ਥੈ ਪਰਗਟੁ ਨ ਹੋਇ ॥**

**(ਅੰਕ 1249)**

**ਵਾਹੁ ਵਾਹੁ ਪੂਰੇ ਗੁਰ ਕੀ ਬਾਣੀ ॥**
**ਪੂਰੇ ਗੁਰ ਤੇ ਉਪਜੀ ਸਾਚਿ ਸਮਾਣੀ ॥**

**(ਅੰਕ 754)**

**ਗੁਰੁ ਬਾਣੀ ਕਹੈ ਸੇਵਕੁ ਜਨੁ ਮਾਨੈ**
**ਪਰਤਖਿ ਗੁਰੂ ਨਿਸਤਾਰੇ ॥**

**(ਅੰਕ 982)**

**ਜਨੁ ਨਾਨਕੁ ਬੋਲੈ ਅੰਮ੍ਰਿਤ ਬਾਣੀ ॥**
**ਗੁਰਸਿਖਾਂ ਕੈ ਮਨਿ ਪਿਆਰੀ ਭਾਣੀ ॥**

**(ਅੰਕ 96)**

**ਗੁਰ ਪੂਰੇ ਕੀ ਬਾਣੀ ॥ ਪਾਰਬ੍ਰਹਮ ਮਨਿ ਭਾਣੀ ॥**
**ਨਾਨਕ ਦਾਸਿ ਵਖਾਣੀ ॥ ਨਿਰਮਲ ਅਕਥ ਕਹਾਣੀ ॥**

**(ਅੰਕ 629)**

ਫਿਰ ਜਿਸ ਤਰ੍ਹਾਂ ਪਹਿਲਾਂ ਕਿਹਾ ਜਾ ਚੁੱਕਿਆ ਹੈ, ਬਾਣੀ ਦੈਵੀ ਸੰਦੇਸ਼ ਹੁੰਦੀ ਹੈ, ਇਲਹਾਮ ਹੁੰਦੀ ਹੈ। ਬਾਣੀ ਦਾ ਉੱਦਗਮ ਧੁਰ-ਦਰਗਾਹ ਤੋਂ ਹੁੰਦਾ ਹੈ। ਦੈਵੀ ਅਮਲ ਰਾਹੀਂ ਦੈਵੀ ਸੰਦੇਸ਼ ਅਗਾਂਹ ਵਧਦਾ ਹੈ ਅਤੇ ਫਿਰ ਗੁਰੂ ਦੇ ਬੋਲਾਂ ਰਾਹੀਂ ਲੋਕਾਂ ਤੱਕ ਅਪੜਦਾ ਹੈ। ਹੇਠਲੀਆਂ ਤੁੱਕਾਂ ਇਸ ਖਿਆਲ ਦੀ ਗੁਆਹੀ ਭਰਦੀਆਂ ਹਨ :

**ਜੈਸੀ ਮੈ ਆਵੈ ਖਸਮ ਕੀ ਬਾਣੀ**
**ਤੈਸੜਾ ਕਰੀ ਗਿਆਨੁ ਵੇ ਲਾਲੋ ॥**

**(ਅੰਕ 722)**

**ਅੰਮ੍ਰਿਤ ਬਾਣੀ ਤਤੁ ਵਖਾਣੀ**
**ਗਿਆਨ ਧਿਆਨ ਵਿਚਿ ਆਈ ॥**

**(ਅੰਕ 1243)**

**ਸਤਿਗੁਰ ਕੀ ਬਾਣੀ**
**ਸਤਿ ਸਤਿ ਕਰਿ ਜਾਣਹੁ ਗੁਰਸਿਖਹੁ**
**ਹਰਿ ਕਰਤਾ ਆਪਿ ਮੁਹਹੁ ਕਢਾਏ ॥**

**(ਅੰਕ 308)**

**ਹਉ ਆਪਹੁ ਬੋਲਿ ਨ ਜਾਣਦਾ**
**ਮੈ ਕਹਿਆ ਸਭੁ ਹੁਕਮਾਉ ਜੀਉ ॥**

**(ਅੰਕ 763)**

**ਅਗਮ ਅਗੋਚਰੁ ਸਚੁ ਸਾਹਿਬੁ ਮੇਰਾ ॥**
**ਨਾਨਕੁ ਬੋਲੈ ਬੋਲਾਇਆ ਤੇਰਾ ॥**

**(ਅੰਕ 743)**

ਇਥੇ ਇੱਕ ਪ੍ਰਸ਼ਨ ਕੀਤਾ ਜਾ ਸਕਦਾ ਹੈ। ਜੇ ਗੁਰੂ ਸਾਹਿਬਾਂ ਦੁਆਰਾ ਉਚਾਰੀ ਗਈ ਬਾਣੀ ਹੀ ਗੁਰੂ ਹੈ ਤਾਂ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਸੰਤਾਂ-ਭਗਤਾਂ ਦੀ ਬਾਣੀ ਦਾ ਦਰਜਾ ਕੀ ਹੈ? ਇਸ ਸੁਆਲ ਦਾ ਜੁਆਬ ਦੇਣ ਲਈ ਰੱਤਾ ਡੂੰਘਾਈ ਵਿੱਚ ਜਾਣ ਦੀ ਲੋੜ ਹੈ। ਪਹਿਲਾਂ ਤਾਂ, ਇਸੇ ਗੱਲ ਦਾ ਵਿਚਾਰ ਕਰਨਾ ਬਣਦਾ ਹੈ ਕਿ ਗੁਰੂ ਕੌਣ ਹੈ? ਕਿਸ ਨੂੰ ਗੁਰੂ ਕਿਹਾ ਜਾਂਦਾ ਹੈ। ਧਰਮ ਸ਼ਾਸਤਰ ਦੇ ਵਿਦਵਾਨਾਂ ਮੁਤਾਬਿਕ, ਵਿਆਪਕ ਅਰਥਾਂ ਵਿੱਚ ਗੁਰੂ ਅੰਨ੍ਹੇਰਾ ਦੂਰ ਕਰਨ ਵਾਲਾ ਹੁੰਦਾ ਹੈ। ਰੌਸ਼ਨੀ ਦੇਣ ਵਾਲੇ ਨੂੰ ਗੁਰੂ ਕਹਿੰਦੇ ਹਨ। ਜਿਹੜਾ ਸੰਸਾਰ ਦੀ ਮੋਹ-ਮਾਇਆ ਦੇ ਅੰਧਕਾਰ 'ਚੋਂ ਕੱਢ ਕੇ, ਅੰਤਰ ਆਤਮਾ ਦਾ ਚਾਨ੍ਹਣ ਜਗਾ ਕੇ, ਰੱਬੀ ਰਾਹ ਤੇ ਤੋਰ ਦੇਵੇ, ਉਹੋ ਗੁਰੂ ਹੁੰਦਾ ਹੈ।

ਗੁਰੂ ਸਾਹਿਬਾਨ ਨੇ ਭਗਤਾਂ ਦੀ ਬਾਣੀਕਾਰ ਦੇ ਰੂਪ ਵਿੱਚ ਚੋਣ ਕਰਨ ਵੇਲੇ ਉਹਨਾਂ ਦੀ ਇਸੇ ਸਲਾਹੀਅਤ ਦੀ ਪਰਖ ਕੀਤੀ ਸੀ। ਸਿੱਖਾਂ ਦੀ ਆਪਣੀ ਗੁਰੂ ਪਰੰਪਰਾ ਹੈ, ਜਿਹੜੀ 'ਨਾਨਕ' ਨਾਂ ਤੇ ਬਾਣੀ ਰਚਨਾ ਕਰਦੀ ਹੈ। ਪਰ ਨਾਲ ਹੀ ਸਿੱਖ ਗੁਰੂ ਸਾਹਿਬਾਂ ਨੇ ਬਹੁਤ ਸਾਰੇ ਸੰਤਾਂ-ਭਗਤਾਂ ਦੀ ਬਾਣੀ ਨੂੰ ਵੀ ਗੁਰੂ ਗ੍ਰੰਥ ਸਾਹਿਬ ਵਿੱਚ ਥਾਂ ਦਿੱਤੀ ਹੈ। ਦਰਅਸਲ ਉਹਨਾਂ ਸੰਤਾਂ-ਭਗਤਾਂ ਨੂੰ ਹੀ ਗੁਰੂ ਗ੍ਰੰਥ ਸਾਹਿਬ ਵਿੱਚ ਥਾਂ ਦਿੱਤੀ ਗਈ ਸੀ ਜਿਹਨਾਂ ਨੇ ਆਪਣੇ-ਆਪਣੇ ਪ੍ਰਭਾਵ ਖੇਤਰ ਵਿੱਚ ਲੋਕਾਂ ਨੂੰ ਅੰਧਕਾਰ 'ਚੋਂ ਕੱਢ ਕੇ ਰੌਸ਼ਨੀ ਵਿਖਾਈ ਸੀ, ਜਿਹੜੇ ਇਸ ਪੱਖੋਂ ਗੁਰੂ ਹੋ ਗਏ ਸਨ।

ਇੱਕ ਹੋਰ ਨੁਕਤੇ ਨਿਗਾਹ ਤੋਂ ਵੀ ਇਸ ਮਸਲੇ ਨੂੰ ਸੁਲਝਾਇਆ ਜਾ ਸਕਦਾ ਹੈ। ਗੁਰੂ ਨਾਨਕ ਦੇਵ ਜੀ ਦੇ ਧਰਮ ਚਿੰਤਨ ਵਿੱਚ ਸੁਰਤਿ-ਸ਼ਬਦ ਦੇ ਯੋਗ ਦੇ ਸਿਧਾਂਤ ਨੂੰ ਪ੍ਰਧਾਨਤਾ ਮਿਲੀ ਹੋਈ ਹੈ ਅਤੇ ਇਹੋ ਵਿਚਾਰ ਗੁਰੂ ਗ੍ਰੰਥ ਸਾਹਿਬ ਵਿੱਚ ਸ਼ਾਮਲ ਭਗਤਾਂ ਦੀ ਬਾਣੀ ਵਿੱਚੋਂ ਬੜੀ ਪ੍ਰਬਲਤਾ ਨਾਲ ਨਿੱਖਰ ਕੇ ਸਾਹਮਣੇ ਆਉਂਦਾ ਹੈ।

ਭਗਤਾਂ ਨੇ ਵੀ ਸ਼ਬਦ ਨੂੰ ਹੀ ਆਪਣਾ ਗੁਰੂ ਮੰਨਿਆ ਹੈ ਅਤੇ ਆਪਣੀਆਂ ਰਚਨਾਵਾਂ ਰਾਹੀਂ ਲੁਕਾਈ ਨੂੰ ਸ਼ਬਦ ਨਾਲ ਜੁੜਨ ਦਾ ਉਪਦੇਸ਼ ਦਿੱਤਾ ਹੈ। ਭਗਤ ਕਬੀਰ ਦੀ ਬਾਣੀ ਹੇਠਲੀਆਂ ਪੰਕਤੀਆਂ, ਗੁਰੂਆਂ ਤੇ ਭਗਤਾਂ ਦੀ ਬਾਣੀ ਵਿਚਕਾਰ ਸ਼ਬਦ ਦੇ ਹਵਾਲੇ ਨਾਲ ਵਿਚਾਰਾਂ ਦੀ ਸਾਂਝ ਤੇ ਏਕਤਾ ਨੂੰ ਬੜੇ ਸਪੱਸ਼ਟ ਸ਼ਬਦਾਂ ਵਿੱਚ ਪ੍ਰਗਟ ਕਰਦੀਆਂ ਹਨ। ਸ਼ਬਦ-ਗੁਰੂ ਦੇ ਆਪਣੇ ਅਨੁਭਵ ਨੂੰ ਦਰਜ ਕਰਦਿਆਂ ਕਬੀਰ ਜੀ ਦਾ ਫੁਰਮਾਨ ਹੈ :

**ਕਬੀਰ ਸਾਚਾ ਸਤਿਗੁਰੁ ਮੈ ਮਿਲਿਆ**
**ਸਬਦੁ ਜੁ ਬਾਹਿਆ ਏਕੁ ॥**

**ਲਾਗਤ ਹੀ ਭੁਇ ਮਿਲਿ ਗਇਆ**
**ਪਰਿਆ ਕਲੇਜੇ ਛੇਕੁ ॥**

**(ਅੰਕ 1372)**

ਸ਼ਬਦ ਦੀ ਚੋਟ ਨਾਲ ਆਪਣੇ ਉਪਰ ਪਏ ਪ੍ਰਭਾਵ ਨੂੰ ਕਬੀਰ ਜੀ ਨੇ ਬਹੁਤ ਸੁੰਦਰ ਢੰਗ ਨਾਲ ਦਰਜ ਕੀਤਾ ਹੈ। ਕਬੀਰ ਜੀ ਦਾ ਕਹਿਣਾ ਹੈ ਸਤਿਗੁਰ ਦੇ ਸ਼ਬਦ ਦੇ ਤੀਰ ਦਾ ਇਹ ਅਸਰ ਹੋਇਆ ਹੈ ਕਿ ਮੈਂ ਗੂੰਗਾ ਹੋ ਗਿਆ ਹਾਂ, ਦੀਵਾਨਾ ਹੋ ਗਿਆ, ਕੰਨਾਂ ਤੋਂ ਬੋਲਾ ਹੋ ਗਿਆ ਹਾਂ, ਪਿੰਗਲਾ ਹੋ ਗਿਆ ਹਾਂ। ਮੂੰਹੋ ਹੁਣ ਮੰਦੇ ਬੋਲ ਨਹੀਂ ਨਿਕਲਦੇ, ਕਿਸੇ ਦੀ ਕੋਈ ਮੁਥਾਜੀ ਨਹੀਂ ਰਹੀ, ਕੰਨਾਂ ਨਾਲ ਕਿਸੇ ਦਾ ਮਾੜਾ ਨਹੀਂ ਸੁਣਦਾ, ਪੈਰ ਮੰਦੇ ਪਾਸੇ ਵੱਲ ਨੂੰ ਨਹੀਂ ਤੁਰਦੇ। ਸ਼ਬਦ ਦੇ ਤੀਰ ਨੇ ਐਸਾ ਬਦਲਾਅ ਮੇਰੇ ਵਿੱਚ ਲੈ ਆਂਦਾ ਹੈ :

**ਕਬੀਰ ਗੂੰਗਾ ਹੂਆ ਬਾਵਰਾ ਬਹਰਾ ਹੂਆ ਕਾਨ ॥**
**ਪਾਵਹੁ ਤੇ ਪਿੰਗੁਲ ਭਇਆ ਮਾਰਿਆ ਸਤਿਗੁਰ ਬਾਨ ॥**

**(ਅੰਕ 1374)**

ਕਬੀਰ ਜੀ ਤੋਂ ਇਲਾਵਾ ਹੋਰ ਭਗਤਾਂ ਦੀ ਬਾਣੀ 'ਚੋਂ ਵੀ ਸ਼ਬਦ-ਗੁਰੂ ਦੇ ਸਿਧਾਂਤ ਦੀ ਪ੍ਰੋੜਤਾ ਹੁੰਦੀ ਹੈ :

**ਗੁਰ ਕੈ ਸਬਦਿ ਏਹੁ ਮਨੁ**
**ਰਾਤਾ ਦੁਬਿਧਾ ਸਹਜਿ ਸਮਾਣੀ ॥**

**(ਅੰਕ 1350)**

**ਰਾਮਾਨੰਦ ਸੁਆਮੀ ਰਮਤ ਬ੍ਰਹਮ ॥**
**ਗੁਰ ਕਾ ਸਬਦੁ ਕਾਟੈ ਕੋਟਿ ਕਰਮ ॥**

**(ਅੰਕ 1195)**

**ਦੇਵ ਸਥਾਨੈ ਕਿਆ ਨੀਸਾਣੀ ॥**
**ਤਹ ਬਾਜੇ ਸਬਦ ਅਨਾਹਦ ਬਾਣੀ ॥**

**(ਅੰਕ 974)**

ਰਾਮਕਲੀ ਰਾਗ ਵਿੱਚ ਅੰਕਤ ਸਤੇ-ਬਲਵੰਡ ਦੀ ਵਾਰ ਵਿੱਚੋਂ ਵੀ ਗੁਰੂ ਘਰ ਵਿੱਚ ਸ਼ਬਦ ਦੀ ਪਰੰਪਰਾ ਦੇ ਪਰਿਪੱਕ ਹੋਣ ਦੇ ਪਰਮਾਣ ਮਿਲਦੇ ਹਨ। ਗੁਰੂ ਅੰਗਦ ਦੇਵ ਜੀ ਦੇ ਗੁਰੂ ਕਾਲ ਵਿੱਚ 'ਸ਼ਬਦ' ਦੇ ਲੰਗਰ ਦੇ ਅਤੁੱਟ ਵਰਤਾਰੇ ਦਾ ਜ਼ਿਕਰ ਵਾਰ ਵਿੱਚ ਇਸ ਪ੍ਰਕਾਰ ਹੈ :

**ਲੰਗਰੁ ਚਲੈ ਗੁਰ ਸਬਦਿ ਹਰਿ ਤੋਟਿ ਨ ਆਵੀ ਖਟੀਐ ॥**

**(ਅੰਕ 967)**

ਵਾਰ ਮੁਤਾਬਕ ਗੁਰੂ ਸਾਹਿਬਾਨ ਦੀ ਤਰਬੀਅਤ ਇਹੋ ਹੈ ਕਿ ਜਿਸ ਮਨੁੱਖ ਨੇ ਵੀ ਆਪਣੇ ਹਿਰਦੇ ਵਿੱਚ ਸ਼ਬਦ ਟਿਕਾਅ ਲਿਆ ਹੈ, ਉਸਨੂੰ ਚਾਰੇ ਕੁੰਡਾ ਵਿੱਚ ਵਸਦੇ ਪਰਮਾਤਮਾ ਦੀ ਸੋਝੀ ਆ ਗਈ ਹੈ :

**ਚਾਰੇ ਕੁੰਡਾਂ ਸੁਝੀਓਸੁ ਮਨ ਮਹਿ ਸਬਦੁ ਪਰਵਾਣੁ ॥**

**(ਅੰਕ 968)**

ਗੁਰੂ ਗ੍ਰੰਥ ਸਾਹਿਬ ਵਿਚ ਦਰਜ ਭੱਟਾਂ ਦੇ ਸਵੱਈਆਂ ਵਿੱਚ ਵੀ ਸ਼ਬਦ ਦੀ ਮਹੱਤਤਾ ਅਤੇ ਸ਼ਕਤੀ ਦਾ ਬਿਆਨ ਬਾਰ-ਬਾਰ ਕੀਤਾ ਗਿਆ ਹੈ। ਗੁਰੂ ਦੇ ਘਰ ਵਿੱਚ ਸ਼ਬਦ ਦੀ ਹੀ ਦਾਤ ਹੈ ਅਤੇ ਇਸੇ ਨਾਲ ਗੁਰੂ, ਸਿੱਖਾਂ ਦਾ ਪਾਰ ਉਤਾਰਾ ਕਰਦਾ ਹੈ :

**ਜਿਨ੍ ਕਉ ਗੁਰੁ ਸੁਪ੍ਰਸੰਨੁ**
**ਸਬਦਿ ਲਗਿ ਭਵਜਲੁ ਤਾਰੈ ॥**

**(ਅੰਕ 1398)**

**ਕਚਹੁ ਕੰਚਨੁ ਭਇਅਉ**
**ਸਬਦੁ ਗੁਰ ਸ੍ਰਵਣਹਿ ਸੁਣਿਓ ॥**

**(ਅੰਕ 1399)**

**ਨਾਨਕ ਆਦਿ ਅੰਗਦ ਅਮਰ**
**ਸਤਿਗੁਰ ਸਬਦਿ ਸਮਾਇਅਉ॥**

**(ਅੰਕ 1407)**

ਉਪਰਲੇ ਸਾਰੇ ਵਿਸਤਾਰ ਤੋਂ ਇਹ ਤੱਥ ਉੱਭਰ ਕੇ ਸਾਹਮਣੇ ਆਉਂਦਾ ਹੈ ਕਿ ਗੁਰੂ ਗ੍ਰੰਥ ਸਾਹਿਬ ਵਿੱਚ ਸ਼ਾਮਲ ਸਾਰੇ ਬਾਣੀਕਾਰਾਂ ਨੇ ਸ਼ਬਦ ਦੀ ਮਹੱਤਤਾ ਨੂੰ ਪਛਾਣਿਆ ਹੈ ਅਤੇ ਉਜਾਗਰ ਕੀਤਾ ਹੈ। ਸਾਰਿਆਂ ਨੇ ਸ਼ਬਦ ਨੂੰ ਹੀ ਆਪਣਾ ਗੁਰੂ ਮੰਨਿਆ ਹੈ।

ਇਸ ਹਵਾਲੇ ਨਾਲ ਇਹ ਵੀ ਸਪੱਸ਼ਟ ਹੋ ਜਾਂਦਾ ਹੈ ਕਿ ਸਾਰੇ ਬਾਣੀਕਾਰ ਗੁਰੂ ਹਨ ਜਾਂ ਗੁਰੂ ਸਰੂਪ ਹਨ ਅਤੇ ਸਾਰੀ ਬਾਣੀ ਭਾਵੇਂ ਉਹ ਗੁਰੂਆਂ ਦੀ ਰਚਨਾ ਹੈ ਜਾਂ ਸੰਤਾਂ-ਭਗਤਾਂ ਦੀ, ਗੁਰਬਾਣੀ ਦਾ ਦਰਜਾ ਰੱਖਦੀ ਹੈ।

'ਬਾਣੀ ਗੁਰੂ' ਦੇ ਸਿਧਾਂਤ ਦੇ ਹੋਰ ਪਹਿਲੂਆਂ ਤੇ ਚਰਚਾ ਕਰਨ ਤੋਂ ਪਹਿਲਾਂ ਇਥੇ ਇੱਕ ਨੁਕਤਾ ਹੋਰ ਸਪੱਸ਼ਟ ਕਰ ਲੈਣਾ ਜ਼ਰੂਰੀ ਜਾਪਦਾ ਹੈ। ਸਿੱਖ ਪਰੰਪਰਾ ਵਿੱਚ 'ਸ਼ਬਦ' ਤੇ 'ਬਾਣੀ' ਦੋਵੇਂ ਸ਼ਬਦ ਇੱਕੋ ਅਰਥ ਦੇ ਧਾਰਣੀ ਹਨ ਅਤੇ ਦੋਹਾਂ ਸ਼ਬਦਾਂ ਨੂੰ ਇੱਕ ਦੂਜੇ ਦੀ ਥਾਂ ਤੇ ਸਮਾਨ ਅਰਥਾਂ ਵਿੱਚ ਵਰਤਿਆ ਜਾਂਦਾ ਹੈ। ਰੱਤਾ ਬਰੀਕੀ ਨਾਲ ਵੀਚਾਰੀਏ ਤਾਂ ਇਹ ਜ਼ਰੂਰ ਲੱਗਦਾ ਹੈ ਕਿ 'ਸ਼ਬਦ' ਥੋੜਾ ਸੂਖਮਤਾ ਦਾ ਬੋਧ ਕਰਾਉਂਦਾ ਹੈ, ਜਦ ਕਿ ਬਾਣੀ ਉਸਦੇ ਸਥੂਲ ਰੂਪ ਦਾ ਪ੍ਰਗਟਾਅ ਕਰਦੀ ਹੈ।

ਕਿਸੇ ਹੱਦ ਤੱਕ ਇਹ ਵੀ ਕਿਹਾ ਜਾ ਸਕਦਾ ਹੈ ਕਿ ਸ਼ਬਦ ਅਮੂਰਤ ਹੁੰਦਾ ਹੈ ਅਤੇ ਬਾਣੀ ਉਸਦਾ ਮੂਰਤ-ਸਰੂਪ। ਨਿਰਗੁਣ ਸ਼ਬਦ, ਗੁਰੂ ਦੀ ਦੈਵੀ ਪ੍ਰਤਿਭਾ ਸਦਕਾ, ਗੀਤ ਦਾ ਜਾਮਾ ਪਹਿਨ ਕੇ ਸਰਗੁਣ ਬਾਣੀ ਦਾ ਰੂਪ ਲੈਂਦਾ ਹੈ। ਗੁਰੂ ਸ਼ਾਇਰ ਬਣ ਜਾਂਦਾ ਹੈ, ਜਿਹੜਾ ਸ਼ਬਦ ਨੂੰ ਆਪਣੀ ਰਚਨਾ ਵਿੱਚ ਢਾਲ ਕੇ ਗਾਉਣ ਵਾਲੀ ਸ਼ੈਅ ਬਣਾ ਦਿੰਦਾ ਹੈ। ਪਰ ਇਨ੍ਹਾਂ ਸਪੱਸ਼ਟ ਸਮਝ ਲੈਣਾ ਚਾਹੀਦਾ ਹੈ ਕਿ ਦੋਹਾਂ ਵਿੱਚ ਕੋਈ ਭੇਦ ਨਹੀਂ। ਸ਼ਬਦ ਤੇ ਬਾਣੀ ਦੋਵੇਂ, ਇੱਕੋ ਰੱਬੀ ਸੰਦੇਸ਼ ਦੇ ਹੀ ਦੋ ਨਾਂ ਹਨ।

ਸ਼ਬਦ ਗੁਰੂ ਦਾ ਫਲਸਫਾ, ਅਸਲ ਵਿੱਚ, ਸਿੱਖ ਧਰਮ ਸ਼ਾਸਤਰ

ਦਾ ਕੇਂਦਰੀ ਧੁਰਾ ਹੈ। ਇਸ ਕੀਮਤੀ ਫਲਸਫੇ ਦੀ ਬੁਨਿਆਦ ਉੱਪਰ ਹੀ ਸਮੁੱਚਾ ਸਿੱਖ ਅਧਿਆਤਮਵਾਦ ਟਿਕਿਆ ਹੋਇਆ ਹੈ। ਪਹਿਲੇ ਗੁਰੂ, ਗੁਰੂ ਨਾਨਕ ਦੇਵ ਜੀ ਦੀ ਬਾਣੀ ਵਿੱਚ ਹੀ ਇਸ ਫਲਸਫੇ ਦੇ ਬੀਜ ਪਏ ਹੋਏ ਹਨ, ਜਿਹੜੇ ਬਾਅਦ ਵਿੱਚ ਪੂਰੀ ਗੁਰੂ ਪਰੰਪਰਾ ਦੇ ਦੌਰ ਵਿੱਚ ਵਿਗਸਤ ਹੁੰਦੇ ਚਲੇ ਗਏ ਹਨ। ਸ਼ਬਦ-ਗੁਰੂ ਦੇ ਵਿਚਾਰ ਦੇ ਮੋਢੀ ਹੀ ਗੁਰੂ ਨਾਨਕ ਦੇਵ ਜੀ ਨੂੰ ਮੰਨਿਆ ਜਾ ਸਕਦਾ ਹੈ।

ਗੁਰੂ ਸਾਹਿਬ ਦੀ ਵਡਮੁੱਲੀ ਰਚਨਾ ਸਿੱਧ-ਗੋਸਟ ’ਚੋਂ ਇਸ ਹਕੀਕਤ ਦੇ ਪ੍ਰਤੱਖ ਪਰਮਾਣ ਮਿਲਦੇ ਹਨ। ਸਿੱਧਾਂ ਨਾਲ ਹੋਏ ਸੰਵਾਦ ਵਿੱਚ ਇਸ ਵਿਚਾਰ ਨੂੰ ਦ੍ਰਿੜ੍ਹ ਕਰਾਇਆ ਗਿਆ ਹੈ ਕਿ ਸ਼ਬਦ ਹੀ ਉਹ ਜਹਾਜ ਹੈ, ਜਿਸ ਵਿੱਚ ਬੈਠ ਕੇ ਸੰਸਾਰ-ਸਾਗਰ ਪਾਰ ਕੀਤਾ ਜਾ ਸਕਦਾ ਹੈ। ਚਰਪਟ ਸਿੱਧ ਨੇ ਗੁਰੂ ਨਾਨਕ ਦੇਵ ਜੀ ਨੂੰ ਪੁਛਿਆ ਸੀ ਕਿ ਜਗਤ ਇੱਕ ਐਸਾ ਸਮੁੰਦਰ ਕਿਹਾ ਜਾਂਦਾ ਹੈ ਜਿਸਨੂੰ ਤਰਨਾ ਔਖਾ ਹੈ, ਕੋਈ ਇਹੋ ਜਿਹਾ ਵਿਚਾਰ ਦੱਸੋ, ਜਿਸ ਨਾਲ ਪਾਰਲਾ ਕੰਢਾ ਲਭਿਆ ਜਾ ਸਕੇ :

**ਦੁਨੀਆ ਸਾਗਰੁ ਦੁਤਰੁ ਕਹੀਐ**
**ਕਿਉ ਕਰਿ ਪਾਈਐ ਪਾਰੋ ॥**
**ਚਰਪਟੁ ਬੋਲੈ ਅਉਧੂ**
**ਨਾਨਕ ਦੇਹੁ ਸਚਾ ਬੀਚਾਰੋ ॥**

**(ਅੰਕ 938)**

ਗੁਰੂ ਨਾਨਕ ਦੇਵ ਜੀ ਦਾ ਉਤਰ ਸੀ, ਜਿਵੇਂ ਪਾਣੀ ਵਿੱਚ ਪੈਦਾ ਹੋਇਆ ਕਮਲ ਫੁੱਲ ਪਾਣੀ ਨਾਲੋਂ ਨਿਰਲੇਪ ਰਹਿੰਦਾ ਹੈ, ਜਿਵੇਂ ਨਦੀ ਵਿੱਚ ਤਰਦੀ ਮੁਰਗਾਈ ਆਪਣੇ ਖੰਭ ਨਹੀਂ ਭਿੱਜਣ ਦਿੰਦੀ, ਉਸੇ ਤਰ੍ਹਾਂ ਗੁਰੂ ਦੇ ਸ਼ਬਦ ਵਿੱਚ ਸੁਰਤਿ ਨੂੰ ਜੇ ਜੋੜ ਲਿਆ ਜਾਵੇ ਤਾਂ ਸੰਸਾਰ ਸਮੁੰਦਰ ਆਸਾਨੀ ਨਾਲ ਤਰਿਆ ਜਾ ਸਕਦਾ ਹੈ :

**ਜੈਸੇ ਜਲ ਮਹਿ ਕਮਲੁ ਨਿਰਾਲਮੁ ਮੁਰਗਾਈ ਨੈ ਸਾਣੇ ॥**
**ਸੁਰਤਿ ਸਬਦਿ ਭਵ ਸਾਗਰੁ ਤਰੀਐ ਨਾਨਕ ਨਾਮੁ ਵਖਾਣੇ॥**

**(ਅੰਕ 938)**

ਫਿਰ ਜਦੋਂ ਸਿੱਧਾਂ ਨੇ ਗੁਰੂ ਨਾਨਕ ਦੇਵ ਜੀ ਨੂੰ ਇਹ ਪ੍ਰਸ਼ਨ ਕੀਤਾ ਕਿ ਦੱਸੋ ਤੁਹਾਡਾ ਗੁਰੂ ਕੌਣ ਹੈ ਜਿਸ ਦੇ ਤੁਸੀਂ ਚੇਲੇ ਹੋ – ‘**ਤੇਰਾ ਕਵਣੁ ਗੁਰੂ ਜਿਸ ਕਾ ਤੂ ਚੇਲਾ॥**’, ਤਾਂ ਸਾਰਾ ਭੁਲੇਖਾ ਦੂਰ ਹੋ ਗਿਆ। ਗੁਰੂ ਸਾਹਿਬ ਦਾ ਜੁਆਬ ਸੀ- ‘**ਸਬਦੁ ਗੁਰੂ ਸੁਰਤਿ ਧੁਨਿ ਚੇਲਾ॥**’, ਸ਼ਬਦ ਮੇਰਾ ਗੁਰੂ ਹੈ ਅਤੇ ਮੇਰੀ ਸੁਰਤਿ ਦਾ ਟਿਕਾਓ ਚੇਲਾ ਹੈ। ਸਿੱਧਾਂ ਨੇ ਫੇਰ ਪੁੱਛਿਆ, ਜਿਸ ਸ਼ਬਦ ਦੇ ਰਾਹੀਂ ਦੁੱਤਰ ਸਾਗਰ ਤਰੀਦਾ ਹੈ ਅਤੇ ਜਿਹੜਾ ਸ਼ਬਦ ਤੁਹਾਡਾ ਗੁਰੂ ਹੈ, ਉਸਦਾ ਟਿਕਾਣਾ ਕਿਥੇ ਕਿਹਾ ਜਾ ਸਕਦਾ ਹੈ- ‘**ਸੁ ਸਬਦ ਕਾ ਕਹਾ ਵਾਸੁ ਕਥੀਅਲੇ ਜਿਤੁ ਤਰੀਐ ਭਵਜਲੁ ਸੰਸਾਰੋ॥**’ ਗੁਰੂ ਨਾਨਕ ਦੇਵ ਜੀ ਦਾ ਉਤਰ ਸੀ- ਜਿਸ ਸ਼ਬਦ ਰਾਹੀਂ ਦੁੱਤਰ ਸਾਗਰ ਤਰੀਦਾ ਹੈ, ਉਹ ਸ਼ਬਦ ਹਰ ਥਾਂ ਭਰਪੂਰ ਹੈ, ਸ਼ਬਦ ਅਲਖ ਵਾਹਿਗੁਰੂ ਦਾ ਰੂਪ ਹੈ, ਹਰ ਥਾਂ ਤੇ ਨਿਰੰਤਰ ਵਰਤਦਾ ਹੈ :

**ਸੁ ਸਬਦ ਕਉ ਨਿਰੰਤਰਿ ਵਾਸੁ ਅਲਖੰ**
**ਜਹ ਦੇਖਾ ਤਹ ਸੋਈ ॥**
**ਪਵਨ ਕਾ ਵਾਸਾ ਸੁੰਨ ਨਿਵਾਸਾ**
**ਅਕਲ ਕਲਾ ਧਰ ਸੋਈ ॥**

**(ਅੰਕ 944)**

ਗੁਰੂ ਨਾਨਕ ਸਾਹਿਬ ਨੇ ਆਪਣੀ ਬਾਣੀ ਵਿੱਚ ਹੀ ਸ਼ਬਦ-ਗੁਰੂ ਦੇ ਸਿਧਾਂਤ ਦੀ ਬਾਤਫਸੀਲ ਵਿਆਖਿਆ ਕੀਤੀ ਹੈ। ਆਪਣੀ ਸ਼ਾਹਕਾਰ ਰਚਨਾ ‘ਜਪੁ’ ਵਿੱਚ ਸ਼ਬਦ ਦੀ ਘਾੜ੍ਹਤ ਅਤੇ ਉਸ ਦੇ ਘੜ੍ਹੇ ਜਾਣ ਦੀ ਟਕਸਾਲ ਦਾ, ਗੁਰੂ ਜੀ ਨੇ ਬੜੇ ਖੂਬਸੂਰਤ ਢੰਗ ਨਾਲ ਵਰਣਨ ਕੀਤਾ ਹੈ। ਗੁਰੂ ਸਾਹਿਬ ਅਨੁਸਾਰ ਸੱਚੀ ਟਕਸਾਲ ਵਿੱਚ ਹੀ ਸ਼ਬਦ ਘੜਿਆ ਜਾ ਸਕਦਾ ਹੈ।

ਪਰ ਸੱਚੀ ਟਕਸਾਲ ਵਿੱਚ ਘੜ੍ਹੇ ਜਾਣ ਦੀ ਪਰਕਿਰਿਆ ਬਹੁਤ ਔਖੀ ਹੈ। ਇਸ ਲਈ ਅਮਲੀ ਜੀਵਨ ਦੀ ਲੋੜ ਹੁੰਦੀ ਹੈ। ਉੱਚੀ ਆਤਮਿਕ ਅਵਸਥਾ ਅਤੇ ਪਵਿੱਤਰ ਆਚਰਣ ਜ਼ਰੂਰੀ ਹੁੰਦਾ ਹੈ। ਇਹ ਬਿਲਕੁਲ ਇੱਦਾਂ ਹੁੰਦਾ ਹੈ ਜਿੱਦਾਂ ਸੁਨਿਆਰਾ ਕਿਸੇ ਧਾਤ ਨੂੰ ਅੱਗ ਵਿੱਚ ਪਾ ਕੇ ਤਪਾਉਂਦਾ ਹੈ ਅਤੇ ਢਾਲਦਾ ਹੈ ਅਤੇ ਫਿਰ ਹਥੋੜੀ ਦੀ ਸੱਟ ਨਾਲ ਉਸਦੀ ਸ਼ਕਲ ਘੜ੍ਹਦਾ ਹੈ।

ਦਰਅਸਲ ਜਤ, ਧੀਰਜ, ਮਤ, ਗਿਆਨ, ਭਉ, ਘਾਲ ਅਤੇ ਪ੍ਰੇਮ ਦੇ ਗੁਣਾਂ ਦੀ ਮਿਲਵੀ ਸੱਚੀ ਟਕਸਾਲ ਵਿੱਚ ਗੁਰੂ-ਸ਼ਬਦ ਦੀ ਮੋਹਰ ਘੜ੍ਹੀ ਜਾਂਦੀ ਹੈ। ਜੇ ਸਿੱਖ, ਜਤ ਤੇ ਧੀਰਜ ਆਦਿਕ ਗੁਣਾਂ ਦਾ ਧਾਰਣੀ ਬਣ ਜਾਵੇ ਤਾਂ ਉਸੇ ਆਤਮਿਕ ਅਵਸਥਾ ਵਿੱਚ ਪਹੁੰਚ ਜਾਂਦਾ ਹੈ ਜਿਸ ਵਿੱਚ ਗੁਰੂ ਨੇ ਸ਼ਬਦ ਉਚਾਰਿਆ ਹੁੰਦਾ ਹੈ, ਅਰਥਾਤ ਜਿਸ ਵਿੱਚ ਸ਼ਬਦ ਘੜ੍ਹਿਆ ਜਾਂਦਾ ਹੈ। ਸ਼ਬਦ ਦੀ ਘਾੜ੍ਹਤ ਦੇ ਇਸ ਵਿਚਾਰ ਨੂੰ ਪ੍ਰਸਤੁਤ ਕਰਦੀ ਜਪੁ-ਬਾਣੀ ਦੀ ਆਖਰੀ ਪਉੜੀ ਇਸ ਤਰ੍ਹਾਂ ਹੈ :

**ਜਤੁ ਪਾਹਾਰਾ ਧੀਰਜੁ ਸੁਨਿਆਰੁ ॥**
**ਅਹਰਣਿ ਮਤਿ ਵੇਦੁ ਹਥੀਆਰੁ ॥**
**ਭਉ ਖਲਾ ਅਗਨਿ ਤਪ ਤਾਉ ॥**
**ਭਾਂਡਾ ਭਾਉ ਅੰਮ੍ਰਿਤੁ ਤਿਤੁ ਢਾਲਿ ॥**
**ਘੜੀਐ ਸਬਦੁ ਸਚੀ ਟਕਸਾਲ ॥**
**ਜਿਨ ਕਉ ਨਦਰਿ ਕਰਮੁ ਤਿਨ ਕਾਰ ॥**
**ਨਾਨਕ ਨਦਰੀ ਨਦਰਿ ਨਿਹਾਲ ॥ ੩੮ ॥**

**(ਅੰਕ 8)**

ਪਹਿਲਾਂ ਵੀ ਜਿਕਰ ਕਰ ਆਇਆ ਹਾਂ, ਫਿਰ ਤਕੀਦ ਨਾਲ ਦੋਹਰਾਨਾ ਚਾਹੁੰਦਾ ਹਾਂ, ਸ਼ਬਦ ਸਿੱਖੀ ਦਾ ਧੁਰਾ ਹੈ, ਸਿੱਖ-ਅਧਿਆਤਮ ਦਾ ਕੇਂਦਰ ਬਿੰਦੂ ਹੈ। ਸਾਰਾ ਸਿੱਖ ਧਾਰਮਿਕ ਵਿਹਾਰ ਸ਼ਬਦ ਦੇ ਸਿਧਾਂਤ ਉੱਪਰ ਟਿਕਿਆ ਹੋਇਆ ਹੈ। ਸ਼ਬਦ ਦੀ ਕਮਾਈ

ਹੀ ਸਿੱਖ ਸੰਦਰਭ ਵਿੱਚ ਸਾਧਨਾ ਹੈ। ਸਿੱਖ-ਸਿਧਾਂਤ ਮੁਤਾਬਕ ਸ਼ਬਦ ਦੀ ਕਮਾਈ ਰੱਬੀ ਮੇਲ ਦਾ ਸਭ ਤੋਂ ਕਾਰਗਰ ਸਾਧਨ ਹੈ। ਇਸੇ ਲਈ ਸਿੱਖ, ਸ਼ਬਦ ਦੀ ਟੇਕ, ਸ਼ਬਦ ਦੇ ਆਸਰੇ ਦੀ ਮੰਗ ਕਰਦਾ ਹੈ।

ਸਿੱਖ-ਸਾਧਕ ਜਿਹਵਾ ਦੁਆਰਾ ਗੁਰੂ ਦੇ ਸ਼ਬਦ ਦੇ ਜਾਪ ਤੋਂ ਆਪਣਾ ਅਧਿਆਤਮਕ ਸਫਰ ਸ਼ੁਰੂ ਕਰਦਾ ਹੈ ਅਤੇ ਫਿਰ ਸ਼ਬਦ ਦੇ ਅੰਤਰੀਵ ਭਾਵ ਨੂੰ ਆਪਣੇ ਹਿਰਦੇ ਵਿੱਚ ਵਸਾ ਕੇ ਪਰਮਾਤਮਾ ਦੀ ਪਰਮਸੱਤਾ ਵਿੱਚ ਪੂਰੀ ਤਰ੍ਹਾਂ ਲੀਨ ਹੋ ਜਾਂਦਾ ਹੈ। ਇਸ ਸਥਿਤੀ ਵਿੱਚ ਪਹੁੰਚ ਕੇ ਸਾਧਕ-ਸਿੱਖ ਨੂੰ ਆਪਣੇ ਆਪੇ ਦੀ ਸਮਝ ਆ ਜਾਂਦੀ ਹੈ, ਉਸਨੂੰ ਆਪਣੇ ਮੂਲ ਦੀ ਪਛਾਣ ਹੋ ਜਾਂਦੀ ਹੈ। ਉਸਦੀ ਹਉਮੈ ਛੁੱਟ ਜਾਂਦੀ ਹੈ, ਅਗਿਆਨਤਾ ਦਾ ਹਨ੍ਹੇਰਾ ਦੂਰ ਹੋ ਜਾਂਦਾ ਹੈ ਅਤੇ ਉਸਦਾ ਜੀਵਨ ਪ੍ਰਕਾਸ਼ਮਈ ਹੋ ਜਾਂਦਾ ਹੈ।

ਫੇਰ ਇਹ ਵੀ ਸਮਝ ਲੈਣਾ ਚਾਹੀਦਾ ਹੈ ਕਿ ਸ਼ਬਦ ਨਾਲ ਜੁੜਨਾ, ਪਰਮਾਤਮਾ ਨਾਲ ਜੁੜਨਾ ਹੈ। ਸੁਰਤ, ਸ਼ਬਦ ਨਾਲ ਜੁੜ ਕੇ ਪਰਮਾਤਮਾ ਤੱਕ ਪਹੁੰਚ ਜਾਂਦੀ ਹੈ। ਪਰ ਇਹ ਹਕੀਕਤ ਵੀ ਜਿਹਨ ’ਚ ਰੱਖਣ ਵਾਲੀ ਹੈ ਕਿ ਗੁਰੂ ਕਿਉਂਕਿ ਸ਼ਬਦ ਅਤੇ ਪਰਮਾਤਮਾ ਨਾਲ ਅਭੇਦ ਹੋਇਆ ਹੁੰਦਾ ਹੈ ਅਤੇ ਸ਼ਬਦ ਦਾ ਪ੍ਰਗਟਾਅ ਗੁਰੂ ਰਾਹੀਂ ਹੁੰਦਾ ਹੈ, ਇਸ ਲਈ ਗੁਰੂ ਨਾਲ ਜੁੜਨਾ ਵੀ ਪਰਮਾਤਮਾ ਨਾਲ ਜੁੜਨ ਦੇ ਤੁੱਲ ਹੋ ਜਾਂਦਾ ਹੈ।

ਰਤਾ ਗਹੁ ਨਾਲ ਵੇਖੀਏ ਤਾਂ ਸਪੱਸ਼ਟ ਹੋਵੇਗਾ ਕਿ ਇੱਕੋ ਸ਼ਬਦ ਦੀ ਡੋਰ ਨਾਲ ਸਿੱਖ, ਗੁਰੂ ਤੇ ਪਰਮਾਤਮਾ ਪਰੋਤੇ ਜਾਂਦੇ ਹਨ ਅਤੇ ਉਹਨਾਂ ਦੀਆਂ ਵਿੱਥਾਂ ਮੁੱਕ ਜਾਂਦੀਆਂ ਹਨ। ਸਿੱਖ ਨੂੰ ਸਾਧਕ ਦੇ ਰੂਪ ਵਿੱਚ ਮੰਜ਼ਲ ਪ੍ਰਾਪਤ ਹੋ ਜਾਂਦੀ ਹੈ।

ਇੱਕ ਹੋਰ ਨੁਕਤਾ ਨੋਟ ਕਰਨ ਵਾਲਾ ਹੈ। ਗੁਰੂ ਗ੍ਰੰਥ ਸਾਹਿਬ ਦੀ ਬਾਣੀ ਵਿੱਚ ਸ਼ਬਦ ਦੀ ਮਹਿਮਾ, ਬਾਣੀ ਦੀ ਮਹੱਤਤਾ ਨੂੰ ਬੜੇ ਵਸੀਅ ਪੈਮਾਨੇ ਤੇ ਉਜਾਗਰ ਕੀਤਾ ਗਿਆ ਹੈ। ਸ਼ਬਦ ਸੁਹਣਾ ਹੈ, ਆਨੰਦ ਦੇਣ ਵਾਲਾ ਹੈ, ਅਮੋਲਕ ਰਤਨ ਹੈ, ਗੁਰੂ-ਪੀਰ ਹੈ। ਇਹੋ ਜਿਹੀਆਂ ਬਹੁਤ ਸਾਰੀਆਂ ਤਸ਼ਬੀਹਾਂ ਨਾਲ ਸ਼ਬਦ ਦੀ ਮਹਾਨਤਾ ਨੂੰ ਉਜਾਗਰ ਕਰਨ ਦਾ ਜਤਨ ਕੀਤਾ ਗਿਆ ਹੈ, ਗੁਰੂ ਗ੍ਰੰਥ ਸਾਹਿਬ ਵਿੱਚ :

**ਸਬਦੁ ਗੁਰ ਪੀਰਾ ਗਹਿਰ ਗੰਭੀਰਾ**
**ਬਿਨੁ ਸਬਦੈ ਜਗੁ ਬਉਰਾਨੰ ॥**

**(ਅੰਕ 635)**

**ਏਹੁ ਸੋਹਿਲਾ ਸਬਦੁ ਸੁਹਾਵਾ ॥**
**ਸਬਦੋ ਸੁਹਾਵਾ ਸਦਾ ਸੋਹਿਲਾ ਸਤਿਗੁਰੂ ਸੁਣਾਇਆ ॥**
**ਏਹੁ ਤਿਨ ਕੈ ਮੰਨਿ ਵਸਿਆ**
**ਜਿਨ ਧੁਰਹੁ ਲਿਖਿਆ ਆਇਆ ॥**

**(ਅੰਕ 919)**

**ਗੁਰ ਕਾ ਸਬਦੁ ਰਤੰਨੁ ਹੈ ਹੀਰੇ ਜਿਤੁ ਜੜਾਉ ॥**

**(ਅੰਕ 920)**

ਗੁਰੂ ਅਮਰਦਾਸ ਜੀ ਦਾ ਇਹ ਅਮਰ ਵਾਕ ਹੈ ਕਿ ਗੁਰਬਾਣੀ ਇਸ ਸੰਸਾਰ ਵਿੱਚ ਰੌਸ਼ਨੀ ਦਿਖਾਉਣ ਵਾਲਾ ਚਾਨਣ ਹੈ ਅਤੇ ਚੰਗੇ ਕਰਮਾਂ ਕਰਕੇ ਹੀ ਇਸ ਚਾਨਣ ਨਾਲ ਅੰਤਰਮਨ ਰੌਸ਼ਨ ਹੁੰਦਾ ਹੈ :

**ਗੁਰਬਾਣੀ ਇਸੁ ਜਗ ਮਹਿ ਚਾਨਣੁ**
**ਕਰਮਿ ਵਸੈ ਮਨਿ ਆਏ ॥**

**(ਅੰਕ 67)**

ਪਰ ਕਈ ਮਨੁੱਖ ਇਹੋ ਜਿਹੇ ਹਨ, ਜਿਹੜੇ ਬਾਣੀ ਦੇ ਚਾਨ੍ਹਣ ਤੋਂ ਵਾਂਝੇ ਹਨ ਜਾਂ ਉਹਨਾਂ ਨੂੰ ਕੋਈ ਸਰੋਕਾਰ ਨਹੀਂ ਇਸ ਚਾਨ੍ਹਣ ਨਾਲ। ਗੁਰੂ ਗ੍ਰੰਥ ਸਾਹਿਬ ਦੀ ਬਾਣੀ ਦਾ ਸਪੱਸ਼ਟ ਨਿਰਣਾ ਹੈ ਕਿ ਸ਼ਬਦ-ਬਾਣੀ ਤੋਂ ਸੱਖਣੇ ਮਨੁੱਖ ਦਾ ਜੀਵਨ ਵਿਅਰਥ ਹੈ। ਅਸਲ ਵਿੱਚ ਉਸ ਪਾਸ ਰੱਬੀ ਹਕੀਕਤ ਨੂੰ ਦੇਖਣ ਤੇ ਸੁਣਨ ਦੀ ਸਮਰਥਾ ਹੀ ਨਹੀਂ ਹੁੰਦੀ ਅਤੇ ਉਹ ਬਉਰਿਆਂ ਦੀ ਤਰ੍ਹਾਂ ਜੀਵਨ ਬਤੀਤ ਕਰ ਰਿਹਾ ਹੁੰਦਾ ਹੈ। ਹੇਠਲੀਆਂ ਪੰਕਤੀਆਂ ਇਸੇ ਭਾਵ ਨੂੰ ਵਿਅਕਤ ਕਰਦੀਆਂ ਹਨ :

**ਬਿਨੁ ਸਬਦੈ ਸੁਣੀਐ ਨ ਦੇਖੀਐ**
**ਜਗੁ ਬੋਲਾ ਅੰਨ੍ਹਾ ਭਰਮਾਇ ॥**

**(ਅੰਕ 429)**

**ਸਬਦੁ ਨ ਜਾਣਹਿ ਸੇ ਅੰਨੇ ਬੋਲੇ**
**ਸੇ ਕਿਤੁ ਆਏ ਸੰਸਾਰਾ ॥**

**(ਅੰਕ 601)**

**ਸਬਦੁ ਗੁਰ ਪੀਰਾ ਗਹਿਰ ਗੰਭੀਰਾ**
**ਬਿਨੁ ਸਬਦੈ ਜਗੁ ਬਉਰਾਨੰ ॥**

**(ਅੰਕ 635)**

ਇਥੇ ਮੈਂ ਭਾਈ ਗੁਰਦਾਸ ਜੀ ਦੀ ਬਾਣੀ ਦੇ ਹਵਾਲੇ ਨਾਲ ਵੀ ਕੁੱਝ ਵਿਚਾਰ ਸਾਂਝੇ ਕਰਨਾ ਚਾਹੁੰਦਾ ਹਾਂ। ਭਾਈ ਗੁਰਦਾਸ ਜੀ ਨੇ ਆਪਣੀਆਂ ਰਚਨਾਵਾਂ ਵਿੱਚ ਸਾਨੂੰ ‘ਗੁਰੂ ਮੂਰਤਿ ਗੁਰ ਸਬਦੁ ਹੈ’ ਦਾ ਸਿਧਾਂਤ ਦਿੱਤਾ ਹੈ। ‘ਸਤਿਗੁਰ ਮੈ ਸਬਦ ਸਬਦ ਮੈ ਸਤਿਗੁਰ ਹੈ’ ਦਾ ਮੁਕੰਮਲ ਸੰਕਲਪ ਸਿੱਖਾਂ ਨੂੰ ਸਮਝਾਉਣ ਦਾ ਜਤਨ ਕੀਤਾ ਹੈ।

ਭਾਈ ਸਾਹਿਬ ਮੁਤਾਬਕ ਜਿੰਦਾਂ ਫਲ ਤੋਂ ਬਿਰਖ ਤੇ ਬਿਰਖ ਤੋਂ ਫਲ ਪੈਦਾ ਹੁੰਦਾ ਹੈ, ਸੂਖਮ ਬੀਜ ਦੀ ਇਹ ਕਿੰਨੀ ਅਦਭੁਤ ਕਰਾਮਾਤ ਹੈ। ਜਿੰਦਾਂ ਚੰਦਨ ਵਿੱਚ ਸੁਗੰਧ ਹੈ ਅਤੇ ਸੁਗੰਧ ਵਿੱਚ ਚੰਦਨ ਹੈ, ਅਦ੍ਰਿਸ਼ਟ ਵਾਸਨਾ ਦਾ ਮਰਮ ਜਾਨਣਾ ਕਿੰਨਾ ਔਖਾ ਹੈ। ਜਿੰਦਾਂ ਲਕੜੀ ਵਿੱਚ ਅੱਗ ਹੈ ਅਤੇ ਅੱਗ ਵਿੱਚ ਲੱਕੜ ਦਾ ਭੇਦ ਹੈ, ਕਿੰਨਾ ਅਸਚਰਜਮਈ ਕੌਤਕ ਹੈ। ਉਸੇ ਤਰ੍ਹਾਂ ਸਤਿਗੁਰ ਵਿੱਚ ਸ਼ਬਦ ਅਤੇ ਸ਼ਬਦ ਵਿੱਚ ਸਤਿਗੁਰ ਦਾ ਨਿਵਾਸ ਹੈ। ਗਿਆਨ ਦੀ ਇਹ ਸੂਖਮ ਰਮਜ਼ਦੀ ਗੱਲ ਸਿੱਖਾਂ ਨੂੰ ਸਮਝ ਲੈਣੀ ਚਾਹੀਦੀ ਹੈ। ਭਾਈ

ਗੁਰਦਾਸ ਜੀ ਦੀ ਰਚਨਾ ਦੇ ਸ਼ਬਦ ਇਸ ਤਰ੍ਹਾਂ ਹਨ :

**ਜੈਸੇ ਫਲ ਸੈ ਬਿਰਖ ਬਿਰਖ ਸੈ ਹੋਤ ਫਲ**
**ਅਦਿਭੁਤਿ ਗਤਿ ਕਛੁ ਕਹਨੁ ਨ ਆਵੈ ਜੀ॥**
**ਜੈਸੇ ਬਾਸੁ ਬਾਵਨ ਮੈ ਬਾਵਨ ਹੈ ਬਾਸੁ ਬਿਖੈ**
**ਬਿਸਮ ਚਰਿਤ੍ਰ ਕੋਊ ਮਰਮੁ ਨ ਪਾਵੈ ਜੀ॥**
**ਕਾਸਟਿ ਮੈ ਅਗਨਿ ਅਗਨਿ ਮੈ ਕਾਸਟਿ ਹੈ**
**ਅਤਿ ਅਸਚਰਜ ਹੈ ਕਉਤਕ ਕਹਾਵੈ ਜੀ॥**
**ਸਤਿਗੁਰ ਮੈ ਸਬਦੁ ਸਬਦ ਮੈ ਸਤਿਗੁਰ ਹੈ**
**ਨਿਰਗੁਨ ਗਿਆਨ ਧਿਆਨ ਸਮਝਾਵੈ ਜੀ ॥੫੩੪॥**

**(ਕਬਿੱਤ ਸਵੱਯੇ)**

ਭਾਈ ਗੁਰਦਾਸ ਜੀ ਅਨੁਸਾਰ ਸ਼ਬਦ-ਸੁਰਤ ਦੀ ਕਮਾਈ ਰਾਹੀਂ ਮਨੁੱਖ ਦੇ ਮਨ ਦੀ ਭਟਕਨਾ ਸ਼ਾਂਤ ਹੋ ਜਾਂਦੀ ਹੈ ਅਤੇ ਉਸਨੂੰ ਸਹਿਜ ਸੁੱਖ ਦੀ ਪ੍ਰਾਪਤੀ ਹੁੰਦੀ ਹੈ, ਉਸਦੀ ਲਿਵ ਪਾਰਬ੍ਰਹਮ ਪਰਮਾਤਮਾ ਵਿੱਚ ਲਗ ਜਾਂਦੀ ਹੈ।

**ਸਬਦ ਸੁਰਤਿ ਅਵਗਾਹਨ ਬਿਮਲ ਮਤਿ**
**ਸਬਦ ਸੁਰਤਿ ਗੁਰ ਗਿਆਨ ਕੋ ਪ੍ਰਗਾਸ ਹੈ॥**
**ਸਬਦ ਸੁਰਤਿ ਸਮ-ਦ੍ਰਿਸਟਿ ਕੈ ਦਿਬਿ ਜੋਤਿ**
**ਸਬਦ ਸੁਰਤਿ ਲਿਵ ਅਨਭੈ ਅਭਿਆਸ ਹੈ॥**
**ਸਬਦ ਸੁਰਤਿ ਪਰਮਾਰਥ ਪਰਮ ਪਦ**
**ਸਬਦ ਸੁਰਤਿ ਸੁਖ ਸਹਜ ਨਿਵਾਸ ਹੈ॥**
**ਸਬਦ ਸੁਰਤਿ ਲਿਵ ਪ੍ਰੇਮ ਰਸ ਰਸਿਕ ਹੁਇ**
**ਸਬਦ ਸੁਰਤਿ ਲਿਵ ਬ੍ਰਹਮ ਬਿਸ੍ਵਾਸ ਹੈ॥੬੨॥**

**(ਕਬਿੱਤ ਸਵੱਯੇ)**

ਪਰ ਇਹ ਵੀ ਧਿਆਨਯੋਗ ਨੁਕਤਾ ਹੈ ਕਿ ਭਾਈ ਗੁਰਦਾਸ ਜੀ ਸ਼ਬਦ ਨੂੰ ਸੰਗਤ ਨਾਲ ਜੋੜ ਕੇ ਵੇਖਦੇ ਹਨ। ਸਿਧਾਂਤਕ ਤੌਰ ’ਤੇ ਵੀ ਭਾਵੇਂ ਸ਼ਬਦ ਦੀ ਕਮਾਈ ਵਿਅਕਤੀਗਤ ਤੇ ਸਾਂਝੇ ਦੋਹਾਂ ਰੂਪਾਂ ਵਿੱਚ ਕੀਤੀ ਜਾ ਸਕਦੀ ਹੈ, ਪਰ ਸਿੱਖ ਪਰੰਪਰਾ ਵਿੱਚ ਸ਼ਬਦ ਦੀ ਸਾਧਨਾ ਨੂੰ ਵਿਅਕਤੀਗਤ ਨਾਲੋਂ ਵੱਧ ਸੰਗਤੀ ਅਮਲ ਦੱਸਿਆ ਗਿਆ ਹੈ। ਭਾਈ ਗੁਰਦਾਸ ਜੀ ਦੀਆਂ ਹੇਠਲੀਆਂ ਪੰਕਤੀਆਂ ਉਚੇਚੇ ਧਿਆਨ ਯੋਗ ਹਨ :

**ਗੁਰ ਪਰਮੇਸਰੁ ਜਾਣਿ ਸਬਦੁ ਕਮਾਇਆ।**
**ਸਾਧਸੰਗਤਿ ਚਲਿ ਜਾਇ ਸੀਸੁ ਨਿਵਾਇਆ।**

**(ਵਾਰ ੨੦, ਪਉੜੀ ੪)**

ਭਾਈ ਗੁਰਦਾਸ ਜੀ ਅਨੁਸਾਰ ਗੁਰੂ ਨਾਨਕ ਦੇਵ ਜੀ ਦੀ ਕਰਾਮਾਤ ਸ਼ਬਦ ਸੀ, ਬਾਣੀ ਸੀ, ਜਿਸਦਾ ਜਾਪ ਤੇ ਗਾਇਨ ਸੰਗਤ ਵਿੱਚ ਹੁੰਦਾ ਹੈ। ਸਿੱਧਾਂ ਨੇ ਗੁਰੂ ਨਾਨਕ ਦੇਵ ਜੀ ਨੂੰ ਆਖਿਆ ਸੀ-ਸਾਰਿਆਂ ਨੂੰ ਕਰਾਮਾਤ ਨਾਲ ਆਪਣੇ ਪਿੱਛੇ ਲਾਅ ਲਿਆ ਹੈ, ਸਾਨੂੰ ਵੀ ਕੋਈ ਕਰਾਮਾਤ ਦੱਸ। ਬਾਬੇ ਨੇ ਉੱਤਰ ਦਿੱਤਾ, ਨਾਥ ਜੀ! ਮੇਰੇ ਪਾਸ ਕੋਈ ਐਸੀ ਕਰਾਮਾਤ ਨਹੀਂ ਜਿਹੜੀ ਤੁਹਾਨੂੰ ਵਿਖਾ ਸਕਾਂ। ਜੇ ਕੋਈ ਕਰਾਮਾਤ ਹੈ ਉਹ ਬਾਣੀ ਦੀ ਹੈ, ਜਿਹੜੀ ਅਸੀਂ ਸੰਗਤ ਰੂਪ ਵਿੱਚ ਗਾਇਨ ਕਰਦੇ ਹਾਂ –

**ਸਿਧਿ ਬੋਲਨਿ,‘ਸੁਣਿ ਨਾਨਕਾ!**
**ਤੁਹਿ ਜਗ ਨੋ ਕਰਾਮਾਤਿ ਦਿਖਾਈ।**
**ਕੁਝੁ ਵਿਖਾਲੇਂ ਅਸਾਂ ਨੋ**
**ਤੁਹਿ ਕਿਉ ਢਿਲ ਅਵੇਹੀ ਲਾਈ’?**
**ਬਾਬਾ ਬੋਲੇ,‘ਨਾਥ ਜੀ!**
**ਅਸਿ ਵੇਖਣਿ ਜੋਗੀ ਵਸਤੁ ਨ ਕਾਈ।**
**ਗੁਰੁ ਸੰਗਤਿ ਬਾਣੀ ਬਿਨਾ**
**ਦੂਜੀ ਓਟ ਨਹੀ ਹੈ ਰਾਈ।**

**(ਵਾਰ ੧, ਪਉੜੀ ੪੨)**

ਭਾਈ ਗੁਰਦਾਸ ਜੀ ਦੀ ਵਾਰ ਤੋਂ ਪ੍ਰਾਪਤ ਇਸ ਗਿਆਨ ਭਰਪੂਰ ਜਾਣਕਾਰੀ ਤੋਂ ਬਾਅਦ ਕੁੱਝ ਗੱਲਾਂ ਰਤਾ ਹੋਰ ਵਿਆਪਕ ਪੱਧਰ ਤੇ ਕਰਨਾ ਚਾਹੁੰਦਾ ਹਾਂ। ਬਾਣੀ ਅਸਲ ਵਿਚ ਪਰਮਾਤਮਾ ਦੀ ਆਵਾਜ਼ ਹੈ। ਪਰਮਾਤਮਾ ਖੁਦ ਬਾਣੀ ਦਾ ਮੂਲ ਸਰੋਤ ਹੈ। ਉਸੇ ’ਚੋਂ ਬਾਣੀ ਦਾ ਨਿਕਾਸ ਹੁੰਦਾ ਹੈ। ਪਹਿਲਾਂ ਵੀ ਹੋ ਰਿਹਾ ਸੀ ਅਤੇ ਹੁਣ ਵੀ ਹੋ ਰਿਹਾ ਹੈ। ਇਹ ਪ੍ਰਵਾਹ ਨਿਰੰਤਰ ਜਾਰੀ ਹੈ। ਪਰਮਾਤਮਾ ਗੁਰੂ ਸਾਹਿਬਾਨ ਦਾ ਗੁਰੂ ਹੈ, ਇਸ ਲਈ ਸਾਰੀ ਬਾਣੀ ਉਸੇ ’ਚੋਂ ਪ੍ਰਵਾਹਿਤ ਹੁੰਦੀ ਹੈ। ਆਦਿ ਕਾਲ ਤੋਂ ਬਾਣੀ ਮੌਜੂਦ ਹੈ ਅਤੇ ਕਿਸੇ ਨਾ ਕਿਸੇ ਰੂਪ ਵਿੱਚ ਉਸਦੀ ਹੋਂਦ ਬਰਕਰਾਰ ਹੈ।

ਇਹ ਠੀਕ ਹੈ ਬਾਣੀ ਦਾ ਸੁਭਾਅ ਤੇ ਸਰੂਪ ਬਦਲਦਾ ਰਿਹਾ ਹੈ, ਵਿਕਸਤ ਹੁੰਦਾ ਰਿਹਾ ਹੈ ਪਰ ਉਸਦਾ ਅੰਤਰੀਵ ਰੱਬੀ ਅੰਸ਼, ਹਮੇਸ਼ਾਂ ਜੀਵੰਤ ਰਿਹਾ ਹੈ। ਨਾਲ ਹੀ, ਗੁਰੂ ਦੀ ਭੂਮਿਕਾ ਵੀ ਨਿਸ਼ਚਿਤ ਹੈ। ਉਹ ਪਰਮਾਤਮਾ ਵੱਲੋਂ ਆਏ ਸੁਨੇਹੇ ਨੂੰ, ਸੰਦੇਸ਼ ਨੂੰ ਸੁਣਦਾ ਹੈ ਅਤੇ ਫੇਰ ਪਰਸਾਰਤ ਕਰਦਾ ਹੈ, ਆਪਣੀ ਜ਼ੁਬਾਨ ਵਿੱਚ।

ਭਾਰਤੀ ਪਰੰਪਰਾ ਵਿੱਚ ਸ਼ਬਦ-ਬ੍ਰਹਮ ਦੀ ਗੱਲ ਮੁੱਢੋਂ ਹੀ ਤੁਰੀ ਆਉਂਦੀ ਹੈ। ਸ਼ਬਦ-ਬ੍ਰਹਮ ਨੂੰ ਪਰਾ, ਪਸਯੰਤੀ, ਮਧਿਅਮਾ, ਬੈਖਰੀ, ਮਾਤਰਕਾ ਆਦਿ ਰੂਪ ਵਿੱਚ ਵਿਚਾਰਿਆ ਜਾਂਦਾ ਰਿਹਾ ਹੈ। ਪਰਾ ਰੂਪ ਵਿੱਚ ਸ਼ਬਦ ਆਪਣੀ ਸੂਖਮਤਾ ਵਿੱਚ ਚੇਤਨਾ ਤੇ ਸਰਬ-ਉਚ ਧਰਾਤਲ ਉਪਰ ਵਿਚਰਦਾ ਹੈ। ਪਸ਼ਯੰਤੀ ਅਵਸਥਾ ਵਿੱਚ ਸ਼ਬਦ ਵੀਚਾਰ ਦਾ ਰੂਪ ਧਾਰਨਾ ਸ਼ੁਰੂ ਕਰ ਦਿੰਦਾ ਹੈ।

ਮਧਿਅਮਾ, ਸ਼ਬਦ ਦਾ ਉਹ ਰੂਪ ਹੈ ਜਦੋਂ ਸ਼ਬਦ, ਅਭਿਵਿਅਕਤੀ ਲਈ ਸਰੀਰ ਅੰਦਰ ਹੀ ਸੂਖਮ ਧੁਨੀਆਂ ਦਾ ਰੂਪ ਧਾਰਦਾ ਹੈ। ਬੈਖਰੀ ਅਵਸਥਾ ਵਿੱਚ ਸ਼ਬਦ ਅੱਖਰ ਬਣ ਕੇ ਕੰਠ ਰਾਹੀਂ ਅਭਿਵਿਅਕਤ ਹੁੰਦਾ ਹੈ ਅਤੇ ਜਦੋਂ ਇਹ ਕੰਠ ਦੁਆਰਾ ਬਾਹਰ ਆਇਆ ਸ਼ਬਦ, ਲਿਖਤ ਰੂਪ ਵਿਚ ਸਾਂਭਿਆ ਜਾਂਦਾ ਹੈ ਤਾਂ ਇਸ ਨੂੰ ਸ਼ਬਦ ਦੀ ਮਾਤਰਕ ਅਵਸਥਾ ਮੰਨਿਆ ਜਾਂਦਾ ਹੈ।

ਭਾਰਤੀ ਪਰੰਪਰਾ ਦੇ ਸ਼ਬਦ ਸਿਧਾਂਤ ਨੂੰ ਜੇ ਸਿੱਖ ਪਰੰਪਰਾ ਦੇ ਸੰਦਰਭ ਵਿੱਚ ਸਮਝਣ ਦਾ ਜਤਨ ਕਰੀਏ ਤਾਂ ਇੱਕ ਬੜਾ ਮਹੱਤਵਸ਼ਾਲੀ ਨੁਕਤਾ ਉਭਰ ਕੇ ਸਾਹਮਣੇ ਆਉਂਦਾ ਹੈ। ਇੱਦਾਂ ਜਾਪਦਾ ਹੈ ਕਿ ਗੁਰੂ ਸਾਹਿਬਾਨ ਨੇ ਖਾਸ ਤੌਰ ਤੇ ਗੁਰੂ ਨਾਨਕ ਸਾਹਿਬ ਨੇ ਵੱਖ-ਵੱਖ ਸੰਤਾਂ-ਭਗਤਾਂ ਦੇ ਸ਼ਬਦ-ਬ੍ਰਹਮ ਦੇ 'ਪਰਾ' ਰੂਪ ਦੇ ਅਨੁਭਵਾਂ ਨੂੰ ਇਕੱਠਿਆਂ ਕੀਤਾ ਅਤੇ ਫਿਰ ਉਹਨਾਂ ਨੂੰ ਲਿਖਤ ਮਾਤਰਕਾ ਰੂਪ ਵਿੱਚ ਸਾਂਭਿਆ ਹੈ।

ਡਾ. ਜੋਧ ਸਿੰਘ ਨੇ ਆਪਣੇ ਇੱਕ ਲੇਖ ਵਿੱਚ ਇਸ ਪੱਖ ਦੀ ਵਿਸਤਰਿਤ ਚਰਚਾ ਕੀਤੀ ਹੈ ਅਤੇ ਲਿਖਿਆ ਹੈ 'ਗੁਰੂ ਨਾਨਕ ਦੇਵ ਜੀ ਨੇ ਸਾਰੇ ਧਰਮਾਂ ਦੇ ਤੱਤ, 'ਪਰਾ' ਸ਼ਬਦ ਦਾ ਸਨਮਾਨ ਕੀਤਾ ਅਤੇ ਭਾਰਤ ਭਰ ਵਿੱਚ ਖਿਲਰੀਆਂ ਭਿੰਨ-ਭਿੰਨ ਜੀਵਨ ਮਾਰਗਾਂ ਨਾਲ ਸਬੰਧਤ ਭਿੰਨ-ਭਿੰਨ ਭਗਤਾਂ-ਸੰਤਾਂ ਦੀਆਂ ਰਹਿਸਵਾਦੀ ਅਨੁਭੂਤੀਆਂ ਦੀਆਂ ਪਰਾ ਸ਼ਬਦ ਬਾਣੀਆਂ ਨੂੰ ਮਾਤਰਕਾ (ਲਿਖਤ) ਰੂਪ ਵਿੱਚ ਇਕੱਠਿਆਂ ਕਰਕੇ ਉਹਨਾਂ ਦੀ ਮਾਲਾ ਪਰੋਣ ਵਿੱਚ ਉਹ, ਇੱਕ ਪੱਖੀ ਲੀਕਾਂ ਨੂੰ ਤੋੜਨ ਹਿਤ ਜਰਾ ਵੀ ਨਹੀਂ ਹਿਚਕਾਏ। ਇਹੋ ਬਾਣੀਆਂ ਬਾਅਦ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਰੂਪ ਵਿੱਚ ਸਸ਼ੋਭਿਤ ਹੋਈਆਂ।'

ਪਰ ਭਾਰਤੀ ਪਰੰਪਰਾ ਵਿੱਚ ਸ਼ਬਦ-ਬ੍ਰਹਮ ਦੇ ਸੰਕਲਪ ਦੀ ਗੱਲ ਕਰਦਿਆਂ ਇੰਨਾ ਜ਼ਰੂਰ ਧਿਆਨ 'ਚ ਰੱਖਣ ਦੀ ਲੋੜ ਹੈ ਕਿ ਇੱਕ ਨਿਰੰਤਰਤਾ ਹੁੰਦਿਆਂ ਹੋਇਆਂ ਵੀ ਗੁਰਬਾਣੀ ਅਤੇ ਉਸਦੇ ਸ਼ਬਦ-ਸਿਧਾਂਤ ਦੀ ਆਪਣੀ ਵਿਲੱਖਣ ਹੋਂਦ ਤੇ ਪਛਾਣ ਹੈ। ਗੁਰਬਾਣੀ ਤੋਂ ਪਹਿਲਾਂ ਵੇਦ ਬਾਣੀ ਮੌਜੂਦ ਸੀ, ਜਿਸਦਾ ਭਾਰਤੀ ਸਮਾਜ ਉਪਰ ਖਾਸਾ ਪ੍ਰਭਾਵ ਸੀ।

ਅੱਜ ਵੀ ਉਸਦਾ ਮਹੱਤਵ ਆਪਣੀ ਥਾਂ ਤੇ ਕਾਇਮ ਹੈ। ਪਰ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਗੁਰੂ ਹੈ ਅਤੇ ਉਸਦਾ ਆਪਣਾ ਗੁਰਤਾ ਵਾਲਾ ਨਿਵੇਕਲਾ ਸੁਭਾਅ ਹੈ। ਗੁਰੂ ਨਾਨਕ ਸਾਹਿਬ ਨੇ ਆਪਣੀ ਇੱਕ ਰਚਨਾ ਵਿੱਚ ਬੜੇ ਸਪੱਸ਼ਟ ਸ਼ਬਦਾਂ ਰਾਹੀਂ ਗੁਰਬਾਣੀ ਦੀ ਸਿਧਾਂਤਕ ਵਿਲੱਖਣਤਾ ਦੀ ਵਜਾਹਤ ਕੀਤੀ ਹੈ ਅਤੇ ਉਸਨੂੰ ਪ੍ਰਾਚੀਨ ਭਾਰਤੀ ਪਰੰਪਰਾ ਦੀ ਵੇਦ-ਬਾਣੀ ਤੋਂ ਨਿਖੇੜ ਕੇ ਪ੍ਰਸਤੁਤ ਕੀਤਾ ਹੈ। ਵੇਦ ਬਾਣੀ ਕਲਪਨਾ ਉਪਰ ਆਧਾਰਿਤ ਹੈ, ਜਦਕਿ ਬਾਣੀ ਗਿਆਨ-ਧਿਆਨ ਦੀ ਗੱਲ ਕਰਦੀ ਹੈ। ਕਾਲਪਨਿਕ ਕਥਾ ਕਹਾਣੀਆਂ ਦੀ ਥਾਂ ਤੇ ਬਾਣੀ ਅੰਤਰਮੁਖੀ ਅਨੁਭਵ ਦਾ ਪ੍ਰਗਟਾਅ ਕਰਦੀ ਹੈ। ਵੇਦ ਬਾਣੀ ਪਾਪ-ਪੁੰਨ ਤੇ ਨਰਕ-ਸੁਰਗ ਆਦਿ ਦੇ ਹਿਸਾਬ-ਕਿਤਾਬ ਵਿੱਚ ਰੁੱਝੀ ਹੋਈ ਹੈ ਜਦ ਕਿ ਗੁਰਬਾਣੀ ਹਿਸਾਬੀ-ਕਿਤਾਬੀ ਵਪਾਰੀ ਨਜ਼ਰੀਏ ਨੂੰ ਤਲਾਂਜਲੀ ਦੇ ਕੇ ਪਰਮਾਤਮਾ ਦੀ ਨਦਰ ਦਾ ਆਸਰਾ ਭਾਲਦੀ ਹੈ। ਵਾਰ-ਸਾਰੰਗ ਵਿੱਚ ਗੁਰੂ ਨਾਨਕ ਦੇਵ ਜੀ ਦੀ ਇਹ ਰਚਨਾ ਇਸ ਪ੍ਰਕਾਰ ਹੈ :

**ਬੇਦੁ ਪੁਕਾਰੇ ਪੁੰਨੁ ਪਾਪੁ ਸੁਰਗ ਨਰਕ ਕਾ ਬੀਉ ॥**
**ਜੋ ਬੀਜੈ ਸੋ ਉਗਵੈ ਖਾਂਦਾ ਜਾਣੈ ਜੀਉ ॥**
**ਗਿਆਨੁ ਸਲਾਹੇ ਵਡਾ ਕਰਿ ਸਚੋ ਸਚਾ ਨਾਉ ॥**
**ਸਚੁ ਬੀਜੈ ਸਚੁ ਉਗਵੈ ਦਰਗਹ ਪਾਈਐ ਥਾਉ ॥**
**ਬੇਦੁ ਵਪਾਰੀ ਗਿਆਨੁ ਰਾਸਿ ਕਰਮੀ ਪਲੈ ਹੋਇ ॥**
**ਨਾਨਕ ਰਾਸੀ ਬਾਹਰਾ ਲਦਿ ਨ ਚਲਿਆ ਕੋਇ ॥ ੨ ॥**

**(ਅੰਕ 1243)**

ਗੁਰੂ ਅੰਗਦ ਦੇਵ ਜੀ ਨੇ ਵੀ ਗੁਰੂ ਨਾਨਕ ਸਾਹਿਬ ਜੀ ਦੀ ਉਪਰਲੀ ਰਚਨਾ ਨੂੰ ਆਧਾਰ ਬਣਾ ਕੇ ਵੇਦ-ਬਾਣੀ ਤੇ ਗੁਰਬਾਣੀ ਨੂੰ ਨਿਖੇੜਨ ਦਾ ਜਤਨ ਕੀਤਾ ਹੈ। ਵਾਰ ਸਾਰੰਗ ਵਿੱਚ ਹੀ ਗੁਰੂ ਅੰਗਦ ਦੇਵ ਜੀ ਆਪਣੇ ਇੱਕ ਸਲੋਕ ਰਚਨਾ ਵਿੱਚ ਦੱਸਦੇ ਹਨ ਕਿ ਵੈਦਿਕ ਸਾਹਿਤ, ਪਾਪ-ਪੁੰਨ, ਲੈਣ-ਦੇਣ ਦੇ ਹਿਸਾਬ ਕਿਤਾਬ ਅਤੇ ਉਸ ਅਨੁਸਾਰ ਨਰਕ-ਸੁਰਗ ਦੀ ਪ੍ਰਾਪਤੀ ਉੱਪਰ ਸਾਰਾ ਜ਼ੋਰ ਦਿੰਦਾ ਹੈ। ਉੱਚੀਆਂ-ਨੀਵੀਆਂ ਜਾਤਾਂ-ਜਿਨਸਾਂ ਦੇ ਵਿਚਾਰਾਂ ਵਿੱਚ ਰੁੱਝਿਆ ਹੋਇਆ ਹੈ।

ਇਸ ਸਾਰੇ ਕੁੱਝ ਦਾ ਨਤੀਜਾ ਇਹ ਹੋਇਆ ਹੈ ਕਿ ਲੋਕੀਂ ਭਰਮਾਂ ਤੇ ਵਹਿਮਾਂ ਵਿੱਚ ਫਸ ਗਏ ਹਨ। ਜੀਵਨ ਦੇ ਅਸਲ ਤੱਤ ਤੋਂ ਦੂਰ ਹੋ ਗਏ ਹਨ। ਪਰ ਗੁਰੂ ਨਾਨਕ ਦੇਵ ਜੀ ਦੀ ਬਾਣੀ ਅਤੇ ਜਿਹੜੀ ਬਾਣੀ ਉਹ ਖ਼ੁਦ ਰਚ ਰਹੇ ਹਨ, ਤੱਤ ਗਿਆਨ ਦੀ ਗੱਲ ਕਰਦੀ ਹੈ। ਹੁਕਮ ਵਿੱਚ ਰਹਿਣ ਦੀ ਤਾਲੀਮ ਦਿੰਦੀ ਹੈ। ਹਉਮੈਂ ਦੂਰ ਕਰਨ ਦੀ ਸਿੱਖਿਆ ਦਿੰਦੀ ਹੈ। ਗੁਰਬਾਣੀ ਪੜਦਿਆਂ-ਸੁਣਦਿਆਂ; ਅਸਲ ਵਿੱਚ ਸੁਰਤ ਉੱਚੀ ਹੋ ਜਾਂਦੀ ਹੈ ਅਤੇ ਸਾਰੇ ਭਰਮ-ਭੁਲੇਖੇ ਦੂਰ ਹੋ ਜਾਂਦੇ ਹਨ। ਵੇਦ ਬਾਣੀ ਤੇ ਗੁਰਬਾਣੀ ਦਾ ਨਿਖੇੜਾ ਕਰਦੀ ਗੁਰੂ ਅੰਗਦ ਸਾਹਿਬ ਦੀ ਰਚਨਾ ਇਸ ਪ੍ਰਕਾਰ ਹੈ :

**ਕਥਾ ਕਹਾਣੀ ਬੇਦੀ ਆਣੀ ਪਾਪੁ ਪੁੰਨੁ ਬੀਚਾਰੁ ॥**
**ਦੇ ਦੇ ਲੈਣਾ ਲੈ ਲੈ ਦੇਣਾ ਨਰਕਿ ਸੁਰਗਿ ਅਵਤਾਰ ॥**
**ਉਤਮ ਮਧਿਮ ਜਾਤੀਂ ਜਿਨਸੀ ਭਰਮਿ ਭਵੈ ਸੰਸਾਰੁ ॥**
**ਅੰਮ੍ਰਿਤ ਬਾਣੀ ਤਤੁ ਵਖਾਣੀ**
**ਗਿਆਨ ਧਿਆਨ ਵਿਚਿ ਆਈ ॥**
**ਗੁਰਮੁਖਿ ਆਖੀ ਗੁਰਮੁਖਿ ਜਾਤੀ**
**ਸੁਰਤੀ ਕਰਮਿ ਧਿਆਈ ॥**
**ਹੁਕਮੁ ਸਾਜਿ ਹੁਕਮੈ ਵਿਚਿ ਰਖੈ ਹੁਕਮੈ ਅੰਦਰਿ ਵੇਖੈ ॥**
**ਨਾਨਕ ਅਗਹੁ ਹਉਮੈ ਤੁਟੈ ਤਾਂ ਕੋ ਲਿਖੀਐ ਲੇਖੈ ॥ ੧ ॥**

**(ਅੰਕ 1243)**

ਦਰਅਸਲ ਬੁਨਿਆਦੀ ਫਰਕ ਇਹ ਹੈ ਕਿ ਵੇਦ-ਬਾਣੀ ਮਨੁੱਖਾਂ ਵਿਚਕਾਰ ਕਈ ਪੱਖੋਂ ਵੰਡੀਆਂ ਪਾਉਣ ਵਾਲੀ ਹੈ। ਪਰਮਾਤਮਾ ਦੀ ਏਕਤਾ ਨੂੰ ਵੀ, ਉਸਨੇ ਕਈ ਹਿੱਸਿਆਂ ਵਿੱਚ ਵੰਡ ਰੱਖਿਆ ਹੈ। ਪਰ ਗੁਰੂ ਸਾਹਿਬਾਨ ਰਾਹੀਂ ਪ੍ਰਗਟ ਹੋ ਰਹੀ ਬਾਣੀ ਏਕਤਾਵਾਦੀ ਹੈ। ਉਹ ਮਨੁੱਖੀ ਅਤੇ ਰੱਬੀ ਏਕਤਾ ਦੇ ਸਿਧਾਂਤ ਦੀ ਵਕਾਲਤ ਕਰਦੀ

ਹੈ।

ਫੇਰ ਏਕੇ ਦੇ ਇਸ ਬਾਣੀ ਸਿਧਾਂਤ ਨਾਲ ਹੀ ਹੁਕਮ ਦੀ ਗੱਲ ਜੁੜੀ ਹੋਈ ਹੈ। ਬਾਣੀ ਦੇ ਅਨੁਸਾਰੀ ਹੋ ਕੇ ਪ੍ਰਭੂ ਦੀ ਰਜ਼ਾ ਵਿੱਚ ਰਾਜੀ ਰਹਿਣ ਵਾਲੇ ਮਨੁੱਖ ਦੀ ਹਉਮੈ ਮੁੱਕ ਜਾਂਦੀ ਹੈ ਅਤੇ ਉਸਦੀ ਸੁਰਤ ਦਾ ਦਰਜਾ ਉੱਚਾ ਹੋ ਜਾਂਦਾ ਹੈ। ਬਾਣੀ ਦਾ ਪੈਰੋਕਾਰ ਮਨੁੱਖ ਸ਼ਬਦ-ਸੁਰਤਿ ਦੇ ਯੋਗ ਨਾਲ ਪਰਮਾਤਮਾ ਦੀ ਪਰਮ-ਸੱਤਾ ਵਿੱਚ ਲੀਨ ਹੋ ਜਾਂਦਾ ਹੈ।

ਅੰਤ ਵਿਚ ਇਹ ਨੁਕਤਾ ਇਤਿਹਾਸਕ ਦ੍ਰਿਸ਼ਟੀ ਤੋਂ ਪ੍ਰਸਤੁਤ ਕਰਨਾ ਚਾਹੁੰਦਾ ਹਾਂ। ਇਸ ਦ੍ਰਿਸ਼ਟੀ ਤੋਂ ਵੀ ਇਹ ਤੱਥ ਬੜੀ ਸਪੱਸ਼ਟਤਾ ਨਾਲ ਨਿਖਰ ਕੇ ਸਾਹਮਣੇ ਆਉਂਦਾ ਹੈ ਕਿ ਗੁਰੂ ਪਰੰਪਰਾ ਮੁੱਢ ਤੋਂ ਹੀ ਸ਼ਬਦ ਦੀ ਮਹੱਤਤਾ ਨੂੰ ਤਸਲੀਮ ਕਰਦੀ ਆਈ ਹੈ ਅਤੇ ਸ਼ਬਦ-ਗੁਰੂ ਦਾ ਸਿਧਾਂਤ ਗੁਰੂ ਘਰ ਵਿੱਚ ਹਮੇਸ਼ਾ ਇਕਸਾਰ ਵਰਤਦਾ ਰਿਹਾ ਹੈ।

ਗੁਰੂ ਗ੍ਰੰਥ ਸਾਹਿਬ ਦੀ ਬਾਣੀ ਭਾਵੇਂ ਬਾਅਦ ਵਿੱਚ ਸੰਕਲਤ ਤੇ ਸੰਪਾਦਤ ਹੋਈ ਹੈ, ਪਰ ਸ਼ਬਦ ਤੇ ਬਾਣੀ ਪਹਿਲਾਂ ਤੋਂ ਮੌਜੂਦ ਸੀ ਅਤੇ ਉਸਨੂੰ ਗੁਰੂ ਦਾ ਰੁਤਬਾ ਪਹਿਲਾਂ ਤੋਂ ਮਿਲਿਆ ਹੋਇਆ ਸੀ। ਸ਼ਬਦ-ਬਾਣੀ ਦੇ ਸਤਿਕਾਰ ਦੀ ਪਰੰਪਰਾ ਦਾ ਮੁੱਢ ਗੁਰੂ ਨਾਨਕ ਦੇਵ ਜੀ ਨੇ ਹੀ ਬੰਨ੍ਹ ਦਿੱਤਾ ਸੀ। ਸ਼ਬਦ-ਬਾਣੀ ਨੂੰ ਲਿਖਤੀ ਰੂਪ ਦੇਣ ਅਤੇ ਉਸ ਨੂੰ ਸੰਭਾਲਣ ਦਾ ਕੰਮ ਵੀ ਗੁਰੂ ਨਾਨਕ ਦੇਵ ਜੀ ਦੇ ਵੇਲੇ ਸ਼ੁਰੂ ਹੋ ਗਿਆ ਸੀ। ਗੁਰੂ ਨਾਨਕ ਦੇਵ ਜੀ ਧੁਰੋਂ ਆਈ ਬਾਣੀ ਨੂੰ ‘ ਕਿਤਾਬ’ ਵਿੱਚ ਸਾਂਭ ਰਹੇ ਸਨ।

ਇਸ ਦਾ ਪਰਤੱਖ ਪ੍ਰਮਾਣ ਸਾਨੂੰ ਭਾਈ ਗੁਰਦਾਸ ਜੀ ਦੀ ਗੁਆਹੀ ’ਚੋਂ ਮਿਲਦਾ ਹੈ। ਭਾਈ ਸਾਹਿਬ ਅਨੁਸਾਰ ਜਦੋਂ ਬਾਬਾ ਨਾਨਕ ਜੀ ਮੱਕੇ ਦੀ ਯਾਤਰਾ ਗਏ ਸਨ – ‘ਕਿਤਾਬ’ ਉਹਨਾਂ ਕੋਲ ਸੀ ਜਿਸ ਵਿੱਚ ਬਾਣੀ ਦਾ ਸੰਗ੍ਰਹਿ ਸੀ-‘ਆਸਾ ਹਥਿ ਕਿਤਾਬ ਕਛਿ ਕੂਜਾ ਬਾਂਗ ਮੁਸੱਲਾ ਧਾਰੀ।’ ਸ਼ਬਦ-ਬਾਣੀ ਦੀ ਇਸੇ ‘ਕਿਤਾਬ’ ਵੱਲ ਇਸ਼ਾਰਾ ਕਰਕੇ ਕਾਜੀਆਂ ਤੇ ਮੌਲਾਣਿਆਂ ਨੇ ਬਾਬਾ ਨਾਨਕ ਜੀ ਨੂੰ ਪੁਛਿਆ ਸੀ ਕਿ ਦੱਸੋ ਕੀ ਲਿਖਿਆ ਇਸ ਵਿੱਚ, ਕੌਣ ਵੱਡਾ ਹੈ, ਹਿੰਦੂ ਜਾਂ ਮੁਸਲਮਾਨ? ਗੁਰੂ ਨਾਨਕ ਦੇਵ ਜੀ ਨੇ ਜੁਆਬ ਦਿੱਤਾ ਸੀ ਚੰਗੇ ਅਮਲਾਂ ਬਿਨਾਂ ਦੋਹਾਂ ਨੂੰ ਰੋਣਾ ਹੀ ਨਸੀਬ ਹੋਵੇਗਾ :

**ਪੁਛਨਿ ਫੋਲਿ ਕਿਤਾਬ ਨੋ**
**ਹਿੰਦੂ ਵਡਾ ਕਿ ਮੁਸਲਮਾਨੋਈ?**
**ਬਾਬਾ ਆਖੇ ਹਾਜੀਆ**
**ਸੁਭਿ ਅਮਲਾ ਬਾਝਹੁ ਦੋਨੋ ਰੋਈ।**

**(ਵਾਰ ੧, ਪਉੜੀ ੩੩)**

ਫੇਰ ਗੁਰੂ ਨਾਨਕ ਦੇਵ ਜੀ ਨੇ ਗੁਰਿਆਈ ਦੇਣ ਵੇਲੇ ਸਾਰੀ ਬਾਣੀ ਗੁਰੂ ਅੰਗਦ ਦੇਵ ਜੀ ਨੂੰ ਸੌਂਪ ਦਿੱਤੀ ਸੀ। ਸ੍ਰੀ ਗੁਰੂ ਅੰਗਦ ਦੇਵ ਜੀ ਨੇ ਆਪਣੀ ਬਾਣੀ ਸਮੇਤ ਸਾਰੀ ਬਾਣੀ ਤੀਜੇ ਗੁਰੂ, ਗੁਰੂ ਅਮਰਦਾਸ ਜੀ ਨੂੰ ਦੇ ਦਿੱਤੀ। ਇਸ ਤਰ੍ਹਾਂ ਅੱਗੇ, ਗੁਰੂ ਰਾਮਦਾਸ ਜੀ ਰਾਹੀਂ ਸਾਰੇ ਗੁਰੂ ਸਾਹਿਬਾਂ ਦੀ ਅਤੇ ਹੋਰ ਸੰਤਾਂ-ਭਗਤਾਂ ਦੀ ਬਾਣੀ ਗੁਰੂ ਅਰਜਨ ਦੇਵ ਜੀ ਕੋਲ ਪਹੁੰਚ ਗਈ। ਗੁਰੂ ਅਰਜਨ ਦੇਵ ਜੀ ਨੇ ਆਪਣੀ ਦੇਖ-ਰੇਖ ਵਿੱਚ ਭਾਈ ਗੁਰਦਾਸ ਜੀ ਪਾਸੋਂ ਸਾਰੀ ਬਾਣੀ ਲਿਖਵਾਈ। ਅਦੁੱਤੀ ਸੰਪਾਦਨ ਕਲਾ ਰਾਹੀਂ ਬਾਣੀ ਦਾ ਸੰਪਾਦਨ ਹੋਇਆ। ਸ਼ਬਦਾਂ ਦਾ, ਰਾਗਾਂ ਦਾ ਤਤਕਰਾ ਤਿਆਰ ਹੋਇਆ। ਸਮੁੱਚੀ ਬਾਣੀ ਗੁਰੂ ਗ੍ਰੰਥ ਸਾਹਿਬ ਦਾ ਰੂਪ ਅਖਤਿਆਰ ਕਰ ਗਈ ਅਤੇ ਉਸਦਾ ਪ੍ਰਕਾਸ਼ ਸ੍ਰੀ ਹਰਿਮੰਦਰ ਸਾਹਿਬ ਵਿੱਚ ਹੋ ਗਿਆ।

ਸਾਰੀ ਚਰਚਾ ਨੂੰ ਸਮੇਟਦਿਆਂ ਇਹ ਕਿਹਾ ਜਾ ਸਕਦਾ ਹੈ ਕਿ ਜਦੋਂ ਤੋਂ ਗੁਰੂ ਨਾਨਕ ਪਾਤਿਸ਼ਾਹ ਨੇ ‘ਸਬਦੁ ਗੁਰੂ ਸੁਰਤਿ ਧੁਨਿ ਚੇਲਾ’ ਦਾ ਸੰਕਲਪ ਦਿੱਤਾ ਹੈ, ਉਦੋਂ ਤੋਂ ਹੀ ਸਿੱਖ ਪਰੰਪਰਾ ਵਿੱਚ ‘ਸ਼ਬਦ’ ਨੂੰ ਗੁਰੂ ਦਾ ਦਰਜਾ ਪ੍ਰਾਪਤ ਹੋ ਗਿਆ ਸੀ। ਫੇਰ ਬਾਣੀ, ਸ਼ਬਦ ਦਾ ਹੀ ਮੂਰਤ ਰੂਪ ਹੈ, ਬਾਣੀ ਦਾ ਜਾਮਾ ਪਹਿਨ ਕੇ ਹੀ ਸ਼ਬਦ ਸਾਖਿਆਤ ਪ੍ਰਗਟ ਹੁੰਦਾ ਹੈ। ਇਸ ਲਈ ਬਾਣੀ ਵੀ ਗੁਰੂ ਦਾ ਰੁਤਬਾ ਰੱਖਦੀ ਹੈ ਅਤੇ ਫੇਰ ਗ੍ਰੰਥ ਸਾਹਿਬ ਵੀ ਕਿਉਂਕਿ ਸ਼ਬਦ ਅਰਥਾਤ ਉਸਦੇ ਮੂਰਤ ਰੂਪ ਬਾਣੀ ਦਾ ਸੰਗ੍ਰਹਿ ਹੈ, ਇਸ ਲਈ ਉਸਨੂੰ ਵੀ ਗੁਰੂ ਦਾ ਦਰਜਾ ਹਾਸਲ ਹੈ। ਗੁਰੂ ਗ੍ਰੰਥ ਸਾਹਿਬ ਦੇ ਸੰਪਾਦਕ ਗੁਰੂ ਅਰਜਨ ਦੇਵ ਜੀ ਦਾ ਫੁਰਮਾਨ ‘ਪੋਥੀ ਪਰਮੇਸਰ ਕਾ ਥਾਨੁ’ ਗੁਰੂ ਗ੍ਰੰਥ ਸਾਹਿਬ ਦੇ ਗੁਰੂ ਹੋਣ ਦੇ ਸਿਧਾਂਤ ਦਾ ਪਹਿਲਾ ਐਲਾਨ ਹੈ।

ਸੰਖੇਪ ਵਿੱਚ ਕਿਹਾ ਜਾ ਸਕਦਾ ਹੈ, ਸ਼ਬਦ ਗੁਰੂ ਹੈ, ਬਾਣੀ ਗੁਰੂ ਹੈ ਅਤੇ ਗ੍ਰੰਥ ਗੁਰੂ ਹੈ। ਵੇਖਣ ਵਿੱਚ ਭਾਵੇਂ ਇਹ ਬਿਆਨ ਵੱਖਰੇ-ਵੱਖਰੇ ਨਜ਼ਰ ਆਉਂਦੇ ਹਨ, ਪਰ ਅਸਲ ਵਿੱਚ ਤਿੰਨੇ ਬਿਆਨ ਇੱਕੋ ਆਸ਼ੇ ਦੇ ਹਨ।

ਜਿਸ ਤਰ੍ਹਾਂ ਪਹਿਲਾਂ ਕਿਹਾ ਗਿਆ ਹੈ, ਸਾਰ ਤੱਤ ਇਹੋ ਹੈ- ਸ਼ਬਦ ਗੁਰੂ ਹੈ, ਜਿਹੜਾ ਗੁਰੂ ਸਾਹਿਬਾਨ ਅਤੇ ਸੰਤਾਂ-ਭਗਤਾਂ ਰਾਹੀਂ ਬਾਣੀ ਰੂਪ ਵਿੱਚ ਗੁਰੂ ਗ੍ਰੰਥ ਸਾਹਿਬ ਵਿੱਚ ਵਿਧਮਾਨ ਹੈ ਅਤੇ ਸਿੱਖਾਂ ਨੂੰ ਤਾਕੀਦ ਹੈ ਕਿ ਉਹ ਸਿਰਫ ਤੇ ਸਿਰਫ ਬਾਣੀ ਨੂੰ ਗੁਰੂ ਮੰਨ ਕੇ ਉਸੇ ’ਚੋਂ ਸਾਰੀ ਅਗਵਾਈ ਹਾਸਲ ਕਰਨ। ਇਹ ਕਹਿਣਾ ਪੂਰੀ ਤਰ੍ਹਾਂ ਵਾਜਬ ਹੋਵੇਗਾ ਕਿ ਗੁਰੂ ਰਾਮਦਾਸ ਜੀ ਦੀ ਇਸ ਅੱਧੀ ਤੁਕ, ‘ਬਾਣੀ ਗੁਰੂ ਗੁਰੂ ਹੈ ਬਾਣੀ’ ਵਿੱਚ ਸੱਚਮੁੱਚ ਇੱਕ ਪੂਰਾ ਫਲਸਫਾ ਛੁਪਿਆ ਹੋਇਆ ਹੈ, ਜਿਹੜਾ ਪੂਰੇ ਸਿੱਖ ਧਰਮ ਚਿੰਤਨ ਦਾ ਕੇਂਦਰੀ ਧੁਰਾ ਹੈ।

—•-•—

– ਡਾ. ਜਸਪਾਲ ਸਿੰਘ
ਸਾਬਕਾ ਵਾਇਸ ਚਾਂਸਲਰ
ਪੰਜਾਬੀ ਯੂਨੀਵਰਸਿਟੀ, ਪਟਿਆਲਾ



# ਗੁਰ ਅਰਜਨ ਵਿਟਹੁ ਕੁਰਬਾਣੀ ॥

ਨਾਸ਼ਮਾਨ ਕਾਲ ਵਿਚ ਵਿਚਰਦੇ ਮੇਰੇ ਜਿਹੇ ਬੰਦੇ ਨੂੰ ਇਹ ਸੋਚ ਕੇ ਅਜੀਬ ਜਿਹਾ ਵਿਸਮਾਦੀ ਅਹਿਸਾਸ ਹੁੰਦਾ ਹੈ ਕਿ ਪੰਚਮ ਪਾਤਸ਼ਾਹ ਅੱਜ ਤੋਂ ਸਿਰਫ ਚਾਰ ਸੌ ਸਾਲ ਤੋਂ ਥੋੜਾ ਜਿਹਾ ਵੱਧ ਸਮਾਂ ਪਹਿਲਾਂ ਪੰਜਾਬ ਦੀ ਇਸੇ ਧਰਤੀ ਉਤੇ ਮਹਿਕਾਂ ਵੰਡਦੇ ਕਿੰਨੇ ਹੀ ਲੋਕਾਂ ਨੇ ਅੱਖੀਂ ਵੇਖੇ ਹੋਣਗੇ। ਕਿੰਨਿਆਂ ਨੂੰ ਉਨ੍ਹਾਂ ਦੇ ਵੱਡੇ ਵਡੇਰਿਆਂ ਪਾਸੋਂ ਗੁਰੂ ਪਾਤਸ਼ਾਹ ਦੇ ਅੱਖੀਂ ਡਿਠੇ ਜਾਂ ਸੁਣੇ ਸੁਣਾਏ ਵੇਰਵੇ ਜਾਣਨ ਦਾ ਸੁਭਾਗ ਹਾਸਲ ਹੋਇਆ ਹੋਵੇਗਾ। ਗੁਰੂ ਸਾਹਿਬ ਦੇ ਸੰਪਰਕ ਵਿਚ ਆਉਣ ਵਾਲੇ ਲੋਕਾਂ ਦੀਆਂ ਲਿਖਤਾਂ ਵਿਚੋਂ ਉਨ੍ਹਾਂ ਦੇ ਨਿਕਟ ਦਰਸ਼ਨ ਕਰਨੇ ਸੰਭਵ ਹਨ। ਬਸ ਇਸ ਵਾਸਤੇ ਨਿਕਟ ਅਤੀਤ ਦੇ ਇਤਿਹਾਸਕ ਦਸਤਾਵੇਜ਼ਾਂ ਦੀ ਰਤਾ ਕੁ ਫੋਲਾ ਫੋਲੀ ਕਰਨ ਦੀ ਲੋੜ ਹੈ।

ਫਾਰਸੀ ਦੀ ਇਕ ਪੁਰਾਣੀ ਪੁਸਤਕ ਹੈ ਦਬਸਤਾਨ-ਏ-ਮਜ਼ਾਹਿਬ। ਇਸ ਦਾ ਲੇਖਕ ਮੋਸਿਨ ਅਰਦਸਤਾਨੀ ਸੀ ਜੋ ਮੁਹਸਿਨ ਫਾਨੀ ਦੇ ਨਾਂ ਨਾਲ ਪ੍ਰਸਿਧ ਹੈ। ਉਹ ਗੁਰੂ ਸਾਹਿਬ ਦਾ ਸਮਕਾਲੀ ਸੀ। ਉਸ ਨੇ ਆਪਣੀ ਕਿਤਾਬ ਵਿਚ ਗੁਰੂ ਸਾਹਿਬਾਨ ਬਾਰੇ ਕੁਝ ਵੇਰਵੇ 'ਨਾਨਕ ਪੰਥੀ' ਸਿਰਲੇਖ ਹੇਠ ਦਿੱਤੇ ਹਨ। ਗੁਰੂ ਅਰਜਨ ਦੇਵ ਜੀ ਦੇ ਸਮੇਂ ਬਾਰੇ ਗੱਲ ਸ਼ੁਰੂ ਕਰਦੇ ਹੋਏ ਉਹ ਕਹਿੰਦਾ ਹੈ ਕਿ "ਗੁਰੂ ਅਰਜਨ (ਦੇਵ ਜੀ) ਸਮੇਂ ਅਨੇਕਾਂ ਲੋਕਾਂ ਨੇ ਸਿੱਖੀ ਧਾਰਨ ਕੀਤੀ ਤੇ ਇਸ ਦੌਰਾਨ ਗੁਰੂ ਸਾਹਿਬ ਵਿਚ ਸਿੱਖਾਂ ਦੀ ਸ਼ਰਧਾ ਚਰਮ ਸੀਮਾਂ ਛੋਹਣ ਲੱਗੀ। ਸਿੱਖ ਹੁਣ ਇਹ ਕਹਿਣ ਲੱਗ ਪਏ ਕਿ ਗੁਰੂ ਨਾਨਕ (ਦੇਵ ਜੀ) ਹੀ ਰੱਬ ਹਨ ਤੇ ਸਭ ਸ੍ਰਿਸ਼ਟੀ ਉਨ੍ਹਾਂ ਨੇ ਹੀ ਸਾਜ਼ੀ ਹੈ, ਪਰ ਗੁਰੂ ਨਾਨਕ ਦੇਵ ਜੀ ਆਪਣੀ ਬਾਣੀ ਵਿਚ ਆਪਣੇ ਆਪ ਨੂੰ ਗੁਲਾਮ, ਨੀਚ ਤੇ ਜਨ ਹੀ ਕਹਿੰਦੇ ਹਨ ਤੇ ਖੁਦਾ ਨੂੰ ਨਿਰੰਜਨ ਨਿਰੰਕਾਰ ਪਰਮੇਸ਼ਰ ਜਿਸ ਦਾ ਕੋਈ ਸਰੀਰ ਜਾਂ ਰੂਪ ਰੰਗ ਨਹੀਂ। ਗੁਰੂ ਨਾਨਕ (ਦੇਵ ਜੀ) ਨੇ ਜਦੋਂ ਸਰੀਰ ਛੱਡਿਆ ਤਾਂ ਉਨ੍ਹਾਂ ਆਪਣੇ ਆਪ ਨੂੰ ਗੁਰੂ ਅੰਗਦ ਦੇਵ ਜੀ ਵਿਚ ਲੀਨ ਕਰ ਦਿੱਤਾ।"

ਗੁਰੂ ਅੰਗਦ ਦੇਵ ਜੀ ਗੁਰੂ ਅਮਰਦਾਸ ਜੀ ਵਿਚ ਸਮਾ ਗਏ। ਗੁਰੂ ਅਮਰਦਾਸ ਜੀ ਗੁਰੂ ਰਾਮਦਾਸ ਜੀ ਵਿਚ ਅਤੇ ਗੁਰੂ ਰਾਮਦਾਸ ਜੀ ਗੁਰੂ ਅਰਜਨ ਦੇਵ ਜੀ ਵਿਚ।... ਗੁਰੂ ਸਾਹਿਬਾਨ ਨੂੰ ਮਹਲ ਕਹਿੰਦੇ ਹਨ। ਪੰਜਵੇਂ ਮਹਲ ਗੁਰੂ ਅਰਜਨ ਦੇਵ ਜੀ ਹਨ। ਸਿੱਖ ਇਹ ਕਹਿੰਦੇ ਹਨ ਕਿ ਜੇ ਕੋਈ ਗੁਰੂ ਅਰਜਨ ਦੇਵ ਜੀ ਨੂੰ ਗੁਰੂ ਨਾਨਕ ਦੇਵ ਜੀ ਦਾ ਰੂਪ ਨਹੀਂ ਗਿਣਦਾ ਤਾਂ ਉਹ ਮਨਮੁਖ ਹੰਕਾਰੀ ਤੇ ਕਾਫ਼ਰ ਹੈ।

ਮੁਹਸਿਨ ਫ਼ਾਨੀ ਦੀ ਇਹ ਲਿਖਤ ਗੁਰੂ ਅਰਜਨ ਸਾਹਿਬ ਦੇ ਸਮੇਂ ਸਿੱਖ ਧਰਮ ਦੇ ਸਿਖਰਾਂ ਛੋਹਣ ਦੀ ਗਵਾਹੀ ਦਿੰਦੀ ਹੈ। ਇਸ ਤੋਂ ਗੁਰੂ ਪਾਤਸ਼ਾਹ ਦੀ ਉਚੀ ਇਲਾਹੀ ਹੋਂਦ ਹਸਤੀ ਦਾ ਵਿਰਾਟ

ਬਿੰਬ ਵੀ ਉਭਰਦਾ ਹੈ ਅਤੇ ਉਨ੍ਹਾਂ ਵਿਚ ਗੁਰੂ ਨਾਨਕ ਦੇਵ ਜੀ ਦੀ ਜੋਤਿ ਦੇ ਵਰਤਨ ਵਿਚ ਸਿੱਖ ਵਿਸ਼ਵਾਸ ਦੀ ਵੀ ਪੁਸ਼ਟੀ ਹੁੰਦੀ ਹੈ।

ਗੁਰੂ ਅਰਜਨ ਸਾਹਿਬ ਤੋਂ ਪਹਿਲਾਂ ਕੋਈ ਸੱਜਣ ਭੇਟਾ ਇਕੱਠੀ ਕਰਨ ਵੱਖ ਵੱਖ ਥਾਵਾਂ ਉਤੇ ਨਹੀਂ ਸੀ ਜਾਂਦਾ। ਸਿੱਖ ਆਪ ਹੀ ਆ ਕੇ ਗੁਰੂ ਸਾਹਿਬ ਨੂੰ ਆਪਣੇ ਹੱਥੀਂ ਭੇਟਾ ਪੇਸ਼ ਕਰਦੇ। ਪੰਚਮ ਪਾਤਸ਼ਾਹ ਵੇਲੇ ਸਿੱਖਾਂ ਦੀ ਗਿਣਤੀ ਇੰਨੀ ਵੱਧ ਗਈ ਕਿ ਦੂਰ ਦਰਾਜ਼ ਤੋਂ ਭੇਟਾ ਉਗਰਾਹ ਕੇ ਗੁਰੂ ਘਰ ਤੱਕ ਪਹੁੰਚਾਉਣ ਲਈ ਮਸੰਦ ਪ੍ਰਣਾਲੀ ਦਾ ਸਿਲਸਿਲਾ ਸ਼ੁਰੂ ਕੀਤਾ ਗਿਆ।

ਮੁਹਸਿਨ ਫਾਨੀ ਨੇ ਇਸ ਪ੍ਰਬੰਧ ਦੀ ਗੁਰੂ ਅਰਜਨ ਸਾਹਿਬ ਵਲੋਂ ਕੀਤੀ ਗਈ ਸ਼ੁਰੂਆਤ ਦਾ ਜ਼ਿਕਰ ਵੀ ਕੀਤਾ ਹੈ। ਉਹ ਕਹਿੰਦਾ ਹੈ ਕਿ ਇਹ ਮਸੰਦ ਬੜੇ ਉਚੇ ਕਿਰਦਾਰ ਦੇ ਮਾਲਕ ਸਨ ਅਤੇ ਇਨ੍ਹਾਂ ਦੀ ਕਥਨੀ ਤੇ ਕਰਨੀ ਸਦਕਾ ਅਨੇਕਾਂ ਲੋਕਾਂ ਨੇ ਸਿੱਖੀ ਧਾਰਨ ਕੀਤੀ। ਇਹ ਵੱਖਰੀ ਗੱਲ ਹੈ ਕਿ ਦਸਮ ਪਾਤਸ਼ਾਹ ਤੱਕ ਪਹੁੰਚਦੇ ਪਹੁੰਚਦੇ ਮਸੰਦ ਆਪਣੇ ਆਦਰਸ਼ਾਂ ਤੋਂ ਥਿੜਕ ਗਏ ਤੇ ਗੁਰੂ ਸਾਹਿਬ ਨੂੰ ਉਨ੍ਹਾਂ ਨੂੰ ਆਪ ਸੋਧਣਾ ਪਿਆ। ਗੁਰੂ ਅਰਜਨ ਸਾਹਿਬ ਦੁਆਰਾ ਨਿਯੁਕਤ ਮਸੰਦ ਗੁਰੂ ਘਰ ਵਾਸਤੇ ਭੇਜੀ ਭੇਟਾ ਦੇ ਪੈਸੇ ਨੂੰ ਆਪਣੇ ਨਿਜ ਉਤੇ ਨਹੀਂ ਸਨ ਖਰਚਦੇ। ਉਹ ਇਹ ਸਾਰੀ ਭੇਟਾ ਗੁਰੂ ਸਾਹਿਬ ਨੂੰ ਨਿਮਰਤਾ ਸਹਿਤ ਪੇਸ਼ ਕਰਦੇ ਅਤੇ ਗੁਰੂ ਪਾਤਸ਼ਾਹ ਉਨ੍ਹਾਂ ਨੂੰ ਦਸਤਾਰ ਬਖਸ਼ ਕੇ ਮਾਣ ਦਿੰਦੇ।

ਕੇਸਰ ਸਿੰਘ ਛਿਬਰ, ਜੋ ਦਸਮੇਸ਼ ਪਿਤਾ ਦੇ ਖਜਾਨਚੀ ਭਾਈ ਧਰਮ ਚੰਦ ਦਾ ਪੋਤਰਾ ਸੀ। ਉਸਨੇ ਆਪਣੇ ਬਜ਼ੁਰਗਾਂ ਤੋਂ ਜੋ ਕੁਝ ਗੁਰੂ ਪਾਤਸ਼ਾਹ ਬਾਰੇ ਸੁਣਿਆ ਉਸ ਦਾ ਜ਼ਿਕਰ ਆਪਣੀ ਰਚਨਾ 'ਬੰਸਾਵਲੀਨਾਮਾ ਦਸਾਂ ਪਾਤਸ਼ਾਹੀਆਂ ਕਾ' ਵਿਚ ਕੀਤਾ ਹੈ। ਛਿਬਰ ਨੇ ਆਪਣੇ ਬਿਰਤਾਂਤ ਵਿਚ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਵੱਡੇ ਭਰਾ ਪ੍ਰਿਥੀ ਚੰਦ ਦੀ ਗੁਰੂ ਸਾਹਿਬ ਨਾਲ ਈਰਖਾ ਦਾ ਵਿਸ਼ੇਸ਼ ਜ਼ਿ ਕਰ ਕੀਤਾ ਹੈ। ਪਿਤਾ ਦੇ ਸਮਝਾਣ ਉਤੇ ਵੀ ਉਹ ਨਹੀਂ ਟਲਦਾ :

ਪਿਤਾ ਜੀ ਪ੍ਰਿਥੀਏ ਨੂੰ ਅਤਿ ਸਮਝਾਇਆ।<br>
ਪਰ ਪ੍ਰਿਥੀਏ ਹੋਰਾਂ ਮਨੋ ਰੋਗ ਨਾ ਗਵਾਇਆ।

ਉਸ ਦਾ ਪਰਿਵਾਰ ਤਾਂ ਇਹ ਵੀ ਤਾਨ੍ਹੇ ਦਿੰਦਾ ਹੈ ਕਿ ਗੁਰੂ ਅਰਜਨ ਸਾਹਿਬ ਦਾ ਕੋਈ ਧੀ ਪੁੱਤਰ ਨਹੀਂ। ਇਸ ਲਈ ਇਹ ਸਾਰੀ ਜਾਇਦਾਦ ਅਸੀਂ ਹੀ ਸੰਭਾਲਣੀ ਹੈ :

ਮਾਲ ਹੈ ਅਸਾਡਾ ਅਸਾਂ ਹੀ ਲੈਣਾ।<br>
ਨਾ ਇਨ੍ਹਾਂ ਦਾ ਪੁਤ ਧੀ ਨਾ ਸਾਕ ਨਾ ਸੈਣਾ।

ਛਿਬਰ ਕਹਿੰਦਾ ਹੈ ਕਿ ਝਗੜੇ ਤੋਂ ਪਾਸੇ ਰਹਿਣ ਵਾਲੇ ਸ਼ਾਂਤੀ ਦੇ ਪੁੰਜ ਪੰਚਮ ਪਾਤਸ਼ਾਹ ਬਾਸਰਕੇ ਚਲੇ ਗਏ। ਪ੍ਰਿਥੀ ਚੰਦ ਨੇ ਉਥੇ ਵੀ ਆ ਡੇਰਾ ਲਾਇਆ। ਇਥੋਂ ਗੋਇੰਦਵਾਲ ਜਾ ਟਿਕੇ। ਪ੍ਰਿਥੀ ਚੰਦ ਗੋਇੰਦਵਾਲ ਆ ਗਿਆ ਜਿਥੇ ਗੁਰੂ ਸਾਹਿਬ ਜਾਂਦੇ, ਪ੍ਰਿਥੀ ਚੰਦ ਸਾਰਾ ਟੱਬਰ ਤੇ ਆਪਣਾ ਅਮਲਾ ਫੈਲਾ ਕੇ ਆ ਜਾਂਦਾ। ਅਖੀਰ ਗੁਰੂ ਜੀ ਨੇ ਰਾਮਦਾਸ ਪੁਰੇ ਆ ਡੇਰਾ ਲਾਇਆ। ਇਥੇ ਸਰੋਵਰ ਦੀ ਉਸਾਰੀ ਕਰਵਾਈ। ਉਨ੍ਹਾਂ ਦੇ ਉਤਸ਼ਾਹ ਨਾਲ ਨਗਰ ਵਸਣ ਲੱਗਾ।

ਉਸਾਰੀ ਫੇਰ ਲਵਾਈ ਅੰਮ੍ਰਿਤਸਰ।<br>
ਨਾਲੇ ਸਰਿ ਬਣੇ  ਨਾਲੇ ਬਣੇ ਨਗਰ ਵਿਚ ਘਰਿ।

ਬੰਸਾਵਲੀ ਨਾਮਾ ਗੁਰੂ ਅਰਜਨ ਜੀ ਵਲੋਂ ਮੁਗਲ ਦਰਬਾਰ ਦੇ ਦੀਵਾਨ ਚੰਦੂ ਦੀ ਬੇਟੀ ਦੀ ਗੁਰੂ ਹਰਿਗੋਬਿੰਦ ਸਾਹਿਬ ਨਾਲ ਕੁੜਮਾਈ ਪ੍ਰਵਾਨ ਨਾ ਕੀਤੇ ਜਾਣ ਦਾ ਜ਼ਿਕਰ ਵੀ ਕਰਦਾ ਹੈ। ਇਸ ਤੋਂ ਚੰਦੂ ਬਹੁਤ ਤਿਲਮਿਲਾਂਦਾ ਹੈ :

ਆਖੇ ਦੇਖੋ ਭਾਈ ਅਸੀਂ ਸੁ ਹੀ ਧਰਮਾਇਣ ਕਹਾਈ<br>
ਸਾਧ ਫਕੀਰ ਜਾਣ ਅਸਾਂ ਸਰੀਣ ਨੂੰ ਭੇਜੀ ਸੀ ਕੁੜਮਾਈ।<br>
ਉਨ੍ਹਾਂ ਜੋ ਮੋੜੀ ਉਨ੍ਹਾਂ ਆਪ ਨੂੰ ਕੀ ਜਾਤਾ।<br>
ਅਸੀਂ ਉਚਾਈਦੇ ਉਹ ਸਰੀਣ ਨਿਵਾਈਦੇ।

ਪ੍ਰਿਥੀ ਚੰਦ ਇਸ ਮੌਕੇ ਉਤੇ ਚੰਦੂ ਨੂੰ ਹੋਰ ਚੁਕਦਾ ਹੈ। ਛਿਬਰ ਕਹਿੰਦਾ ਹੈ ਕਿ ਉਹ ਉਸ ਨੂੰ ਕੁੱਛ ਵੱਢੀ ਵੀ ਦਿੰਦਾ ਹੈ ਕਿ ਉਹ ਗੁਰੂ ਸਾਹਿਬ ਨੂੰ ਕੈਦ ਕਰਵਾ ਦੇਵੇ :

ਪ੍ਰਿਥੀਏ ਹੋਰਾਂ ਮਨਸੂਬਾ ਕੀਤਾ ਨਾਲ ਉਨ੍ਹਾਂ ਦੇ<br>
ਚੋਰੀ ਚੋਰੀ ਨਾਲ ਉਨ੍ਹਾਂ ਦੇ ਸਲੂਕ ਠਹਿਰਾਇਆ।<br>
ਨਾਲ ਕੱਛੂ ਵੱਢੀ ਦੇਣਾ ਕਰਾਇਆ।<br>
ਇਸ ਪਾਸਉਂ ਗੁਰਿਆਈ ਲਈਐ ਛੁਡਾਇ।<br>
ਇਸ ਨੂੰ ਛੱਡੀਏ ਕੈਦ ਪਵਾਇ।

ਸ਼ਾਹੀ ਦਰਬਾਰ ਵਿਚ ਉਨ੍ਹਾਂ ਦੀ ਚਾਲ ਸਫਲ ਨਹੀਂ ਹੁੰਦੀ। ਸਮਾਂ ਪਾ ਕੇ ਗੁਰੂ ਅਰਜਨ ਸਾਹਿਬ ਨੂੰ ਮੁਗਲ ਸ਼ਹਿਨਸ਼ਾਹ ਦੀ ਕ੍ਰੋਪੀ ਦਾ ਸਾਹਮਣਾ ਕਰਨਾ ਪੈਂਦਾ ਹੈ। ਉਸ ਸਮੇਂ ਚੰਦੂ ਆਪਣਾ ਬਦਲਾ ਲੈਂਦਾ ਹੈ। ਉਸ ਦੀ ਨੂੰਹ ਆਪਣੇ ਸਹੁਰੇ ਦੇ ਇਸ ਵਿਹਾਰ ਨੂੰ ਚੰਗਾ ਨਹੀਂ ਸਮਝਦੀ ਅਤੇ ਸਪਸ਼ਟ ਵਿਰੋਧ ਕਰਦੀ ਹੈ। ਗੁਰੂ ਸਾਹਿਬ ਨੂੰ ਸ਼ਾਹੀ ਦਰਬਾਰ ਆਪਣੀ ਈਨ ਮੰਨਵਾਣ ਲਈ ਬੜੇ ਕਸ਼ਟ ਦਿੰਦਾ ਹੈ। ਬਥੇਰੀ ਬਹਿਸ ਹੁੰਦੀ ਹੈ। ਸਵਾਲ ਜਵਾਬ ਹੁੰਦੇ ਹਨ, ਪਰ ਗੁਰੂ ਸਾਹਿਬ ਆਪਣੇ ਸਿਧਾਂਤਾਂ ਉਤੇ ਪੂਰੀ ਤਰ੍ਹਾਂ ਅਡੋਲ ਹੋ ਕੇ ਟਿਕੇ ਰਹਿੰਦੇ ਹਨ। ਜੇਠ ਮਹੀਨੇ ਦੀ ਧੁਪੇ ਸੜਦੇ ਪਿੰਡੇ 'ਤੇ ਤੱਤੀ ਰੇਤ ਦਾ ਜ਼ਿਕਰ ਇਸ ਲਿਖਤ ਵਿਚ ਹੈ। ਇਹ ਵੇਰਵੇ ਕੁਝ ਇਸ ਪ੍ਰਕਾਰ ਹਨ :

ਭਾਈ ਗੁਰਦਾਸ ਨੂੰ ਬੈਠ ਸਮਝਾਇਆ<br>
ਅਸਾਡਾ ਲਗੇਗਾ ਸੀਸ ਇਹ ਨਿਸਚਾ ਹੋ ਆਇਆ।<br>
..... ..... ..... ..... ..... .....<br>
ਸਾਹਿਬ ਟੇਕ ਮਥਾ ਵਿਦਿਆ ਹੋਇ ਗਏ।<br>
ਦੁਸਟਿ ਚਉਕੜ ਵਿਚਿ ਆਵਤ ਭਏ।<br>
ਜਬਾਬ ਸਵਾਲ ਬਹੁਤ ਹੀ ਹੋਇਆ<br>
ਭਏ ਕੈਦ ਸ੍ਰਮ ਪਾਇਆ ਸੁਖ ਸਭ ਖੋਇਆ।<br>
ਸਤ ਮਾਸ ਸ੍ਰਮ ਅਤਿ ਪਾਇਆ।

ਦੋਖੀ ਖਤਰੀ ਤਿਨ ਬਾਦ ਉਠਾਇਆ।

..... ..... ..... ..... ..... .....

ਸਾਹੀਆਂ ਦੇ ਘਰ ਵਿਚ ਇਕ ਆਹੀ ਵਹੁਟੀ ਉਨ੍ਹਾਂ ਦੀ ਨੂੰਹ।
ਸਾਹਿਬ ਦੇ ਦੁਖ ਦੇਖ ਕੇ ਉਹ ਮੰਦਾ ਕਰੇ ਮੂੰਹ।
ਉਹ ਆਖੇ ਸਹੁਰੇ ਨੂੰ ਬੁਰਾ ਹੈ ਕੀਤਾ।
ਉਹ ਸਾਧ ਫਕੀਰ ਉਨ੍ਹਾਂ ਅਸਾਡਾ ਕੀ ਹੈ ਲੀਤਾ।

..... ..... ..... ..... ..... .....

ਓੜਕ ਬੰਨ੍ਹ ਕੇ ਰੇਤੀ ਵਿਚ ਸੁਟਾਏ।
ਜੇਠ ਮਾਸ ਦੀ ਧੁਪ ਪਿੰਡਾ ਸੜ ਜਾਏ।

ਸ਼ਹੀਦੀ ਦੀ ਗੱਲ ਤੁਰੀ ਹੈ ਤਾਂ ਇਸ ਸਿਲਸਿਲੇ ਵਿਚ ਹੋਰ ਪੁਰਾਤਨ ਦਸਤਾਵੇਜ਼ਾਂ ਦਾ ਜ਼ਿਕਰ ਨਾਲ ਹੀ ਕਰ ਲਈਏ। ਜਹਾਂਗੀਰ ਦੀ ਆਪਣੀ ਸਵੈਜੀਵਨੀ ਤੁਜ਼ਕ-ਏ-ਜਹਾਂਗੀਰੀ ਵਿਚ ਕਟੜ ਮੌਲਾਨਿਆਂ ਵਲੋਂ ਚੁਕੇ ਚੁਕਾਏ ਜਹਾਂਗੀਰ ਦੀ ਗੁਰੂ ਘਰ ਪ੍ਰਤੀ ਨਫ਼ਰਤ ਸਪਸ਼ਟ ਝਲਕਦੀ ਹੈ। ਜਹਾਂਗੀਰ ਮੁਜੱਦਿਦ ਅਲਿਫਸਾਨੀ ਦੇ ਪ੍ਰਭਾਵ ਹੇਠ ਸੀ ਜੋ ਗੈਰ ਮੁਸਲਿਮਾਂ ਨੂੰ ਸਖਤੀ ਨਾਲ ਖਤਮ ਕਰਨ ਤੇ ਦਬਾਉਣ ਦੀ ਨੀਤੀ ਦਾ ਆਪਣੇ ਸਮੇਂ ਦਾ ਝੰਡਾ ਬਰਦਾਰ ਸੀ।

ਇਸੇ ਸ਼ੇਖ ਦੇ ਪੁੱਤਰ ਨੇ ਪਿਛੋਂ ਔਰੰਗਜ਼ੇਬ ਦਾ ਮਜ਼ਹਬੀ ਅਧਿਆਪਕ ਬਣ ਕੇ ਉਸ ਨੂੰ ਵੀ ਤੁਅਸਬ ਦੀ ਪੱਟੀ ਪੜ੍ਹਾਈ। ਸ਼ੇਖ ਸਰਹਿੰਦੀ ਭਾਵ ਮੁਜੱਦਿਦ ਅਲਫਸਾਨੀ ਨੇ ਗੁਰੂ ਸਾਹਿਬ ਦੀ ਸ਼ਹੀਦੀ ਬਾਰੇ ਆਪਣੇ ਮਿਤਰ ਸ਼ੇਖ ਅਹਿਮਦ ਬੁਖਾਰੀ ਨੂੰ ਇਕ ਚਿੱਠੀ ਵਿਚ ਇਉਂ ਲਿਖਿਆ ਸੀ :

ਇਸ ਸਮੇਂ ਗੋਇੰਦਵਾਲ ਵਾਲੇ ਲਾਹਨਤੀ ਕਾਫ਼ਰ ਦਾ ਮਾਰਿਆ ਜਾਣਾ ਇਕ ਅਛੀ ਘਟਨਾ ਹੈ ਅਤੇ ਮਰਦੂਦ ਹਿੰਦੂਆਂ ਦੀ ਸਖ਼ਤ ਹਾਰ ਦਾ ਸਬੂਤ। ਇਸਲਾਮ ਵਾਲਿਆਂ ਲਈ ਇਹੋ ਭਲਾ ਹੈ ਕਿ ਇਹ ਮਾਰੇ ਜਾਣ। ਕਾਫ਼ਰ ਬਰਬਾਦ ਹੋਣ। ਮੈਂ ਤਾਂ ਸੁਪਨੇ ਵਿਚ ਵੀ ਵੇਖਿਆ ਸੀ ਕਿ ਬਾਦਸ਼ਾਹ ਨੇ ਕੁਫ਼ਰ ਦਾ ਤਾਜ ਚੂਰ ਚੂਰ ਕਰ ਦਿੱਤਾ ਹੈ। ਇਹ ਕੁਫ਼ਰ ਦਾ ਤਾਜ ਇਹ ਗੁਰੂ ਹੀ ਸੀ।

ਇਹੋ ਜੇਹੀ ਨਫ਼ਰਤ ਉਤੇ ਪਲਿਆ ਜਹਾਂਗੀਰ ਗੁਰੂ ਘਰ ਪ੍ਰਤੀ ਜੋ ਭਾਵਨਾ ਰੱਖਦਾ ਸੀ, ਉਸ ਦਾ ਪ੍ਰਮਾਣ ਉਕਤ ਪੱਤਰ ਤੋਂ ਤਾਂ ਹੁੰਦਾ ਹੀ ਹੈ, ਬਾਦਸ਼ਾਹ ਦੀ ਆਪਣੀ ਲਿਖਤ ਤੋਂ ਵੀ ਹੁੰਦਾ ਹੈ। ਇਹ ਲਿਖਤ ਕੁਝ ਇਸ ਪ੍ਰਕਾਰ ਹੈ :

''ਗੋਇੰਦਵਾਲ ਵਿਚ ਜੋ ਕਿ ਬਿਆਸ ਦਰਿਆ ਦੇ ਕੰਢੇ ਉਤੇ ਹੈ, ਪੀਰਾਂ ਫਕੀਰਾਂ ਦੇ ਭੇਸ ਵਿਚ ਅਰਜਨ ਨਾਮੇ ਇਕ ਹਿੰਦੂ ਸੀ ਜਿਸ ਨੇ ਬਹੁਤ ਸਾਰੇ ਭੋਲੇ ਭਾਲੇ ਹਿੰਦੂਆਂ ਹੀ ਨਹੀਂ, ਬਲਕਿ ਬੇਸਮਝ ਤੇ ਮੂਰਖ ਮੁਸਲਮਾਨਾਂ ਨੂੰ ਵੀ ਆਪਣੇ ਤੌਰ ਤਰੀਕਿਆਂ ਦਾ ਧਾਰਨੀ ਬਣਾ ਲਿਆ ਸੀ। ਉਸ ਦੀ ਫਕੀਰੀ ਤੇ ਖ਼ੁਦਾ ਨਾਲ ਨੇੜਤਾ ਦੀ ਚੰਗੀ ਪ੍ਰਸਿੱਧੀ ਸੀ।

ਚਾਰੇ ਪਾਸਿਉਂ ਮੂਰਖ ਲੋਕ ਉਸ ਵੱਲ ਖਿਚੇ ਆਉਂਦੇ ਸਨ। ਉਸ ਨੂੰ ਪੂਜਦੇ ਸਨ। ਤਿੰਨ ਚਾਰ ਪੀੜ੍ਹੀਆਂ ਤੋਂ ਕੁਫ਼ਰ ਦੀ ਇਹ ਦੁਕਾਨ ਗਰਮ ਸੀ। ਮੇਰੇ ਮਨ ਵਿਚ ਕਈ ਵਾਰ ਇਹ ਖਿਆਲ ਆਉਂਦਾ ਸੀ ਕਿ ਮੈਨੂੰ ਇਹ ਕੁਫ਼ਰ ਦੀ ਦੁਕਾਨ ਬੰਦ ਕਰਵਾ ਦੇਣੀ ਚਾਹੀਦੀ ਹੈ ਜਾਂ ਉਸ ਨੂੰ ਇਸਲਾਮ ਦੇ ਦਾਇਰੇ ਵਿਚ ਲੈ ਆਉਣਾ ਚਾਹੀਦਾ ਹੈ।.... ਇਸੇ ਦੌਰਾਨ ਖੁਸਰੋ ਇਥੋਂ ਦੀ ਦਰਿਆ ਪਾਰ ਹੋਇਆ।...ਉਸ ਦੀ ਰਿਹਾਇਸ਼ ਉਤੇ ਖੁਸਰੋ ਨੇ ਪੜਾਅ ਕੀਤਾ।... ਇਸ ਨੇ ਉਸ ਦੇ ਮੱਥੇ ਉਤੇ ਟਿਕਾ ਲਾਇਆ ਜਿਸ ਨੂੰ ਹਿੰਦੂ ਸ਼ੁਭ ਸ਼ਗਨ ਗਿਣਦੇ ਹਨ।... ਇਹ ਗੱਲ ਮੇਰੇ ਕੰਨੀ ਪਈ।

ਮੈਂ ਅੱਗੇ ਹੀ ਇਸ ਦੇ ਫਰੇਬ ਬਾਰੇ ਕਾਫੀ ਕੁੱਝ ਜਾਣਦਾ ਸਾਂ। ਮੈਂ ਹੁਕਮ ਦਿੱਤਾ ਕਿ ਇਸ ਦਾ ਘਰ ਘਾਟ ਬੱਚੇ ਤੇ ਧਨ ਮੁਰਤਜ਼ਾ ਖਾਨ ਜ਼ਬਤ ਕਰ ਲਵੇ ਅਤੇ ਇਸ ਨੂੰ ਯਾਸਾ ਦੇ ਸਖ਼ਤ ਤਸੀਹੇ ਦੇ ਕੇ ਮਾਰ ਦਿੱਤਾ ਜਾਵੇ।...''

ਉਪਰੋਕਤ ਲਿਖਤਾਂ ਗੁਰੂ ਸਾਹਿਬ ਦੇ ਵਧ ਰਹੇ ਪ੍ਰਭਾਵ ਅਤੇ ਉਨਾਂ ਨੂੰ ਖਤਮ ਕਰਨ ਦੀ ਸ਼ਾਹੀ ਚਿੰਤਾ ਵੱਲ ਸੰਕੇਤ ਕਰਦੀਆਂ ਹਨ। ਇਨ੍ਹਾਂ ਤੋਂ ਇਹ ਵੀ ਪਤਾ ਲਗਦਾ ਹੈ ਕਿ ਗੁਰੂ ਸਾਹਿਬ ਨੂੰ ਇਸਲਾਮ ਧਾਰਨ ਕਰਨ ਉਤੇ ਜਾਨ ਬਖਸ਼ੀ ਦਾ ਲਾਲਚ ਵੀ ਬਾਰ ਬਾਰ ਦਿੱਤਾ ਗਿਆ ਹੋਵੇਗਾ।

ਇਸੇ ਵੱਲ ਕੇਸਰ ਸਿੰਘ ਛਿਬਰ ਨੇ ਦੇਰ ਤੱਕ ਸਵਾਲ ਜਵਾਬ ਹੋਣ ਦਾ ਜ਼ਿਕਰ ਕਰਕੇ ਸੰਕੇਤ ਕੀਤਾ ਹੈ। ਗੁਰੂ ਸਾਹਿਬ ਦਾ ਘਰ ਘਾਟ ਧਨ ਆਦਿ ਜ਼ਬਤ ਹੋਣ ਬਾਰੇ ਇਤਿਹਾਸ ਚੁਪ ਹੈ। ਹੋ ਸਕਦਾ ਹੈ ਇਹ ਹੁਕਮ ਬਾਅਦ ਵਿਚ ਵਾਪਸ ਲੈ ਲਏ ਗਏ ਹੋਣ ਜਾਂ ਫਿਰ ਇਨ੍ਹਾਂ ਨੂੰ ਅਮਲੀ ਜਾਮਾ ਪਹਿਨਾਂਦੇ ਹੋਏ, ਗੁਰੂ ਸਾਹਿਬ ਨੂੰ ਕੈਦ ਕਰਨ ਦੀ ਥਾਂ ਖਤਮ ਕਰਨਾ ਹੀ ਠੀਕ ਸਮਝਿਆ ਗਿਆ ਹੋਵੇ।

ਇਸ ਲਿਖਤ ਵਿਚ ਯਾਸਾ ਦਾ ਸੰਕੇਤ ਭਾਵ ਪੂਰਤ ਹੈ। ਇਸ ਦਾ ਅਰਥ ਬੰਦੇ ਨੂੰ ਮਾਰਨ ਦੀ ਉਹ ਵਿਧੀ ਹੈ ਜਿਸ ਵਿਚ ਉਸ ਦਾ ਖੂਨ ਧਰਤੀ ਉਤੇ ਨਾ ਡਿੱਗੇ। ਇਸ ਲਿਖਤ ਵਿਚ ਚੰਦੂ ਦਾ ਜ਼ਿਕਰ ਨਹੀਂ ਜੋ ਕਿ ਸਿੱਖ ਪਰੰਪਰਾ ਨਾਲ ਪੱਕੀ ਤਰ੍ਹਾਂ ਜੁੜਿਆ ਹੋਇਆ ਹੈ। ਇਸ ਦੇ ਪੱਕੇ ਪ੍ਰਮਾਣ ਹੋਰ ਸਰੋਤਾਂ ਤੋਂ ਸਾਨੂੰ ਮਿਲਦੇ ਹਨ।

ਗੁਰੂ ਸਾਹਿਬ ਦੀ ਸ਼ਹੀਦੀ ਦਾ ਬਿਰਤਾਂਤ ਉਨ੍ਹਾਂ ਦੇ ਇਕ ਸਮਕਾਲੀ ਈਸਾਈ ਪਾਦਰੀ ਸੇਂਟ ਜੇਰੋਮ ਜ਼ੇਵੀਅਰ ਦੇ ਇਕ ਪੱਤਰ ਵਿਚੋਂ ਮਿਲਦਾ ਹੈ। ਇਹ ਪੱਤਰ ਉਸ ਨੇ 25 ਸਤੰਬਰ 1606 ਨੂੰ ਸ਼ਾਹੀ ਦਰਬਾਰ ਵਿਚੋਂ ਗੋਆ ਦੇ ਕਿਸੇ ਅਧਿਕਾਰੀ ਨੂੰ ਲਿਖਿਆ ਸੀ।

ਜ਼ੇਵੀਅਰ ਦੇ ਇਸ ਪੱਤਰ ਤੋਂ ਪ੍ਰਤੀਤ ਹੁੰਦਾ ਹੈ ਕਿ ਗੁਰੂ ਸਾਹਿਬ ਨੂੰ ਜਾਨ ਬਖਸ਼ੀ ਲਈ ਇਸਲਾਮ ਧਰਮ ਕਬੂਲ ਕਰਨ ਦੇ ਨਾਲ ਨਾਲ, ਜੁਰਮਾਨਾ ਭਰ ਕੇ ਮੁਕਤੀ ਹਾਸਲ ਕਰਨ ਦੀ ਵੀ ਪੇਸ਼ਕਸ਼ ਹੋਈ ਹੋਵੇਗੀ ਜੋ ਸਿੱਖ ਪਰੰਪਰਾ ਵਿਚ ਮੰਨੀ ਜਾਂਦੀ ਹੈ।

ਗੁਰੂ ਸਾਹਿਬ ਨੇ ਇਹ ਦੋਵੇਂ ਪੇਸ਼ਕਸ਼ਾਂ ਸਪਸ਼ਟ ਰੂਪ ਵਿਚ ਠੁਕਰਾਈਆਂ। ਮੁਗਲ ਹਕੂਮਤ ਤੋਂ ਸੁਤੰਤਰਤਾ ਵੱਲ ਸੰਕੇਤ ਕਰਕੇ

ਇਹ ਪੱਤਰ ਸਿੱਖ ਲਹਿਰ ਦੇ ਮੁਗਲ ਹਕੂਮਤ ਤੋਂ ਮੁਕਤੀ ਦੇ ਉਦੇਸ਼ ਦਾ ਪਹਿਲੂ ਵੀ ਜ਼ੋਰਦਾਰ ਤਰੀਕੇ ਨਾਲ ਉਭਾਰਦਾ ਹੈ।

1870 ਵਿਚ ਲਿਖੇ ਗਏ ਗ੍ਰੰਥ ਮਹਿਮਾ ਪ੍ਰਕਾਸ਼ ਤੋਂ ਚੰਦੂ ਦੇ ਕਿਰਦਾਰ ਦਾ ਜ਼ਿਕਰ ਇਸ ਤਰ੍ਹਾਂ ਆਉਂਦਾ ਹੈ :

ਤਬੀ ਦੁਸ਼ਟੀ (ਚੰਦੂ) ਇਕ ਮਕਰ ਬਣਾਇਆ।
ਜਹਾਂਗੀਰ ਕੋ ਲੋਭ ਦਿੜਾਇਆ।
ਯੇ ਸਪੁਰਦ ਹਮਰੀ ਕਰ ਦੀਜੈ।
ਦੁਇ ਲਾਖ ਰੁਪਿਆ ਹਮ ਸੇ ਲੀਜੈ।
..... ..... ..... ..... ..... .....
ਤਬ ਲਿਖਾਇ ਚੰਦੂ ਸੇ ਲੀਨਾ।
ਸਪੁਰਦ ਮਾਮਲਾ ਤਾ ਕੋ ਕੀਨਾ।

1870 ਦੀ ਇਕ ਹੋਰ ਲਿਖਤ ਹੈ ਘਨੱਈਆ ਲਾਲ ਦੀ ਤਾਰੀਖ-ਏ-ਪੰਜਾਬ। ਇਸ ਦਾ ਲੇਖਕ ਕਹਿੰਦਾ ਹੈ : ਗੁਰੂ ਜੀ ਨੂੰ ਲਾਹੌਰ ਤਲਬ ਕੀਤਾ ਗਿਆ।

ਉਨ੍ਹਾਂ ਨੂੰ ਚੰਦੂ ਦੀ ਸਪੁਰਦਗੀ ਵਿਚ ਰੱਖਿਆ ਗਿਆ। ਚੰਦੂ ਨੇ ਗੁਰੂ ਜੀ ਦਾ ਡੇਰਾ ਆਪਣੇ ਮਕਾਨ ਵਿਚ ਕਰਵਾਇਆ।... ਬਾਦਸ਼ਾਹ ਕਸ਼ਮੀਰ ਚਲਾ ਗਿਆ ਤੇ ਗੁਰੂ ਜੀ ਚੰਦੂ ਦੇ ਹਵਾਲੇ ਰਹੇ।... ਚੰਦੂ ਨੇ ਗੁਰੂ ਜੀ ਨੂੰ ਲਗਾਤਾਰ ਤਸੀਹੇ ਦੇਣੇ ਸ਼ੁਰੂ ਕੀਤੇ ਅਤੇ ਉਨ੍ਹਾਂ ਉਤੇ ਅਜੇਹੇ ਜ਼ੁਲਮ ਕੀਤੇ ਜਿਨ੍ਹਾਂ ਨੂੰ ਨਾ ਕਲਮ ਬਿਆਨ ਕਰ ਸਕਦੀ ਹੈ ਤੇ ਨਾ ਜ਼ਬਾਨ ਦੱਸ ਸਕਦੀ ਹੈ।

ਲੱਗਭੱਗ ਇਸੇ ਹੀ ਸਮੇਂ ਦੀ ਇਕ ਹੋਰ ਲਿਖਤ ਹੈ ਗਿਆਨੀ ਗਿਆਨ ਸਿੰਘ ਦੀ ਤਵਾਰੀਖ਼-ਏ-ਗੁਰੂ ਖਾਲਸਾ ਜੋ ਪੱਥਰ ਛਾਪੇ ਨਾਲ 1891 ਵਿਚ ਛਪੀ। ਗਿਆਨੀ ਜੀ ਲਿਖਦੇ ਹਨ ਕਿ ਦੁਸ਼ਟ ਚੰਦੂ ਮੌਕਾ ਪਾ ਕੇ ਸੇਵਾ ਕਰਨ ਦੇ ਬਹਾਨੇ ਜ਼ਮਾਨਤ ਦੇ ਕੇ ਗੁਰੂ ਜੀ ਨੂੰ ਆਪਣੇ ਘਰ ਲੈ ਗਿਆ।

ਉਕਤ ਸਾਰੀਆਂ ਲਿਖਤਾਂ ਗੁਰੂ ਸਾਹਿਬ ਦੀ ਦਿਨੋ ਦਿਨ ਵੱਧ ਰਹੀ ਲੋਕਪ੍ਰਿਯਤਾ, ਜਾਬਰ ਤੇ ਜ਼ੁਲਮ ਨਾਲ ਦ੍ਰਿੜ੍ਹ ਟੱਕਰ ਦਾ ਉਨ੍ਹਾਂ ਦਾ ਇਰਾਦਾ, ਸੁਤੰਤਰਤਾ ਲਈ ਸੰਘਰਸ਼ ਕਰ ਰਹੇ ਲੋਕਾਂ ਦਾ ਨਿਡਰਤਾ ਨਾਲ ਸਾਥ ਦੇਣ ਦਾ ਸੁਭਾਅ, ਆਪਣੇ ਧਰਮ ਤੇ ਅਸੂਲਾਂ ਪ੍ਰਤੀ ਕਿਸੇ ਵੀ ਕਿਸਮ ਦਾ ਸਮਝੌਤਾ ਨਾ ਕਰਨ ਦਾ ਅੰਜ਼ਾਮ, ਚੰਦੂ ਦਾ ਇਸ ਸ਼ਹੀਦੀ ਵਿਚ ਰੋਲ, ਕਟੜ ਪੰਥੀ ਜਹਾਂਗੀਰ ਬਾਦਸ਼ਾਹ ਤੇ ਸੰਕੀਰਨ ਸੋਚ ਵਾਲੇ ਮੌਲਾਨਿਆਂ ਦੇ ਗੱਠਜੋੜ, ਗੁਰੂ ਸਾਹਿਬ ਉਤੇ ਹੋਏ ਅਕਹਿ ਅਸਹਿ ਜ਼ੁਲਮਾਂ ਤੇ ਚੰਦੂ ਦੀ ਨੂੰਹ ਦੀ ਇਸ ਸਾਰੇ ਵਿਵਹਾਰ ਪ੍ਰਤੀ ਅਸਹਿਮਤੀ ਦਾ ਇਕ ਵਿਰਾਟ ਬਿੰਬ ਉਭਾਰਦੀਆਂ ਹਨ ਜਿਸ ਦੇ ਨਿਸ਼ਾਨ ਸਦੀਆਂ ਤੋਂ ਸਿੱਖ ਹਿਰਦਿਆਂ ਵਿਚ ਉਕਰੇ ਪਏ ਹਨ।

ਗੁਰੂ ਪਾਤਸ਼ਾਹ ਦੀ ਇਸ ਅਦੁੱਤੀ ਸ਼ਹਾਦਤ ਦੇ ਦਰਸ਼ਨ ਇਤਿਹਾਸ ਦੇ ਪੰਨਿਆਂ ਵਿਚੋਂ ਕਰਨ ਉਪਰੰਤ ਗੁਰੂ ਸਾਹਿਬ ਨੂੰ ਨੇੜਿਉਂ ਵੇਖਣ ਵਾਲੇ ਕੁੱਝ ਯੁਗ ਪੁਰਸ਼ਾਂ ਦੇ ਗੁਰੂ ਸਾਹਿਬ ਬਾਰੇ ਪ੍ਰਭਾਵਾਂ ਦਾ ਜ਼ਿਕਰ ਕਰਨਾ ਬਣਦਾ ਹੈ।

ਇਨ੍ਹਾਂ ਵਿਚੋਂ ਪਹਿਲੇ ਹਨ ਗੁਰੂ ਅਮਰਦਾਸ ਜੀ ਮਹਾਰਾਜ, ਉਹ ਗੁਰੂ ਅਰਜਨ ਦੇਵ ਜੀ ਦੇ ਨਾਨਾ ਜੀ ਸਨ। ਉਨ੍ਹਾਂ ਨੇ ਆਪਣੇ ਦੋਹਤੇ ਨੂੰ ਹੱਥੀਂ ਖਿਡਾਇਆ ਤੇ ਲਾਡ ਲਡਾਇਆ ਸੀ। ਨਿਕੇ ਨਿਕੇ ਕਦਮ ਪੁਟਦੇ ਜਦੋਂ ਬਾਲਕ ਅਰਜਨ ਜੀ ਨਾਨਾ ਗੁਰੂ ਜੀ ਦੇ ਆਸਣ ਉਤੇ ਚੜ੍ਹਣ ਦੀ ਕੋਸ਼ਿਸ਼ ਕਰਦੇ ਤਾਂ ਉਹ ਹੱਸ ਕੇ ਕਹਿੰਦੇ : ਕਾਹਲੀ ਨਾ ਕਰ ਬੇਟਾ। ਵੱਡਾ ਹੋ ਕੇ ਤੂੰ ਇਸ ਆਸਣ ਉਤੇ ਹੀ ਬੈਠੇਂਗਾ। ਉਨ੍ਹਾਂ ਨੇ ਬਾਲਕ ਅਰਜਨ ਜੀ ਨੂੰ ਸਹਿਜੇ ਹੀ ਇਹ ਬੋਲ ਵੀ ਕਹੇ ਸਨ : ਦੋਹਿਤਾ, ਬਾਣੀ ਕਾ ਬੋਹਿਥਾ।

ਗੁਰੂ ਪਾਤਸ਼ਾਹ ਦੀ ਪ੍ਰਤਿਭਾ ਦੀ ਸਿਫਤ ਸਲਾਹ ਕਰਨ ਵਾਲੇ ਦੋ ਹੋਰ ਨਾਮ ਹਨ ਸੱਤਾ ਤੇ ਬਲਵੰਡ। ਗੁਰੂ ਪਾਤਸ਼ਾਹ ਦੇ ਇਹ ਰਬਾਬੀ ਸਨ। ਇਨ੍ਹਾਂ ਨੇ 1600 ਈ. ਵਿਚ ਇਹ ਬੋਲ ਲਿਖੇ ਜੋ ਗੁਰੂ ਗ੍ਰੰਥ ਸਾਹਿਬ ਵਿਚ ਸੁਰਖਿਅਤ ਹਨ :

**ਆਪੇ ਪਟੀ ਕਲਮ ਆਪਿ ਆਪਿ ਲਿਖਣਹਾਰਾ ਹੋਆ ॥**
**ਸਭ ਉਮਤਿ ਆਵਣ ਜਾਵਣੀ ਆਪੇ ਹੀ ਨਵਾ ਨਿਰੋਆ ॥**
**ਤਖਤਿ ਬੈਠਾ ਅਰਜਨ ਗੁਰੂ ਸਤਿਗੁਰ ਕਾ ਖਿਵੈ ਚੰਦੋਆ ॥**
**ਉਗਵਣਹੁ ਤੈ ਆਥਵਣਹੁ ਚਹੁ ਚਕੀ ਕੀਅਨੁ ਲੋਆ ॥**
**(ਅੰਕ 968)**

ਇਹ ਬੋਲ ਗੁਰੂ ਪਾਤਸ਼ਾਹ ਦੀ ਅਜ਼ਮਤ ਦਾ ਪ੍ਰਮਾਣ ਹਨ। ਉਨ੍ਹਾਂ ਦੇ ਦਰਬਾਰ ਵਿਚ ਆਉਣ ਵਾਲੀ ਉਮਤ ਦਾ ਜ਼ਿਕਰ ਕਰਦੇ ਹਨ। ਗੁਰੂ ਸਾਹਿਬ ਦੀ ਤਖ਼ਤ ਉਤੇ ਬੈਠਿਆਂ ਦੀ ਸ਼ਾਨ ਦੀ ਗੱਲ ਕਰਦੇ ਹਨ ਤੇ ਦਸਦੇ ਹਨ ਕਿ ਚੜ੍ਹਦੇ ਤੋਂ ਲਹਿੰਦੇ ਤਕ ਉਨ੍ਹਾਂ ਦੇ ਨੂਰ ਦਾ ਚਾਨਣ ਪਸਰਿਆ ਹੋਇਆ ਹੈ।

ਭਾਈ ਗੁਰਦਾਸ ਜੀ ਗੁਰੂ ਅਰਜਨ ਦੇਵ ਜੀ ਦੇ ਸਮਕਾਲੀ ਹੀ ਨਹੀਂ, ਰਿਸ਼ਤੇ ਵਿਚ ਮਾਮਾ ਵੀ ਸਨ। ਉਨ੍ਹਾਂ ਨੇ ਆਪਣੀਆਂ ਵਾਰਾਂ ਵਿਚ ਸ਼ਬਦ ਸੁਰਤ ਦੇ ਵਪਾਰੀ, ਗੁਰਬਾਣੀ ਦਾ ਭੰਡਾਰ ਭਰਪੂਰ ਕਰਨ ਵਾਲੇ ਗੁਰੂ ਅਰਜਨ ਦੇਵ ਜੀ ਦਾ ਜ਼ਿਕਰ ਤਾਂ ਕੀਤਾ ਹੀ ਹੈ, ਸ਼ਹੀਦੀ ਸਮੇਂ ਦਰਿਆ (ਰਾਵੀ) ਵਿਚ ਵਿਲੀਨ ਹੋਣ ਦਾ ਵੀ ਸੰਕੇਤ ਕੀਤਾ ਹੈ :

**ਪਿਉ ਦਾਦਾ ਪੜਦਾਦਿਅਹੁ ਕੁਲ ਦੀਪਕੁ ਅਜਰਾਵਰ ਨਤਾ।**
**ਤਖਤੁ ਬਖਤੁ ਲੈ ਮਲਿਆ ਸਬਦ ਸੁਰਤਿ ਵਾਪਾਰਿ ਸਪਤਾ।**
**ਗੁਰਬਾਣੀ ਭੰਡਾਰੁ ਭਰਿ ਕੀਰਤਨੁ ਕਥਾ ਰਹੈ ਰੰਗ ਰਤਾ।**
**ਸਾਧਸੰਗਤਿ ਹੈ ਗੁਰੁ ਸਭਾ ਰਤਨ ਪਦਾਰਥ ਵਣਜ ਸਹਤਾ।**
**(ਵਾਰ ੨੪ ਪਉੜੀ ੧੯)**
**ਰਹਿਦੇ ਗੁਰੁ ਦਰੀਆਉ ਵਿਚਿ ਮੀਨ ਕੁਲੀਨ ਹੇਤੁ ਨਿਰਬਾਣੀ**
**ਦਰਸਨੁ ਦੇਖਿ ਪਤੰਗ ਜਿਉ ਜੋਤੀ ਅਦਰਿ ਜੋਤਿ ਸਮਾਣੀ।**
..... ..... ..... ..... ..... .....

**ਗੁਰ ਅਰਜਨ ਵਿਟਹੁ ਕੁਰਬਾਣੀ।**

**(ਵਾਰ ਭਾਈ ਗੁਰਦਾਸ ਜੀ)**

ਭਾਵੇਂ ਤੰਗ ਨਜ਼ਰ ਤੇ ਕਟੜ ਪੰਥੀ ਸੋਚ ਵਾਲੇ ਜਹਾਂਗੀਰ ਦਾ ਗੁਰੂ ਅਰਜਨ ਸਾਹਿਬ ਪ੍ਰਤੀ ਨਜ਼ਰੀਆ ਨਫ਼ਰਤ ਭਰਿਆ ਸੀ, ਪਰੰਤੂ ਉਸ ਦੇ ਪਿਤਾ ਸ਼ਹਿਨਸ਼ਾਹ ਅਕਬਰ ਦੀ ਸੋਚ ਉਸ ਵਰਗੀ ਸੰਕੁਚਿਤ ਨਹੀਂ ਸੀ।

ਅਕਬਰ ਦਾ ਦਰਬਾਰੀ ਅਬੁਫਜ਼ਲ ਅਕਬਰ ਨਾਮੇ ਵਿਚ ਅਕਬਰ ਦੇ ਗੁਰੂ ਸਾਹਿਬ ਪ੍ਰਤੀ ਸਤਿਕਾਰ ਤੇ ਉਦਾਰਤਾ ਭਰੇ ਨਜ਼ਰੀਏ ਦੀ ਪੁਸ਼ਟੀ ਕਰਦਾ ਹੈ। ਉਹ ਇਹ ਵੀ ਦਸਦਾ ਹੈ ਕਿ 24 ਨਵੰਬਰ 1598 ਨੂੰ ਲਾਹੌਰ ਤੋਂ ਅਹਿਮਦ ਨਗਰ ਨੂੰ ਜਾਂਦੇ ਹੋਏ ਸ਼ਹਿਨਸ਼ਾਹ ਅਕਬਰ ਉਚੇਚਾ ਗੁਰੂ ਸਾਹਿਬ ਨੂੰ ਮਿਲਣ ਗਿਆ। ਉਸ ਨੇ ਹਾਥੀ 'ਤੇ ਸਵਾਰ ਹੋ ਕੇ ਫੌਜ ਸਮੇਤ ਪੁਲ ਰਾਹੀਂ ਦਰਿਆ ਬਿਆਸ ਪਾਰ ਕੀਤਾ ਤੇ ਗੁਰੂ ਜੀ ਦੇ ਦਰਸ਼ਨ ਕੀਤੇ। ਉਹ ਕਹਿੰਦਾ ਹੈ ਕਿ ਪਿਉ ਦਾਦੇ ਤੋਂ ਗੁਰੂ ਅਰਜਨ ਦੇਵ ਜੀ ਹਿੰਦੂਆਂ ਦੇ ਸ਼ਿਰੋਮਣੀ ਆਗੂ ਤੁਰੇ ਆ ਰਹੇ ਸਨ। ਸ਼ਹਿਨਸ਼ਾਹ ਦੀ ਇਨ੍ਹਾਂ ਨੂੰ ਮਿਲਣ ਦੀ ਇੱਛਾ ਸੀ, ਜੋ ਪੂਰੀ ਹੋਈ।

ਸੁਜਾਨ ਰਾਏ ਭੰਡਾਰੀ ਨੇ ਖੁਲਾਸ ਤੁਤ ਤਵਾਰੀਖ ਨਾਂ ਦੀ ਇਤਿਹਾਸਕ ਮਹੱਤਵ ਵਾਲੀ ਆਪਣੀ ਰਚਨਾ ਵਿਚ ਅਕਬਰ ਦੀ ਗੁਰੂ ਅਰਜਨ ਸਾਹਿਬ ਨਾਲ ਮੁਲਾਕਾਤ ਦੇ ਕੁਝ ਹੋਰ ਵੇਰਵੇ ਵੀ ਦਿੱਤੇ ਹਨ। ਇਹ ਰਚਨਾ 1696 ਈ. ਦੀ ਹੋਣ ਕਾਰਨ ਖਾਸ ਤੌਰ ਉਤੇ ਪੜ੍ਹਨ ਵਾਲੀ ਹੈ। ਇਹ ਲਿਖਤ ਕੁਝ ਇਸ ਪ੍ਰਕਾਰ ਹੈ :

''...ਅਕਬਰ ਲਾਹੌਰ ਤੋਂ ਦੱਖਣ ਵੱਲ ਨੂੰ ਤੁਰਿਆ... ਦਰਿਆ ਬਿਆਸ ਲੰਘ ਕੇ ਬਾਬਾ ਨਾਨਕ ਜੀ ਦੇ ਉਤਰ-ਅਧਿਕਾਰੀ ਗੁਰੂ ਅਰਜਨ ਦੇਵ ਜੀ ਦੇ ਸਥਾਨ ਉਤੇ ਪਹੁੰਚੇ ਤੇ ਬਾਬਾ ਨਾਨਕ ਜੀ ਦੀ ਅਧਿਆਤਮਕ ਕਵਿਤਾ ਸੁਣ ਕੇ ਬੜੇ ਆਨੰਦਿਤ ਹੋਏ।... ਗੁਰੂ ਅਰਜਨ ਦੇਵ ਜੀ ਨੇ ਸਤਿਕਾਰ ਵਜੋਂ ਢੁਕਵੀਂ ਸੁਗਾਤ ਦੇ ਕੇ ਕਿਹਾ ਕਿ ਸ਼ਾਹੀ ਫੌਜ ਦੇ ਠਹਿਰਾਅ ਕਾਰਨ ਪੰਜਾਬ ਵਿਚ ਅਨਾਜ ਦਾ ਭਾਅ ਮਹਿੰਗਾ ਹੋ ਗਿਆ ਸੀ। ਇਸ ਲਈ ਲਗਾਨ ਵਧ ਗਿਆ।

ਫੌਜ ਦੇ ਜਾਣ ਕਾਰਨ ਅਨਾਜ ਸਸਤਾ ਹੋਣ ਕਾਰਨ ਪਰਜਾ ਇੰਨਾ ਲਗਾਨ ਨਹੀਂ ਦੇ ਸਕੇਗੀ। ਇਹ ਸੁਣ ਕੇ ਅਕਬਰ ਨੇ ਮਾਲ ਅਫ਼ਸਰਾਂ ਨੂੰ ਹੁਕਮ ਕੀਤਾ ਕਿ ਲਗਾਨ ਦਾ ਛੇਵਾਂ ਹਿੱਸਾ ਮਾਫ਼ ਕਰ ਦਿੱਤਾ ਜਾਵੇ ਤੇ ਅਹਿਲਕਾਰਾਂ ਨੂੰ ਤਾੜਨਾ ਕੀਤੀ ਜਾਵੇ ਕਿ ਉਹ ਕਿਸਾਨਾਂ ਨਾਲ ਨਰਮੀ ਨਾਲ ਪੇਸ਼ ਆਉਣ।...''

ਇਹ ਲਿਖਤਾਂ ਸਪਸ਼ਟ ਦਸਦੀਆਂ ਹਨ ਕਿ ਗੁਰੂ ਪਾਤਸ਼ਾਹ ਨਿਰੰਤਰ ਆਪਣੀ ਧਰਤੀ ਦੇ ਲੋਕਾਂ ਨਾਲ ਅਤੇ ਉਨ੍ਹਾਂ ਦੇ ਦੁੱਖਾਂ ਦਰਦਾਂ ਨਾਲ ਜੁੜੇ ਰਹਿੰਦੇ ਸਨ। ਆਸ ਪਾਸ ਵਾਪਰਨ ਵਾਲੀਆਂ ਘਟਨਾਵਾਂ ਅਤੇ ਉਨ੍ਹਾਂ ਦੇ ਲੋਕਾਂ ਦੀ ਜ਼ਿੰਦਗੀ ਨਾਲ ਸਬੰਧਾਂ ਦੀ ਉਨ੍ਹਾਂ ਨੂੰ ਪੂਰੀ ਸਮਝ ਸੀ। ਉਹ ਸ਼ਹਿਨਸ਼ਾਹ ਤੋਂ ਵੀ ਆਪਣੇ ਬਾਰੇ ਕੁਝ ਨਹੀਂ ਮੰਗਦੇ। ਲੋਕਾਂ ਦੇ ਦੁੱਖ ਸੁੱਖ ਦੀ ਗੱਲ ਕਰਕੇ ਉਨ੍ਹਾਂ ਦਾ ਲਗਾਨ ਘਟਾਣ ਲਈ ਹੀ ਕਹਿੰਦੇ ਹਨ।

ਇਹ ਲਿਖਤ ਇਹ ਵੀ ਦਸਦੀ ਹੈ ਕਿ ਗੁਰੂ ਸਾਹਿਬ ਦੇ ਜਨ-ਸਾਧਾਰਨ ਵਿਚ ਵਿਆਪਕ ਪ੍ਰਭਾਵ ਨੂੰ ਸ਼ਹਿਨਸ਼ਾਹ ਵੀ ਨਜ਼ਰ ਅੰਦਾਜ਼ ਨਹੀਂ ਸੀ ਕਰ ਸਕਦਾ। ਉਹ ਨਾ ਕੇਵਲ ਉਨ੍ਹਾਂ ਨੂੰ ਆਪ ਮਿਲਣ ਜਾਂਦਾ ਹੈ, ਸਗੋਂ ਉਨ੍ਹਾਂ ਦੀ ਸਲਾਹ ਉਤੇ ਅਮਲ ਕਰਕੇ ਕਿਸਾਨਾਂ ਦੇ ਲਗਾਨ ਵਿਚ ਵੀ ਕਟੌਤੀ ਕਰਦਾ ਹੈ।

ਗੁਰੂ ਅਰਜਨ ਸਾਹਿਬ ਦੇ ਨਿਕਟ ਦਰਸ਼ਨਾਂ ਦਾ ਇਹ ਬਿਰਤਾਂਤ ਭੱਟਾਂ ਦੇ ਜ਼ਿਕਰ ਬਿਨਾਂ ਅਧੂਰਾ ਰਹੇਗਾ। ਭੱਟ ਗੁਰੂ ਸਾਹਿਬ ਦੇ ਸਮਕਾਲੀ ਸਨ। ਗੁਰੂ ਦਰਬਾਰ ਵਿਚ ਉਹ ਦੇਰ ਤੱਕ ਆ ਕੇ ਆਪਣੇ ਨਿੱਜੀ ਅਨੁਭਵ ਦੇ ਆਧਾਰ ਉਤੇ ਉਨ੍ਹਾਂ ਗੁਰੂ ਸਾਹਿਬ ਦੀ ਉਸਤਤ ਵਿਚ ਸਵੱਈਏ ਰਚੇ। ਇਨ੍ਹਾਂ ਸਵਈਆਂ ਦੇ ਜ਼ਰੀਏ ਗੁਰੂ ਸਾਹਿਬ ਦੀ ਸਖ਼ਸ਼ੀਅਤ ਕੁੱਝ ਇਸ ਪ੍ਰਕਾਰ ਉਭਰਦੀ ਹੈ :

**ਸਤਿਗੁਰ ਚਰਣ ਕਵਲ ਰਿਦਿ ਧਾਰੰ ॥**
**ਗੁਰ ਅਰਜੁਨ ਗੁਣ ਸਹਜਿ ਬਿਚਾਰੰ ॥**

**(ਅੰਕ 1406)**

**ਤੈ ਜਨਮਤ ਗੁਰਮਤਿ ਬ੍ਰਹਮੁ ਪਛਾਣਿਓ ॥**
**ਕਲ੍ਯ ਜੋੜਿ ਕਰ ਸੁਜਸੁ ਵਖਾਣਿਓ ॥**

**(ਅੰਕ 1407)**

**ਧ੍ਰੰਮ ਧੀਰੁ ਗੁਰਮਤਿ ਗਭੀਰੁ ਪਰ ਦੁਖ ਬਿਸਾਰਣੁ ॥**
**ਸਬਦ ਸਾਰੁ ਹਰਿ ਸਮ ਉਦਾਰੁ ਅਹੰਮੇਵ ਨਿਵਾਰਣੁ ॥**

**(ਅੰਕ 1407)**

**ਜਬ ਲਉ ਨਹੀ ਭਾਗ ਲਿਲਾਰ ਉਦੈ**
**ਤਬ ਲਉ ਭ੍ਰਮਤੇ ਫਿਰਤੇ ਬਹੁ ਧਾਯਉ ॥**
**ਕਲਿ ਘੋਰ ਸਮੁਦ੍ਰ ਮੈ ਬੂਡਤ ਥੇ**
**ਕਬਹੂ ਮਿਟਿ ਹੈ ਨਹੀ ਰੇ ਪਛੁਤਾਯਉ ॥**
**ਤਤੁ ਬਿਚਾਰੁ ਯਹੈ ਮਥੁਰਾ**
**ਜਗ ਤਾਰਨ ਕਉ ਅਵਤਾਰੁ ਬਨਾਯਉ ॥**
**ਜਪ੍ਯਉ ਜਿਨ੍ ਅਰਜੁਨ ਦੇਵ ਗੁਰੂ**
**ਫਿਰਿ ਸੰਕਟ ਜੋਨਿ ਗਰਭ ਨ ਆਯਉ ॥**

**(ਅੰਕ 1409)**

ਭੱਟ ਕਹਿੰਦੇ ਹਨ ਕਿ ਸਹਿਜ, ਧਰਮ, ਧੀਰਜ, ਗੰਭੀਰਤਾ, ਉਦਾਰਤਾ, ਦੂਜੇ ਦੇ ਦੁੱਖਾਂ ਨੂੰ ਹੰਕਾਰ ਮੁਕਤ ਹੋ ਕੇ ਵੰਡਾਣ ਵਾਲੇ ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸਿਫ਼ਤ ਕੋਈ ਕੀ ਕਰੇ। ਬਸ ਇੰਨਾ ਕਹਿ ਕੇ ਹੀ ਗੱਲ ਬਣਦੀ ਹੈ ਕਿ ਜਿਵੇਂ ਦੁਨੀਆਂ ਨੂੰ ਤਾਰਨ ਲਈ ਅਕਾਲ ਪੁਰਖ ਆਪ ਹੀ ਧਰਤੀ ਉਤੇ ਉਤਰ ਆਏ ਹਨ।

—•-•—

– ਡਾ. ਕੁਲਦੀਪ ਸਿੰਘ 'ਧੀਰ'

# AwpIn| Awp| swijE.....

**'ਤੂੰ ਘਟ ਘਟ ਅੰਤਰਿ ਸਰਬ ਨਿਰੰਤਰਿ ਜੀ**
**ਹਰਿ ਏਕੋ ਪੁਰਖੁ ਸਮਾਣਾ'**
**'ਜੋਗੀ ਅੰਦਰਿ ਜੋਗੀਆ ॥**
**ਤੂੰ ਭੋਗੀ ਅੰਦਰਿ ਭੋਗੀਆ ॥'**
**'ਕਬਹੂ ਅਪਕੀਰਤਿ ਮਹਿ ਆਵੈ ॥**
**ਕਬਹੂ ਭਲਾ ਭਲਾ ਕਹਾਵੈ ॥'**

ਰਾਹੀਂ ਪਰਮੇਸ਼ਰ ਦਾ ਆਪਣੀ ਕਿਰਤ ਵਿਚ ਆਪ ਵਿਦਮਾਨ ਹੋ ਕੇ, ਆਪਣੇ ਹੁਕਮ ਦਾ ਆਪ ਹੀ ਆਗਿਆਕਾਰੀ ਹੋਣਾ, ਦੇ ਖੇਡ ਨੂੰ ਸਮਝਿਆ ਜਾ ਸਕਦਾ ਹੈ। ਦਸਮ ਪਾਤਸ਼ਾਹ ਦੀ ਬਾਣੀ ਵਿਚ ਇਸ ਖੇਡ ਦੇ ਸੂਖ਼ਮ ਪੱਖਾਂ ਦਾ ਵਿਖਿਆਨ ਬਹੁਤ ਸੁੰਦਰ ਤਰੀਕੇ ਨਾਲ ਕੀਤਾ ਗਿਆ ਹੈ। ਉਥੇ ਜਗਤ ਤਮਾਸ਼ੇ ਵਿਚ ਪਰਮੇਸ਼ਰ ਦੁਆਰਾ ਕੀਤੇ ਜਾ ਰਹੇ 'ਕੂਰ ਕਰਮਾਂ' ਨੂੰ ਦੇਖਦੇ ਹੋਏ ਵੀ ਉਸ ਨੂੰ 'ਨਮੋ' ਕੀਤੀ ਗਈ ਹੈ। ਜਗਤ ਤਮਾਸ਼ੇ ਵਿਚ ਵਾਪਰ ਰਹੇ ਚੰਗੇ-ਮੰਦੇ ਹਰ ਕਰਮ ਨੂੰ ਪਰਮੇਸ਼ਰ ਦੁਆਰਾ ਕੀਤੇ ਜਾਣ ਦੇ ਪ੍ਰਮਾਣ ਦੇ ਦੇ ਕੇ ਗੁਰੂ ਸਾਹਿਬ ਨੇ ਦ੍ਵੈਤ ਦੇ ਸਾਰੇ ਭਰਮਾਂ ਨੂੰ ਮੂਲੋਂ ਨਸ਼ਟ ਕਰ ਦਿਤਾ ਹੈ। ਭਾਈ ਗੁਰਦਾਸ ਜੀ ਨੇ ਵੀ ਆਪਣੀ ਦੂਜੀ ਵਾਰ ਵਿਚ 'ਆਪੇ ਆਪਿ ਵਰਤਦਾ' ਦੀ ਗੰਭੀਰ ਵਿਚਾਰ ਨੂੰ ਹੇਠ ਲਿਖੇ ਪ੍ਰਮਾਣ ਦੇ ਕੇ ਸੌਖਿਆਂ ਸਮਝਾਇਆ ਹੈ –

ਪਰਮੇਸ਼ਰ ਦੁਆਰਾ 'ਆਪੇ ਆਪਿ ਵਰਤਦਾ' ਨੂੰ ਇਸ ਤਰ੍ਹਾਂ ਸਮਝੋ –

1. ਜਿਵੇਂ ਇਕ ਸੰਗੀਤਕਾਰਸਾਜ ਨੂੰ ਹਥ ਵਿਚ ਲੈ ਕੇ ਆਪ ਹੀ ਸਾਰੇ ਰਾਗ ਵਜਾਉਂਦਾ ਹੈ, ਆਪ ਹੀ ਗਾਉਂਦਾ ਹੈ, ਆਪ ਹੀ ਸੁਣਦਾ ਹੈ, ਆਪ ਹੀ ਸੁਰਤੀ ਜੋੜਦਾ ਹੈ, ਆਪ ਹੀ ਆਨੰਦਿਤ ਹੁੰਦਾ ਹੈ ਅਤੇ ਆਪ ਹੀ ਉਸ ਵਿਚ ਲੀਨ ਹੋ ਜਾਂਦਾ ਹੈ।
2. ਜਿਵੇਂ ਭੁਖਾ ਮਨੁਖ ਆਪ ਹੀ ਰਸੋਈ ਵਿਚ ਜਾਂਦਾ ਹੈ, ਆਪ ਹੀ ਖਾਣਾ ਤਿਆਰ ਕਰਦਾ ਹੈ, ਆਪ ਹੀ ਸਵਾਦਲੇ ਪਦਾਰਥਾਂ ਵਿਚ ਹੋਰ ਸਵਾਦ (ਸਵਾਦ ਪੈਦਾ ਕਰਨ ਵਾਲੀਆਂ ਚੀਜ਼ਾਂ) ਮਿਲਾਉਂਦਾ ਹੈ, ਆਪ ਹੀ ਖਾ ਕੇ ਤਾਰੀਫ਼ ਕਰਦਾ ਹੈ ਅਤੇ ਖਾ ਕੇ ਆਪ ਹੀ ਤ੍ਰਿਪਤ ਹੁੰਦਾ ਹੈ।
3. ਜਿਵੇਂ ਮਨੁਖ ਆਪ ਹੀ ਪਲੰਘ ਵਿਛਾ ਕੇ ਉਪਰ ਸੌਂ ਜਾਂਦਾ ਹੈ, ਆਪ ਹੀ ਸੁਪਨੇ ਲੈਂਦਾ ਤੇ ਦੇਸ਼-ਦੇਸ਼ਾਂਤਰਾਂ ਦੀ ਸੈਰ ਕਰਦਾ ਹੈ, ਕਦੇ ਰਾਜਾ ਤੇ ਕਦੇ ਮੰਗਤਾ ਬਣਕੇ ਦੁਖ-ਸੁਖ ਵਿਚ ਪੈਂਦਾ ਹੈ ਅਤੇ ਮੁੜ ਆਪਣੇ ਸੁਪਨੇ ਦਾ ਹਾਲ ਵੀ ਆਪ ਹੀ ਬਿਆਨ ਕਰਦਾ ਹੈ।
4. ਜਿਵੇਂ ਅਸਮਾਨ ਤੋਂ ਡਿਗੀ ਪਾਣੀ ਦੀ ਬੂੰਦ, ਪਾਣੀ ਵਿਚ ਪੈ ਕੇ ਪਾਣੀ ਰੂਪ ਹੁੰਦੀ ਹੈ, ਧਰਤੀ ਵਿਚ ਜਜ਼ਬ ਕੇ ਬਨਸਪਤੀ ਨੂੰ ਜਨਮ ਦਿੰਦੀ ਹੈ ਅਤੇ ਵਿਚ ਰਸ-ਕਸ ਬਣ ਜਾਂਦੀ ਹੈ। ਕੇਲੇ ਵਿਚ ਪੈ ਕੇ ਕਪੂਰ ਬਣ ਜਾਂਦੀ ਹੈ, ਸਿਪੀ ਵਿਚ ਪੈ ਕੇ ਮੋਤੀ ਬਣ ਜਾਂਦੀ ਹੈ ਅਤੇ ਸੱਪ ਦੇ ਮੂੰਹ ਵਿਚ ਪੈ ਕੇ ਜ਼ਹਿਰ ਦਾ ਰੂਪ ਧਾਰਦੀ ਹੈ।
5. ਜਿਵੇਂ ਕਾਲੇ ਰੰਗ ਵਿਚ ਪਾਇਆਂ ਪਾਣੀ ਕਾਲਾ, ਲਾਲ ਰੰਗ ਵਿਚ ਪਾਇਆਂ ਲਾਲ, ਪੀਲੇ ਵਿਚ ਪਾਇਆਂ ਪੀਲਾ ਹੋ ਜਾਂਦਾ ਹੈ ਅਤੇ ਗਰਮੀ-ਸਰਦੀ ਵਿਚ ਤੱਤਾ-ਠੰਡਾ ਹੋ ਜਾਂਦਾ ਹੈ।
6. ਜਿਵੇਂ ਅੱਗ ਦੀਵੇਦੇ ਰੂਪ ਵਿਚ ਪ੍ਰਕਾਸ਼ਮਾਨ ਹੋ ਕੇ ਹਨੇਰਾ ਦੂਰ ਕਰਦੀ ਹੈ, ਦੀਵੇ ਤੋਂ ਸ਼ਿਆਹੀ ਬਣ ਕੇ ਲਿਖਾਰੀਆਂ ਦੇ ਕੰਮ ਆਉਂਦੀ ਹੈ। ਉਸੇ ਦੀਵੇ ਤੋਂ ਇਸਤ੍ਰੀਆਂ ਕੱਜਲ ਤਿਆਰ



ਕਰਕੇ ਅੱਖਾਂ ਵਿਚ ਪਾਉਂਦੀਆਂ ਹਨ।

7. ਜਿਵੇਂ ਇਕ ਕਪਾਹ ਦੇ ਸੂਤ ਤੋਂ ਅਨੇਕਾਂ ਕਿਸਮ ਦਾ ਕਪੜਾ ਬਣਕੇ ਤਿਆਰ ਹੁੰਦਾ ਹੈ।
8. ਜਿਵੇਂ ਇਕ ਸੋਨੇ ਦੇ ਅਨੇਕ ਤਰ੍ਹਾਂ ਦੇ ਗਹਿਣੇ ਬਣਦੇ ਹਨ।
9. ਜਿਵੇਂ ਇਕ ਗੰਨੇ ਤੋਂ ਗੁੜ, ਭੇਲੀਆਂ, ਖੰਡ, ਮਿਸ਼ਰੀ, ਕਲਾਕੰਦ ਆਦਿ ਬਣਦਾ ਹੈ।
10. ਜਿਵੇਂ ਇਕ ਦੁਧ ਤੋਂ ਅਨੇਕਾਂ ਪਦਾਰਥ ਬਣਦੇ ਹਨ।
11. ਜਿਵੇਂ ਲਕੜ ਵਿਚ ਹੀ ਅੱਗ ਮੌਜੂਦ ਹੈ ਅਤੇ ਲਕੜ ਵਿਚੋਂ ਪ੍ਰਗਟ ਹੋ ਕੇ ਲਕੜ ਨੂੰ ਹੀ ਭਸਮ ਕਰ ਦਿੰਦੀ ਹੈ।
12. ਜਿਵੇਂ ਇਕ ਸਰੀਰ ਹੋਣ ਤੇ ਅੱਖਾਂ ਨਾਲ ਦੇਖੀਦਾ ਹੈ, ਕੰਨਾਂ ਨਾਲ ਸੁਣੀਦਾ ਹੈ, ਜੀਭ ਨਾਲ ਬੋਲੀਦਾ ਹੈ, ਹੱਥਾਂ ਨਾਲ ਕਿਰਤ ਕਰੀਦੀ ਹੈ, ਪੈਰਾਂ ਨਾਲ ਚਲੀਦਾ ਹੈ ਅਤੇਮਨ ਰਾਹੀਂ ਇੰਦ੍ਰੀਆਂ ਨੂੰ ਹੁਕਮ ਦਈਂਦਾ ਹੈ।

ਇਸ ਗੰਭੀਰ ਵਿਚਾਰ ਦੇ ਸੰਬੰਧ ਵਿਚ ਜਿਵੇਂ ਪਰਮੇਸ਼ਰ ਕਿਥੋਂ ਪੈਦਾ ਹੋਇਆ ? ਵਰਗਾ ਮੁਸ਼ਕਿਲ ਸਵਾਲ ਖੜਾ ਹੈ, ਠੀਕ ਉਸੇ ਤਰ੍ਹਾਂ ਸੰਸਾਰ ਸਿਰਜਨਾ ਲਈ ਪਦਾਰਥ ਕਿਥੋਂ ਆਇਆ ? ਵੀ ਵਡਾ ਸਵਾਲ ਹੈ। ਗੁਰਬਾਣੀ ਨੇ ਇਸ ਸੰਬੰਧ ਵਿਚ ਕਿਹਾ ਹੈ ਕਿ ਅਸਲ ਵਿਚ ਕੁਝ ਵੀ ਜੰਮਦਾ ਤੇ ਮਰਦਾ ਨਹੀਂ, ਇਹ ਤਾਂ ਅਸਲ ਵਿਚ ਪਰਮੇਸ਼ਰ ਦੀ ਖੇਡ ਹੈ।



**ਜਬ ਦੇਖਉ ਤਬ ਸਭੁ ਕਿਛੁ ਮੂਲੁ ॥**
**ਨਾਨਕ ਸੋ ਸੂਖਮੁ ਸੋਈ ਅਸਥੂਲੁ ॥ ੫ ॥**
**ਨਹ ਕਿਛੁ ਜਨਮੈ ਨਹ ਕਿਛੁ ਮਰੈ ॥**
**ਆਪਨ ਚਲਿਤੁ ਆਪ ਹੀ ਕਰੈ॥**
**ਆਵਨੁ ਜਾਵਨੁ ਦ੍ਰਿਸਟਿ ਅਨਦ੍ਰਿਸਟਿ ॥**
**ਆਗਿਆਕਾਰੀ ਧਾਰੀ ਸਭ ਸ੍ਰਿਸਟਿ ॥**

(ਗਉੜੀ ਸੁਖਮਨੀ ਮਹਲਾ ੫, ਅੰਗ ੨੮੧)

ਇਸ ਦਾ ਕੇਵਲ ਸਰੂਪ ਬਦਲਦਾ ਹੈ, ਮੂਲੋਂ ਕੁਝ ਵੀ ਨਸ਼ਟ ਨਹੀਂ ਹੁੰਦਾ। ਸੰਸਾਰ ਦੀ ਨਾਸ਼ਮਾਨਤਾ ਦਾ ਮਤਲਬ ਇਸ ਦਾ ਸਰੂਪ ਬਦਲਣ ਨਾਲ ਹੈ। ਇਸ ਨੂੰ ਸੌਖੇ ਤਰੀਕੇ ਨਾਲ ਇਸ ਤਰ੍ਹਾਂ ਸਮਝਿਆ ਜਾ ਸਕਦਾ ਹੈ ਕਿ ਸਰੀਰਕ ਪਖੋਂ ਇਕੋ ਜਿਹੇ ਦਿਖਣ ਵਾਲੇ ਗੁਰਮੁਖ ਤੇ ਮਨਮੁਖ ਵਿਚ ਬਹੁਤ ਵਡਾ ਅੰਤਰ ਹੁੰਦਾ ਹੈ। ਗੁਰਮੁਖ ਤਾਂ ਆਪਣੇ ਮੂਲ ਨੂੰ ਪਛਾਣ ਕੇ ਪਰਮੇਸ਼ਰ ਵਿਚ ਅਭੇਦ ਹੋ ਜਾਂਦਾ ਹੈ ਭਾਵ ਦਿਖਾਈ ਦਿੰਦੇ ਹੋਏ ਵੀ ਬ੍ਰਹਮ ਰੂਪ ਹੁੰਦਾ ਹੈ, ਜਦੋਂ ਕਿ ਮਨਮੁਖ ਮਾਇਆ ਵਿਚ ਅਟਕਣ ਕਰਕੇ ਮਾਇਆ ਜਾਲ੍ਹ ਵਿਚ ਫਸਿਆ ਹੁੰਦਾ ਹੈ।

ਜੀਵਨ-ਮੁਕਤ ਦੀ ਵਿਚਾਰ ਦੁਆਰਾ ਇਸ ਪੱਖ ਬਾਰੇ ਹੋਰ ਚੰਗੀ ਤਰ੍ਹਾਂ ਸਮਝਿਆ ਜਾ ਸਕਦਾ ਹੈ। ਇਹ ਸਮੁੰਦਰ ਤੋਂ ਲਹਿਰਾਂ ਬਣਨ ਤੇ ਮੁੜ ਲਹਿਰਾਂ ਦੇ ਸਮੁੰਦਰ ਵਿਚ ਸਮਾ ਜਾਣ ਵਰਗੀ ਖੇਡ ਹੈ, ਇਹ ਮਿੱਟੀ ਤੋਂ ਭਾਂਡੇ ਘੜਨ ਤੇ ਭਾਂਡਿਆਂ ਦੇ ਮੁੜ ਮਿਟੀ ਹੋ ਜਾਣ ਵਰਗੀ ਪ੍ਰਕ੍ਰਿਆ ਹੈ, ਇਹ ਸੋਨੇ ਤੋਂ ਗਹਿਣੇ ਬਣਨ ਤੇ ਗਹਿਣਿਆਂ ਦੇ ਮੁੜ ਸੋਨਾ ਹੋਣ ਜਿਹੀ ਘਾੜਤ-ਭੰਨ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਵੀ ਇਸ ਵਿਚਾਰ ਨੂੰ ਸਮਝਣ ਲਈ ਅਨੇਕਾਂ ਪ੍ਰਮਾਣ ਮਿਲ ਜਾਂਦੇ ਹਨ, ਜਿਨ੍ਹਾਂ ਦੇ ਸੰਖੇਪ ਹਵਾਲੇ ਨਾਲ ਅਸੀਂ ਉਪਰ ਗੱਲ ਕਰ ਆਏ ਹਾਂ। ਸੋ ਇਹ ਖੇਡ ਏਕ ਤੋਂ ਅਨੇਕ ਅਤੇ ਅਨੇਕ ਤੋਂ ਮੁੜ ਏਕ ਹੋਣ ਦੀ ਹੈ। ਇਹ ਏਕੰਕਾਰ ਤੋਂ ਏਕੰਕਾਰ ਦਾ ਅਦਭੁਤ ਵਰਤਾਰਾ ਹੈ। ਗੁਰੂ ਸਾਹਿਬ ਨੇ ਮਨੁਖ ਨੂੰ ਇਸ ਖੇਡ ਦੀ ਸੋਝੀ ਬਖ਼ਸ਼ਦਿਆਂ ਆਪਣੇ ਮੂਲ ਦੀ ਪਹਿਚਾਣ ਹਿਤ ਸਚੇ ਮਾਰਗ ਉਪਰ ਚਲਣ ਲਈ ਆਖਿਆ ਹੈ, ਉਸ ਨੂੰ ਭਰਮ ਵਿਚੋਂ ਕਢ ਕੇ ਏਕੰਕਾਰ ਨਾਲ ਇਕ-ਮਿਕ ਹੋਣ ਦਾ ਸੌਖਾ ਤਰੀਕਾ ਦਸਿਆ ਹੈ, ਭਾਵ ਨਾਮ-ਸਿਮਰਨ ਰਾਹੀਂ ਹਉਮੈ ਤੋਂ ਛੁਟਕਾਰਾ ਪਾ ਕੇ ਪਰਮੇ ਸ਼ਰ ਵਿਚ ਲੀਨ ਹੋਣ ਦੀ ਜੁਗਤੀ ਦਸੀ ਹੈ।

—●-●—

-ਡਾ. ਕੁਲਵਿੰਦਰ ਸਿੰਘ
ਅਸਿਸਟੈਂਟ ਪ੍ਰੋਫੈਸਰ,
ਡਾ. ਬਲਬੀਰ ਸਿੰਘ ਸਾਹਿਤ ਕੇਂਦਰ, ਦੇਹਰਾਦੂਨ

# ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਚਿੱਠਾ ਆਮਦਨ-ਖਰਚ ਮਹੀਨਾ ਅਪ੍ਰੈਲ 2021 (ਆਮਦਨ ਭਾਗ)

| ਅਕਾਊਂਟਸ ਆਮਦਨ | ਗੁਰਦੁਆਰਾ ਬਦਰਪੁਰ ਸਾਹਿਬ | ਗੁਰਦੁਆਰਾ ਬਾਲਾ ਸਾਹਿਬ | ਗੁਰਦੁਆਰਾ ਬਾਬਾ ਬੰਦਾ ਸਿੰਘ ਬਹਾਦਰ | ਗੁਰਦੁਆਰਾ ਬੰਗਲਾ ਸਾਹਿਬ | ਗੁਰਦੁਆਰਾ ਭਾਈ ਲਾਲੋ ਜੀ | ਗੁਰਦੁਆਰਾ ਦਮਦਮਾ ਸਾਹਿਬ | ਗੁਰਦੁਆਰਾ ਦਰਿਆ ਗੰਜ | ਗੁਰਦੁਆਰਾ ਛੱਕਾਪੀਰ ਪੁਰ | ਗੁਰਦੁਆਰਾ ਕਰੋਲ ਬਾਗ | ਗੁਰਦੁਆਰਾ ਮਜਨੂੰ ਟਿੱਲਾ ਸਾਹਿਬ | ਗੁਰਦੁਆਰਾ ਮਾਤਾ ਸੁੰਦਰੀ ਜੀ | ਗੁਰਦੁਆਰਾ ਮੋਤੀ ਬਾਗ ਸਾਹਿਬ | ਗੁਰਦੁਆਰਾ ਨਾਨਕ ਪਿਆਊ | ਗੁਰਦੁਆਰਾ ਪਿਪਲ ਮਹਾਂਦੇਵ | ਗੁਰਦੁਆਰਾ ਰਕਾਬ ਗੰਜ ਸਾਹਿਬ | ਗੁਰਦੁਆਰਾ ਰਣਜੀਤ ਨਗਰ | ਗੁਰਦੁਆਰਾ ਆਰ.ਕੇ. ਪੁਰਮ | ਗੁਰਦੁਆਰਾ ਸੀਸ ਗੰਜ ਸਾਹਿਬ | ਦਿੱਲੀ ਕਮੇਟੀ ਦੀ ਹੋਰ ਆਮਦਨ | ਹਸਪਤਾਲ ਅਤੇ ਡਿਸਪੈਂਸਰੀ | ਜਾਇਦਾਦ ਅਕਾਊਂਟਸ | ਸਕੂਲ/ਕਾਲਜ ਅਤੇ ਇੰਸਟੀਚਿਊਟ |
|---|---|---|---|---|---|---|---|---|---|---|---|---|---|---|---|---|---|---|---|---|---|---|
| ਚੜ੍ਹਤ / ਗੋਲਕ | --- | 693003 | 500 | 13118507 | 1,000 | 290,700 | --- | --- | 1400 | 912,221 | --- | 1982598 | 3953779 | --- | 3227994 | --- | 1020 | 10326959 | --- | --- | --- | --- |
| ਲੰਗਰ | --- | 118,974 | 6934 | 8,371,499 | 17,481 | 39,800 | --- | --- | 3065 | 877,530 | 11654 | 295061 | 420813 | --- | 1307376 | --- | 1500 | 2525166 | --- | --- | --- | --- |
| ਪ੍ਰਸ਼ਾਦਿ | --- | 377,158 | 302 | 4,897,501 | 30,501 | 464,054 | 29,700 | --- | 24000 | 1133540 | 51064 | 391333 | 1150979 | --- | 509415 | --- | --- | 1815011 | --- | --- | --- | --- |
| ਸ੍ਰੀ ਆਖੰਡ ਪਾਠ | --- | 61,000 | 30500 | 1,256,600 | 6,100 | 24,400 | --- | --- | 12200 | 30,500 | --- | 134200 | 225700 | --- | 158600 | --- | 6100 | 451400 | --- | --- | --- | --- |
| ਕਿਊ.ਐਮ.ਸੀ. | 875 | 24,143 | 645 | --- | 690 | 3,057 | 550 | 780 | 1455 | 9,640 | 13390 | 7648 | 17604 | 300 | 50169 | 750 | --- | 19338 | --- | --- | --- | --- |
| ਸਰਾਂ | --- | --- | --- | 435,000 | --- | 8,800 | --- | --- | --- | 19,500 | --- | 179150 | --- | --- | 35100 | --- | --- | 137300 | --- | --- | --- | --- |
| ਬਿਲਡਿੰਗ | --- | --- | --- | 188,900 | 2,050 | --- | --- | --- | --- | --- | --- | 2100 | --- | --- | --- | --- | --- | 11000 | --- | --- | --- | --- |
| ਫੁਟਕਲ | --- | --- | --- | 33,851 | --- | --- | --- | --- | --- | 500 | --- | --- | --- | --- | 10 | --- | --- | 88695 | --- | --- | 315938 | --- |
| ਅਨੰਦ ਕਾਰਜ ਭੇਟਾ | --- | --- | --- | --- | --- | 22,000 | --- | --- | --- | --- | --- | --- | --- | --- | 306000 | --- | --- | --- | --- | --- | --- | --- |
| ਗੁਰਪੁਰਬ | --- | --- | --- | --- | --- | --- | --- | --- | --- | --- | --- | --- | --- | --- | --- | --- | --- | --- | 131311 | --- | --- | --- |
| ਸੈਂਟਰਲਾਈਜ਼ ਡੋਨੇਸ਼ਨ ਕਰੋਨਾ | --- | --- | --- | 26466609 | --- | --- | --- | --- | --- | --- | --- | --- | --- | --- | --- | --- | --- | --- | --- | --- | --- | --- |
| ਸੂਦ / ਜੁਰਮਾਨਾ | --- | --- | --- | --- | --- | --- | --- | --- | --- | --- | --- | --- | --- | --- | --- | --- | --- | --- | 5288 | --- | --- | --- |
| ਮੈਡੀਕਲ ਫੀਸ | --- | --- | --- | --- | --- | --- | --- | --- | --- | --- | --- | --- | --- | --- | --- | --- | --- | --- | --- | 4256395 | --- | --- |
| ਅਜੁਕੇਸ਼ਨ ਫੰਡ | --- | --- | --- | --- | --- | --- | --- | --- | --- | --- | --- | --- | --- | --- | --- | --- | --- | --- | 310000 | --- | --- | --- |
| ਮੋਟਰ ਇੰਸੋਰੈਂਸ ਕਲੇਮ | --- | --- | --- | --- | --- | --- | --- | --- | --- | --- | --- | --- | --- | --- | --- | --- | --- | --- | --- | --- | --- | --- |
| ਗੁ: ਬਾਬਾ ਬੁੱਢਾ ਜੀ T.D.I. City | --- | --- | --- | --- | --- | --- | --- | --- | --- | --- | --- | --- | --- | --- | --- | --- | --- | --- | 14847 | --- | --- | --- |
| ਗੁ. ਮਿਲਾਪ ਨਗਰ, ਉੱਤਮ ਨਗਰ | --- | --- | --- | --- | --- | --- | --- | --- | --- | --- | --- | --- | --- | --- | --- | --- | --- | --- | 260 | --- | --- | --- |
| ਐਫ.ਸੀ.ਆਰ.ਏ. ਡੋਨੇਸ਼ਨ | --- | --- | --- | --- | --- | --- | --- | --- | --- | --- | --- | --- | --- | --- | --- | --- | --- | --- | 8637794 | --- | --- | --- |
| ਸੀ.ਐਸ.ਆਰ. ਡੋਨੇਸ਼ਨ | --- | --- | --- | --- | --- | --- | --- | --- | --- | --- | --- | --- | --- | --- | --- | --- | --- | --- | 2575000 | --- | --- | --- |
| ਸਿੱਖਿਆ ਫੀਸ | --- | --- | --- | --- | --- | --- | --- | --- | --- | --- | --- | --- | --- | --- | --- | --- | --- | --- | --- | --- | --- | 359470 |
| ਪ੍ਰਿੰਟਿੰਗ ਪ੍ਰੈਸ | --- | --- | --- | --- | --- | --- | ------ | --- | --- | --- | --- | --- | --- | --- | --- | --- | --- | --- | --- | --- | --- | --- |
| ਪ੍ਰਚਾਰ | --- | --- | --- | --- | --- | --- | --- | --- | --- | --- | --- | --- | --- | --- | --- | --- | --- | --- | 236050 | --- | --- | --- |
| ਪਿੰਨੀ ਪ੍ਰਸ਼ਾਦਿ | --- | --- | --- | --- | --- | --- | --- | --- | --- | --- | --- | --- | --- | --- | --- | --- | --- | --- | 160000 | --- | --- | --- |
| ਰਾਗੀ ਭੇਟਾ | --- | --- | --- | --- | --- | --- | --- | --- | --- | --- | --- | --- | --- | --- | --- | --- | --- | --- | 18800 | --- | --- | --- |
| ਜੋੜ | 875 | 1274278 | 38881 | 54768467 | 57822 | 852811 | 30250 | 780 | 42120 | 2983431 | 76108 | 2992090 | 5768875 | 300 | 5594664 | 750 | 8620 | 15374869 | 12089350 | 4256395 | 315938 | 359470 |

Note : The information in this documents in unaudited, therefore these are subject to change without notice and should not be construed as a commitment by DSGMC.

# ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਚਿੱਠਾ ਆਮਦਨ-ਖਰਚ ਮਹੀਨਾ ਮਈ 2021 (ਆਮਦਨ ਭਾਗ)

| ਅਕਾਊਂਟਸ ਆਮਦਨ | ਗੁਰਦੁਆਰਾ ਬਦਰਪੁਰ ਸਾਹਿਬ | ਗੁਰਦੁਆਰਾ ਬਾਲਾ ਸਾਹਿਬ | ਗੁਰਦੁਆਰਾ ਬਾਬਾ ਬੰਦਾ ਸਿੰਘ ਬਹਾਦਰ | ਗੁਰਦੁਆਰਾ ਬੰਗਲਾ ਸਾਹਿਬ | ਗੁਰਦੁਆਰਾ ਭਾਈ ਲਾਲੋ ਜੀ | ਗੁਰਦੁਆਰਾ ਦਮਦਮਾ ਸਾਹਿਬ | ਗੁਰਦੁਆਰਾ ਦਰਿਆ ਗੰਜ | ਗੁਰਦੁਆਰਾ ਢੱਕਾਪੀਰ ਪੁਰ | ਗੁਰਦੁਆਰਾ ਕਰੋਲ ਬਾਗ | ਗੁਰਦੁਆਰਾ ਮਜਨੂੰ ਟਿੱਲਾ ਸਾਹਿਬ | ਗੁਰਦੁਆਰਾ ਮਾਤਾ ਸੁੰਦਰੀ ਜੀ | ਗੁਰਦੁਆਰਾ ਮੋਤੀ ਬਾਗ ਸਾਹਿਬ | ਗੁਰਦੁਆਰਾ ਨਾਨਕ ਪਿਆਊ | ਗੁਰਦੁਆਰਾ ਪਿਪਲ ਮਹਾਂਦੇਵ | ਗੁਰਦੁਆਰਾ ਰਕਾਬ ਗੰਜ ਸਾਹਿਬ | ਗੁਰਦੁਆਰਾ ਰਣਜੀਤ ਨਗਰ | ਗੁਰਦੁਆਰਾ ਆਰ.ਕੇ. ਪੁਰਮ | ਗੁਰਦੁਆਰਾ ਸੀਸ ਗੰਜ ਸਾਹਿਬ | ਦਿੱਲੀ ਕਮੇਟੀ ਦੀ ਹੋਰ ਆਮਦਨ | ਹਸਪਤਾਲ ਅਤੇ ਡਿਸਪੈਂਸਰੀ | ਜਾਇਦਾਦ ਅਕਾਊਂਟਸ | ਸਕੂਲ/ਕਾਲਜ ਅਤੇ ਇੰਸਟੀਚਿਊਟ |
|---|---|---|---|---|---|---|---|---|---|---|---|---|---|---|---|---|---|---|---|---|---|---|
| ਚੜ੍ਹਤ / ਗੋਲਕ | 22200 | 503196 | 40500 | 8921126 | 74000 | --- | 65100 | --- | 216000 | 1089278 | 3300 | 738511 | 990643 | --- | 1021500 | --- | 6740 | 5866636 | --- | --- | --- | --- |
| ਲੰਗਰ | --- | 108052 | --- | 10599922 | 14332 | 196561 | 11000 | 743 | 10693 | 1139489 | 13150 | 486479 | 1028099 | --- | 6392440 | --- | 5100 | 1827424 | --- | --- | --- | --- |
| ਪ੍ਰਸ਼ਾਦਿ | --- | 96770 | --- | 2049803 | 9050 | 6864 | 1100 | --- | 5200 | 227080 | 7954 | 221372 | 548882 | --- | 307079 | --- | 1000 | 1751792 | --- | --- | --- | --- |
| ਸ੍ਰੀ ਆਖੰਡ ਪਾਠ | --- | 146400 | 6100 | 1525000 | 24400 | 18300 | 18300 | --- | 6100 | 24400 | 36600 | 201300 | 634400 | --- | 115900 | --- | --- | 774700 | --- | --- | --- | --- |
| ਕਿਊ.ਐਮ.ਸੀ. | 875 | 28870 | 645 | 143350 | 690 | 3057 | 550 | 780 | 1455 | 9640 | 15355 | 7148 | 16832 | 300 | 33046 | 750 | --- | 20408 | --- | --- | --- | --- |
| ਸਰਾਂ | --- | 61200 | --- | --- | --- | --- | --- | --- | --- | --- | --- | 85600 | --- | --- | 51250 | --- | --- | 75825 | --- | --- | --- | --- |
| ਬਿਲਡਿੰਗ | --- | 10000 | --- | --- | 7530 | --- | --- | --- | --- | --- | 32750 | 1100 | --- | --- | 50500 | 7550 | 3000 | --- | --- | --- | --- | --- |
| ਫੁਟਕਲ | --- | --- | --- | --- | --- | --- | --- | --- | --- | --- | --- | --- | --- | --- | --- | --- | --- | --- | --- | --- | 215002 | --- |
| ਅਨੰਦ ਕਾਰਜ ਭੇਟਾ | --- | --- | --- | --- | --- | --- | --- | --- | --- | --- | --- | --- | --- | --- | --- | --- | --- | --- | --- | --- | --- | --- |
| ਗੁਰਪੁਰਬ | --- | --- | --- | --- | --- | --- | --- | --- | --- | --- | --- | --- | --- | --- | --- | --- | --- | --- | --- | --- | --- | --- |
| ਸੈਂਟਰਲਾਈਜ਼ ਡੋਨੇਸ਼ਨ | --- | --- | --- | 186170968 | --- | --- | --- | --- | --- | --- | --- | --- | --- | --- | --- | --- | --- | --- | --- | --- | --- | --- |
| ਸੂਦ / ਜੁਰਮਾਨਾ | --- | --- | --- | --- | --- | --- | --- | --- | --- | --- | --- | --- | --- | --- | --- | --- | --- | --- | 190766 | --- | --- | --- |
| ਮੈਡੀਕਲ ਫੀਸ | --- | --- | --- | --- | --- | --- | --- | --- | --- | --- | --- | --- | --- | --- | --- | --- | --- | --- | --- | 3644360 | --- | --- |
| ਅਜੂਕੇਸ਼ਨ ਫੰਡ | --- | --- | --- | --- | --- | --- | --- | --- | --- | --- | --- | --- | --- | --- | --- | --- | --- | --- | 30000 | --- | --- | --- |
| ਮੋਟਰ ਇੰਸੋਰੈਂਸ ਕਲੇਮ | --- | --- | --- | --- | --- | --- | --- | --- | --- | --- | --- | --- | --- | --- | --- | --- | --- | --- | --- | --- | --- | --- |
| ਗੁ: ਬਾਬਾ ਬੁੱਢਾ ਜੀ T.D.I. City | --- | --- | --- | --- | --- | --- | --- | --- | --- | --- | --- | --- | --- | --- | --- | --- | --- | --- | 421904 | --- | --- | --- |
| ਗੁ. ਮਿਲਾਪ ਨਗਰ, ਉੱਤਮ ਨਗਰ | --- | --- | --- | --- | --- | --- | --- | --- | --- | --- | --- | --- | --- | --- | --- | --- | --- | --- | 5710 | --- | --- | --- |
| ਗੁਰੂ ਨਾਨਕ ਸੁਖਸ਼ਾਲਾ ਬਿਰਧ ਘਰ | --- | --- | --- | --- | --- | --- | --- | --- | --- | --- | --- | --- | --- | --- | --- | --- | --- | --- | 13655 | --- | --- | --- |
| ਐਫ.ਸੀ.ਆਰ.ਏ. ਡੋਨੇਸ਼ਨ | --- | --- | --- | --- | --- | --- | --- | --- | --- | --- | --- | --- | --- | --- | --- | --- | --- | --- | 44165973 | --- | --- | --- |
| ਸੀ.ਐਸ.ਆਰ. ਡੋਨੇਸ਼ਨ | --- | --- | --- | --- | --- | --- | --- | --- | --- | --- | --- | --- | --- | --- | --- | --- | --- | --- | 5022309 | --- | --- | --- |
| ਸਿੱਖਿਆ ਫੀਸ | --- | --- | --- | --- | --- | --- | --- | --- | --- | --- | --- | --- | --- | --- | --- | --- | --- | --- | --- | --- | --- | --- |
| ਪ੍ਰਿੰਟਿੰਗ ਪ੍ਰੈਸ | --- | --- | --- | --- | --- | --- | --- | --- | --- | --- | --- | --- | --- | --- | --- | --- | --- | --- | --- | --- | --- | --- |
| ਪ੍ਰਚਾਰ | --- | --- | --- | --- | --- | --- | --- | --- | --- | --- | --- | --- | --- | --- | --- | --- | --- | --- | 7441788 | --- | --- | --- |
| ਪਿੰਨੀ ਪ੍ਰਸ਼ਾਦਿ | --- | --- | --- | --- | --- | --- | --- | --- | --- | --- | --- | --- | --- | --- | --- | --- | --- | --- | 50000 | --- | --- | --- |
| ਰਾਗੀ ਭੇਟਾ | --- | --- | --- | --- | --- | --- | --- | --- | --- | --- | --- | --- | --- | --- | --- | --- | --- | --- | 36800 | --- | --- | --- |
| ਜੋੜ | 23075 | 954488 | 47245 | 209410169 | 130002 | 224782 | 96050 | 1523 | 239448 | 2489887 | 109109 | 1741510 | 3218856 | 300 | 7971715 | 8300 | 15840 | 10316785 | 57378905 | 3644360 | 215002 | --- |

Note : The information in this documents in unaudited, therefore these are subject to change without notice and should not be construed as a commitment by DSGMC.

# ਸਤੰਬਰ ਮਹੀਨੇ ਦੀਆਂ ਸਿੱਖ ਇਤਿਹਾਸਕ ਘਟਨਾਵਾਂ



**1 ਸਤੰਬਰ**

**1700 ਈ.** ਭਾਈ ਬਚਿੱਤਰ ਸਿੰਘ ਨੇ ਕਿਲ੍ਹਾ ਲੋਹਗੜ (ਅਨੰਦਪੁਰ ਸਾਹਿਬ) ਬਚਾਉਣ ਲਈ ਖੂਨੀ ਹਾਥੀ ਨਾਲ ਮੁਕਾਬਲਾ ਕੀਤਾ।

**1923 ਈ.** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਗੁਰਦੁਆਰਾ ਗੰਗਸਰ ਵਿਖੇ ਖੰਡਤ ਹੋਏ ਅਖੰਡ ਪਾਠ ਲਈ 25 ਸਿੰਘਾਂ ਦਾ ਜੱਥਾ ਭੇਜਿਆ।

**1924 ਈ.** 500 ਅਕਾਲੀ ਸਿੰਘਾਂ ਦੇ ਗਿਆਰਵੇਂ ਜੱਥੇ ਨੇ ਜੈਤੋ ਪਹੁੰਚ ਕੇ ਗ੍ਰਿਫ਼ਤਾਰੀ ਦਿੱਤੀ।

**2 ਸਤੰਬਰ**

**1494 ਈ.** ਬਾਬਾ ਸਿਰੀ ਚੰਦ ਦਾ ਜਨਮ ਹੋਇਆ।

**1702 ਈ.** ਬਾਬਾ ਵਡਭਾਗ ਸਿੰਘ ਦਾ ਜਨਮ ਹੋਇਆ।

**1926 ਈ.** ਰਾਗੀ ਭਾਈ ਹੀਰਾ ਸਿੰਘ ਚਲਾਣਾ ਕਰ ਗਏ

**1984 ਈ.** ਸਰਬੱਤ ਖਾਲਸਾ ਸੰਮੇਲਨ ਹੋਇਆ।

**3 ਸਤੰਬਰ**

**1708 ਈ.** ਮਾਧੋ ਦਾਸ ਬੈਰਾਗੀ ਨੇ ਅੰਮ੍ਰਿਤ ਛੱਕਿਆ

**1922 ਈ.** ਅਕਾਲ ਤਖ਼ਤ ਸਾਹਿਬ ਤੋਂ ਅੰਮ੍ਰਿਤਸਰ ਦੇ ਸਿੰਘਾਂ ਦਾ ਜੱਥਾ ਜਥੇਦਾਰ ਚੰਨਣ ਸਿੰਘ ਦੀ ਜਥੇਦਾਰੀ ਹੇਠ ਗੁਰੂ ਕਾ ਬਾਗ ਲਈ ਰਵਾਨਾ ਹੋਇਆ।

**1922 ਈ.** ਪਿੰਡ ਤੇੜਾ ਖੁਰਦ ਦੇ ਸ੍ਰ. ਤਾਰਾ ਸਿੰਘ ਅਤੇ ਸ੍ਰ. ਆਸਾ ਸਿੰਘ ਪੁਲਿਸ ਦੀ ਮਾਰ ਕੁਟਾਈ ਨਾਲ ਸ਼ਹੀਦ ਹੋਏ।

**1923 ਈ.** ਪੰਡਤ ਮਦਨ ਮੋਹਨ ਮਾਲਵੀਆ, ਸਰ ਜੋਗਿੰਦਰ ਸਿੰਘ ਅਤੇ ਹੋਰ ਸਰਕਰਦਾ ਅਕਾਲੀ ਆਗੂਆਂ ਨਾਲ ਪੁਲਿਸ ਦੀ ਬਦਸਲੂਕੀ।

**4 ਸਤੰਬਰ**


**1926 ਈ.** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰਾਂ ਦੀ ਪਹਿਲੀ ਮੀਟਿੰਗ ਟਾਊਨ ਹਾਲ, ਅੰਮ੍ਰਿਤਸਰ ਵਿਚ ਹੋਈ।

**5 ਸਤੰਬਰ**

**1922 ਈ.** ਜਥੇਦਾਰ ਪ੍ਰਿਥੀਪਾਲ ਸਿੰਘ 101 ਸਿੰਘਾਂ ਦਾ ਜੱਥਾ ਲੈ ਕੇ ਗੁਰੂ ਕਾ ਬਾਗ ਲਈ ਰਵਾਨਾ ਹੋਇਆ।

**6 ਸਤੰਬਰ**

**1901 ਈ.** ਗਿਆਨੀ ਦਿੱਤ ਸਿੰਘ ਚਲਾਣਾ ਕਰ ਗਏ।



**1922 ਈ.** ਗੁਰਦੁਆਰਾ ਤੇਜਾ ਕਲਾਂ (ਗੁਰਦਾਸਪੁਰ) ਸੰਗਤੀ ਪ੍ਰਬੰਧ ਹੇਠ ਆਇਆ।

**1922 ਈ.** ਜਥੇਦਾਰ ਪ੍ਰਤਾਪ ਸਿੰਘ ਖੁਰਦਪੁਰ ਜਲੰਧਰ ਦੇ 101 ਸਿੰਘਾਂ ਦਾ ਜੱਥਾ ਲੈ ਕੇ ਗੁਰੂ ਕਾ ਬਾਗ ਰਵਾਨਾ ਹੋਏ।

**7 ਸਤੰਬਰ**

**1981 ਈ.** ਲੱਖਾਂ ਸਿੰਘਾਂ ਨੇ ਸ਼੍ਰੋਮਣੀ ਅਕਾਲੀ ਦਲ ਦੇ ਸੱਦੇ ਉਤੇ ਦਿੱਲੀ ਵਿਚ ਮੁਜਾਹਰਾ ਕੀਤਾ ਅਤੇ ਮੰਗਾਂ ਦਾ ਚਾਰਟਰ ਪ੍ਰਧਾਨ ਮੰਤਰੀ ਸ੍ਰੀਮਤੀ ਇੰਦਰਾ ਗਾਂਧੀ ਨੂੰ ਸੌਂਪਿਆ।

**8 ਸਤੰਬਰ**

**1922 ਈ.** ਗੜਗੱਜ ਅਕਾਲੀ ਜੱਥਾ ਜਥੇਦਾਰ ਸੁੰਦਰ ਸਿੰਘ ਚੋਹਲਾ ਸਾਹਿਬ ਦੀ ਅਗਵਾਈ ਹੇਠ ਗੁਰੂ ਕਾ ਬਾਗ ਲਈ ਰਵਾਨਾ ਹੋਇਆ।

**1922 ਈ.** ਸਰਕਾਰ ਨੇ ਗੁਰੂ ਕਾ ਬਾਗ ਜਾਣ ਵਾਲੇ ਜੱਥਿਆਂ ਦੀ ਮਾਰ ਕੁਟਾਈ ਬੰਦ ਕਰਨ ਦਾ ਐਲਾਨ ਕੀਤਾ।

**9 ਸਤੰਬਰ**

**1922 ਈ.** ਅਕਾਲੀ ਜੱਥਾ ਦੇ 101 ਸਿੰਘਾਂ ਦਾ ਜੱਥਾ ਗੁਰੂ ਕਾ ਬਾਗ ਲਈ ਰਵਾਨਾ ਹੋਇਆ।

**10 ਸਤੰਬਰ**

**1487 ਈ.** ਗੁਰੂ ਨਾਨਕ ਸਾਹਿਬ ਦਾ ਮਾਤਾ ਸੁਲੱਖਣੀ ਨਾਲ ਵਿਆਹ ਹੋਇਆ।

**1637 ਈ.** ਭਾਈ ਗੁਰਦਾਸ ਜੀ ਚਲਾਣਾ ਕਰ ਗਏ।

**1930 ਈ.** ਸ੍ਰ. ਕਰਮ ਸਿੰਘ ਹਿਸਟੋਰੀਅਨ ਚਲਾਣਾ ਕਰ ਗਏ।

**12 ਸਤੰਬਰ**

**1897 ਈ.** ਸਾਰਾਗੜ੍ਹੀ ਦਾ ਸਾਕਾ ਹੋਇਆ।



**1922 ਈ.** ਇਸਾਈ ਪਾਦਰੀ ਐਂਡਰਿਊਸ ਗੁਰੂ ਕਾ ਬਾਗ ਵਿਖੇ ਹੁੰਦੀ ਮਾਰ ਕੁਟਾਈ ਦੇਖਣ ਅੰਮ੍ਰਿਤਸਰ ਆਇਆ।

**1982 ਈ.** ਧਰਮ ਯੁੱਧ ਮੋਰਚੇ ਦੇ 34 ਸਿੰਘ ਤਰਨਤਾਰਨ ਨੇੜੇ ਗੱਡੀ ਹੇਠ ਕੁਚਲੇ ਗਏ।

**13 ਸਤੰਬਰ**

**1922 ਈ.** ਗੁਰੂ ਕਾ ਬਾਗ ਵਿਖੇ ਅਕਾਲੀ ਸਿੰਘਾਂ ਦੀ ਮਾਰ ਕੁਟਾਈ ਬੰਦ ਹੋਈ।

**1944 ਈ.** ਸਿੱਖ ਸਟੂਡੈਂਟਸ ਫੈਡਰੇਸ਼ਨ ਦੀ ਸਥਾਪਨਾ ਪਿਛੋਂ ਪਹਿਲੀ ਚੋਣ ਹੋਈ।

**14 ਸਤੰਬਰ**

**1777 ਈ.** ਨਵਾਬ ਜ਼ਬੀਤਾ ਖਾਨ ਅੰਮ੍ਰਿਤ ਛੱਕ ਕੇ ਸ੍ਰ. ਧਰਮ ਸਿੰਘ ਬਣਿਆ।

**1848 ਈ.** ਰਾਜਾ ਸ਼ੇਰ ਸਿੰਘ ਅਟਾਰੀ ਨੇ ਅੰਗਰੇਜ਼ੀ ਹਕੂਮਤ ਵਿਰੁੱਧ ਐਲਾਨ-ਏ-ਜੰਗ ਕੀਤਾ।

**15 ਸਤੰਬਰ**

**1843 ਈ.** ਮਹਾਰਾਜਾ ਸ਼ੇਰ ਸਿੰਘ, ਕੰਵਰ ਪ੍ਰਤਾਪ ਸਿੰਘ ਅਤੇ ਰਾਜਾ ਧਿਆਨ ਸਿੰਘ ਡੋਗਰਾ ਕਤਲ ਕੀਤੇ ਗਏ।

**1931 ਈ.** ਅਕਾਲ ਤਖ਼ਤ ਸਾਹਿਬ ਤੋਂ ਭਾਈ ਰਣਧੀਰ ਸਿੰਘ ਸਨਮਾਨਤ ਕੀਤੇ ਗਏ।

**16 ਸਤੰਬਰ**

**1574 ਈ.** ਗੁਰੂ ਅਮਰਦਾਸ ਜੀ ਜੋਤੀ ਜੋਤ ਸਮਾਏ।

**1574 ਈ.** ਗੁਰੂ ਰਾਮਦਾਸ ਜੀ ਗੁਰਗੱਦੀ ਉਤੇ ਬਿਰਾਜਮਾਨ ਹੋਏ।

**1581 ਈ.** ਗੁਰੂ ਰਾਮਦਾਸ ਜੀ ਜੋਤੀ ਜੋਤ ਸਮਾਏ।

**1581 ਈ.** ਗੁਰੂ ਅਰਜਨ ਦੇਵ ਜੀ ਗੁਰਗੱਦੀ ਉਤੇ ਬਿਰਾਜਮਾਨ ਹੋਏ।

**17 ਸਤੰਬਰ**

**1926 ਈ.** ਗੁਰਦੁਆਰਾ ਪ੍ਰਬੰਧ ਸੁਧਾਰ ਲਹਿਰ ਦੇ ਲਗਭਗ ਸਾਰੇ ਕੈਦੀ ਰਿਹਾ ਕੀਤੇ ਗਏ।

**18 ਸਤੰਬਰ**

**1539 ਈ.** ਗੁਰੂ ਅੰਗਦ ਦੇਵ ਜੀ ਗੁਰਗੱਦੀ ਉਤੇ ਬਿਰਾਜਮਾਨ ਹੋਏ।

**1686 ਈ.** ਭੰਗਾਣੀ ਵਿਖੇ ਸਿੱਖਾਂ ਅਤੇ ਪਹਾੜੀ ਰਾਜਿਆਂ ਦੀਆਂ ਫ਼ੌਜਾਂ ਵਿਚ ਯੁੱਧ ਹੋਇਆ।



**1843 ਈ.** ਮਹਾਰਾਜਾ ਦਲੀਪ ਸਿੰਘ ਨੂੰ ਰਾਜ ਤਿਲਕ ਦਿੱਤਾ ਗਿਆ।

**1924 ਈ.** ਅਕਾਲ ਤਖ਼ਤ ਸਾਹਿਬ ਤੋਂ ਤੇਰਵੇਂ ਸ਼ਹੀਦੀ ਜੱਥੇ ਦੀ ਭਾਈ ਲੱਖਾ ਸਿੰਘ ਦੀ ਅਗਵਾਈ ਵਿਚ ਜੈਤੋ ਲਈ ਰਵਾਨਗੀ ਹੋਈ।

**19 ਸਤੰਬਰ**

**1922 ਈ.** ਗੁਰੂ ਕਾ ਬਾਗ ਵਿਖੇ ਪੁਲਿਸ ਵਧੀਕੀਆਂ ਦਾ ਸ਼ਿਕਾਰ

ਹੋਏ ਸਿੰਘਾਂ ਦੀ ਹਮਾਇਤ ਵਿਚ ਜਲਿਆਂ ਵਾਲਾ ਬਾਗ ਵਿਖੇ ਰੋਸ ਜਲੂਸ ਨਿਕਲਿਆ।

**20 ਸਤੰਬਰ**

**1956 ਈ.** ਤਖ਼ਤ ਸੱਚਖੰਡ ਸ੍ਰੀ ਹਜ਼ੂਰ ਸਾਹਿਬ, ਅਬਚਲ ਨਗਰ (ਨੰਦੇੜ) ਦੇ ਪ੍ਰਬੰਧਕੀ ਬੋਰਡ ਦੀ ਸਥਾਪਨਾ ਹੋਈ।

**1983 ਈ.** ਸਿੱਖ ਸਟੂਡੈਂਟਸ ਫੈਡਰੇਸ਼ਨ ਦਾ ਅੰਮ੍ਰਿਤਸਰ ਵਿਖੇ ਇਤਿਹਾਸਕ ਸਮਾਗਮ ਹੋਇਆ।

**21 ਸਤੰਬਰ**

**1845 ਈ.** ਰਾਣੀ ਜਿੰਦਾਂ ਦੇ ਭਰਾ ਭਾਈ ਜਵਾਹਰ ਸਿੰਘ ਦਾ ਕਤਲ ਹੋਇਆ।

**1960 ਈ.** ਪੰਜਾਬੀ ਸੂਬੇ ਦੇ ਹੱਕ ਵਿਚ ਨਾਅਰੇ ਮਾਰਦੇ ਬਾਲਕ ਇੰਦਰਜੀਤ ਸਿੰਘ ਦੀ ਕਰਨਾਲ ਵਿਖੇ ਸ਼ਹੀਦੀ ਹੋਈ।

**22 ਸਤੰਬਰ**

**1539 ਈ.** ਸ੍ਰੀ ਗੁਰੂ ਨਾਨਕ ਦੇਵ ਜੀ ਜੋਤੀ ਜੋਤ ਸਮਾਏ।



**1944 ਈ.** ਬੁੰਡਾਲਾ (ਜ਼ਿਲ੍ਹਾ ਜਲੰਧਰ) ਵਿਖੇ ਹੋਈ ਅਕਾਲੀ ਕਾਨਫਰੰਸ ਨੇ ਰਾਜਾ ਜੀ ਫਾਰਮੂਲਾ ਰੱਦ ਕੀਤਾ।

**23 ਸਤੰਬਰ**

**1965 ਈ.** ਪੰਜਾਬ ਦੀਆਂ ਸਮੱਸਿਆਵਾਂ ਉਤੇ ਵਿਚਾਰ ਕਰਨ ਲਈ ਕਾਂਗਰਸ ਨੇ ਤਿੰਨ ਮੈਂਬਰੀ ਕਮੇਟੀ ਕਾਇਮ ਕੀਤੀ। ਇਸ ਕਮੇਟੀ ਵਿਚ ਸ੍ਰੀ ਮਤੀ ਇੰਦਰਾ ਗਾਂਧੀ, ਮਹਾਵੀਰ ਤਿਆਗੀ ਅਤੇ ਵਾਈ. ਬੀ. ਚਵਾਨ ਸ਼ਾਮਿਲ ਕੀਤੇ ਗਏ। ਇਸ ਕਮੇਟੀ ਨੇ ਪੰਜਾਬੀ ਸੂਬਾ ਬਨਾਉਣ ਦੀ ਸਿਫ਼ਾਰਿਸ਼ ਕੀਤੀ।

**24 ਸਤੰਬਰ**

**1969 ਈ.** ਗੁਰਦੁਆਰਾ ਮੰਜੀ ਸਾਹਿਬ ਦੀਵਾਨ ਹਾਲ ਦੀ ਮੁੜ ਉਸਾਰੀ ਹੋਈ।

**25 ਸਤੰਬਰ**

**1935 ਈ.** ਭਾਰਤ ਸਰਕਾਰ ਨੇ ਕ੍ਰਿਪਾਨ 'ਤੇ ਲੱਗੀ ਪਾਬੰਦੀ ਵਾਪਸ ਲਈ।

**1969 ਈ.** ਸਰਬ ਪਾਰਟੀ ਕਾਨਫਰੰਸ ਨੇ ਚੰਡੀਗੜ੍ਹ ਪੰਜਾਬ ਨੂੰ ਦੇਣ ਦੀ ਮੰਗ ਕੀਤੀ।

**26 ਸਤੰਬਰ**

**1978 ਈ.** ਨਿਰੰਕਾਰੀ ਸਮਾਗਮ ਦਾ ਵਿਰੋਧ ਕਰਦਿਆਂ ਕਾਨਪੁਰ ਵਿਖੇ 10 ਸਿੰਘ ਸ਼ਹੀਦ ਹੋਏ।

**27 ਸਤੰਬਰ**

**1920 ਈ.** ਗੁਰਦੁਆਰਾ ਚੁਮਾਲਾ ਸਾਹਿਬ ਸੰਗਤੀ ਪ੍ਰਬੰਧ ਹੇਠ ਆਇਆ।

**28 ਸਤੰਬਰ**

**1940 ਈ.** ਸ਼੍ਰੋਮਣੀ ਅਕਾਲੀ ਦਲ ਨੇ ਕ੍ਰਿਪਾਨ ਅਤੇ ਗੁਰੂ ਗੋਬਿੰਦ ਸਿੰਘ ਜੀ ਸਬੰਧੀ ਮਹਾਤਮਾ ਗਾਂਧੀ ਦੇ ਕਥਨਾਂ ਦੀ ਨਿਖੇਧੀ ਕੀਤੀ।

**1968 ਈ.** ਅਕਾਲੀ ਕਾਨਫਰੰਸ ਵੱਲੋਂ ਸੂਬਿਆਂ ਲਈ ਵਧੇਰੇ ਅਧਿਕਾਰਾਂ ਦੀ ਮੰਗ ਕੀਤੀ ਗਈ।

**29 ਸਤੰਬਰ**

**1690 ਈ.** ਸਾਹਿਬਜ਼ਾਦਾ ਜੁਝਾਰ ਸਿੰਘ ਦਾ ਜਨਮ ਹੋਇਆ।

**1914 ਈ.** ਬਜਬਜ ਘਾਟ ਵਿਖੇ ਕਾਮਾਗਾਟਾ ਮਾਰੂ ਜਹਾਜ ਦੇ ਮੁਸਾਫ਼ਰਾਂ ਉਤੇ ਪੁਲਿਸ ਜ਼ਬਰ ਹੋਇਆ।

**1984 ਈ.** ਭਾਰਤ ਸਰਕਾਰ ਨੇ ਤੋਸ਼ੇਖਾਨੇ ਦੀਆਂ ਚਾਬੀਆਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਮੋੜੀਆਂ।




**30 ਸਤੰਬਰ**

**1984 ਈ.** ਨੀਲਾ ਤਾਰਾ ਆਪਰੇਸ਼ਨ ਦੇ ਵਿਰੋਧ ਵਿਚ ਅਮਰੀਕਾ ਵਿੱਚ ਸਿੱਖਾਂ ਵਿਖਾਵਾ ਕੀਤਾ।

—●-●—

# ਸਿੱਖ ਕੌਮ ਦੇ ਮਹਾਨ ਵਿਦਵਾਨ, ਜਿਨ੍ਹਾਂ ਨੇ ਸਹਿਤ ਦੀ ਦੁਨੀਆਂ ਵਿੱਚ ਬੜਾ ਵੱਡਮੁੱਲਾ ਯੋਗਦਾਨ ਪਾਇਆ



ਭਾਈ ਕਾਨ ਸਿੰਘ ਨਾਭਾ


ਭਾਈ ਵੀਰ ਸਿੰਘ



ਪ੍ਰੋਫੈਸਰ ਪੂਰਨ ਸਿੰਘ


ਪ੍ਰੋਫੈਸਰ ਗੁਰਮੁੱਖ ਸਿੰਘ


ਸ੍ਰ. ਕਰਮ ਸਿੰਘ ਹਿਸਟੋਰੀਅਨ


ਗਿਆਨੀ ਦਿੱਤ ਸਿੰਘ


ਪ੍ਰੋਫੈਸਰ ਸਾਹਿਬ ਸਿੰਘ


ਅਕਾਲੀ ਕੌਰ ਸਿੰਘ


ਡਾਕਟਰ ਗੰਡਾ ਸਿੰਘ

SIS GANJ
Published : September 1, 2021
Posting : 5-10 September 2021, LPC, Delhi RMS
Delhi-110006

SEPTEMBER 2021

DL (ND)-11/6040/2021-22-2023
U(C)-224/2021-23
RNI 10622/64



ਗੁਰਦੁਆਰਾ ਡੇਰਾ ਬਾਬਾ ਨਾਨਕ, ਗੁਰਦਾਸਪੁਰ (ਪੰਜਾਬ)